ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 7 | Issue 14 | 04 April 2018 to 10 April 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਦਲਿਤ ਸੰਗਠਨਾਂ ਦੇ ਭਾਰਤ ਬੰਦ ਦੌਰਾਨ 9 ਮੌਤਾਂ

## ਸੁਪਰੀਮ ਕੋਰਟ ਦੇ ਐਸੀ ਐਸਟੀ ਅੱਤਿਆਚਾਰ ਰੋਕੂ ਐਕਟ 'ਚ ਤਬਦੀਲੀ ਕਰਨ ਕਾਰਨ ਦਲਿਤਾਂ 'ਚ ਰੋਸ ਜਾਗਿਆ

- **ਸੁਪਰੀਮ ਕੋਰਟ ਨੇ ਤੁਰੰਤ ਕਾਰਵਾਈ ਸੁਣਨ ਤੋਂ ਕੀਤਾ ਇਨਕਾਰ**
- **ਅਕਾਲੀ ਦਲ (ਅ) ਨੇ ਦਲਿਤ ਅੰਦੋਲਨ ਦੌਰਾਨ ਖਾਲਿਸਤਾਨੀ ਝੰਡੇ ਚੁੱਕੇ**



**ਨਵੀਂ ਦਿੱਲੀ/ਬਿਊਰੋ ਨਿਊਜ਼:**
ਸੁਪਰੀਮ ਕੋਰਟ ਵਲੋਂ 20 ਮਾਰਚ ਨੂੰ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ (ਐੱਸ. ਸੀ./ਐੱਸ. ਟੀ.) ਅੱਤਿਆਚਾਰ ਰੋਕੂ ਐਕਟ 1989 (ਜਿਸ ਨੂੰ 11 ਸਤੰਬਰ 1989 ਨੂੰ ਭਾਰਤੀ ਸੰਸਦ ਨੇ ਪਾਸ ਕੀਤਾ ਸੀ) ਦੇ ਤਹਿਤ ਅਪਰਾਧ ਦੇ ਸਿਲਸਿਲੇ ਵਿਚ ਜਾਰੀ ਨਵੀਆਂ ਹਦਾਇਤਾਂ ਨੂੰ ਲੈ ਕੇ ਦਲਿਤ ਸੰਗਠਨਾਂ ਵਿਚ ਭਾਰੀ ਰੋਸ ਪੈਦਾ ਹੋ ਗਿਆ ਹੈ। ਇਸ 'ਤੇ ਫੈਸਲਾ ਸੁਣਾਉਂਦਿਆਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ "ਐੱਸ. ਸੀ./ਐੱਸ. ਟੀ. ਅੱਤਿਆਚਾਰ ਰੋਕੂ ਐਕਟ ਦੇ ਤਹਿਤ ਦਰਜ ਮਾਮਲਿਆਂ ਵਿਚ ਉੱਚ ਅਧਿਕਾਰੀ ਦੀ ਇਜਾਜ਼ਤ ਤੋਂ ਬਿਨਾਂ ਲੋਕ-ਸੇਵਕਾਂ ਦੀ ਫੌਰਨ ਗ੍ਰਿਫਤਾਰੀ ਨਹੀਂ ਹੋਵੇਗੀ। ਗ੍ਰਿਫਤਾਰੀ ਤੋਂ ਪਹਿਲਾਂ ਦੋਸ਼ਾਂ ਦੀ ਮੁੱਢਲੀ ਜਾਂਚ ਜ਼ਰੂਰੀ ਹੈ ਅਤੇ ਗ੍ਰਿਫਤਾਰੀ ਤੋਂ ਪਹਿਲਾਂ ਜ਼ਮਾਨਤ ਵੀ ਮਨਜ਼ੂਰ ਕੀਤੀ ਜਾ ਸਕਦੀ ਹੈ।" ਸੁਪਰੀਮ ਕੋਰਟ ਨੇ ਮੰਨਿਆ ਕਿ ਐੱਸ. ਸੀ./ਐੱਸ. ਟੀ. ਐਕਟ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਇਸ ਨੇ ਗ੍ਰਿਫਤਾਰੀ ਤੋਂ ਪਹਿਲਾਂ ਮਨਜ਼ੂਰ ਹੋਣ ਵਾਲੀ ਜ਼ਮਾਨਤ ਵਿਚ ਰੁਕਾਵਟ ਨੂੰ ਵੀ ਖਤਮ ਕਰ ਦਿੱਤਾ। ਅਜਿਹੀ ਸਥਿਤੀ ਵਿਚ ਹੁਣ ਬੁਰੀ ਭਾਵਨਾ ਤਹਿਤ ਦਰਜ ਕਰਵਾਏ ਗਏ ਮਾਮਲਿਆਂ ਵਿਚ ਅਗਾਊਂ ਜ਼ਮਾਨਤ ਵੀ ਮਨਜ਼ੂਰ ਹੋ ਸਕੇਗੀ।

ਸੁਪਰੀਮ ਕੋਰਟ ਵਲੋਂ ਉਕਤ ਐਕਟ ਵਿਚ ਫੌਰਨ ਗ੍ਰਿਫਤਾਰੀ ਦੀ ਵਿਵਸਥਾ ਹਟਾਉਣ ਦੇ ਫੈਸਲੇ ਦੇ ਵਿਰੋਧ ਵਿਚ ਦਲਿਤ ਸੰਗਠਨਾਂ ਨੇ 2 ਅਪ੍ਰੈਲ ਨੂੰ 'ਭਾਰਤ ਬੰਦ' ਦਾ ਸੱਦਾ ਦਿੱਤਾ। ਇਹ ਅੰਦੋਲਨ ਕੁਝ ਥਾਵਾਂ 'ਤੇ ਹਿੰਸਕ ਰੂਪ ਧਾਰਨ ਕਰ ਗਿਆ। ਇਸ ਨਾਲ ਮੱਧ ਪ੍ਰਦੇਸ਼, ਯੂ. ਪੀ., ਬਿਹਾਰ, ਓਡਿਸ਼ਾ, ਝਾਰਖੰਡ, ਰਾਜਸਥਾਨ, ਮਹਾਰਾਸ਼ਟਰ, ਪੰਜਾਬ, ਹਰਿਆਣਾ ਆਦਿ

**ਬਾਕੀ ਸਫ਼ਾ 30 'ਤੇ**

### ਰਾਜਸਥਾਨ ਵਿਚ ਭੀੜ ਨੇ ਦਲਿਤ ਵਿਧਾਇਕਾਂ ਦੇ ਘਰਾਂ ਨੂੰ ਅੱਗ ਲਾਈ

**ਜੈਪੁਰ/ਸਿੱਖ ਸਿਆਸਤ ਬਿਊਰੋ:** ਐਸ.ਸੀ./ਐਸ.ਟੀ ਐਕਟ ਵਿਚ ਤਰਮੀਮਾਂ ਦੇ ਫੈਂਸਲੇ ਦੇ ਵਿਰੋਧ ਵਿਚ ਬੀਤੇ ਕੱਲ੍ਹ ਹੋਏ ਭਾਰਤ ਬੰਦ ਤੋਂ ਇਕ ਦਿਨ ਬਾਅਦ ਅੱਜ ਰਾਜਸਥਾਨ ਵਿਚ ਕਈ ਥਾਵਾਂ 'ਤੇ ਅਖੌਤੀ ਉੱਚ ਜਾਤੀਆਂ ਵਲੋਂ ਬੰਦ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ ਤੇ ਇਸ ਦੌਰਾਨ ਕਰੌਲੀ ਜ਼ਿਲ੍ਹੇ ਦੇ ਹਿੰਦਾਊਂ ਇਲਾਕੇ ਵਿਚ ਮੌਜੂਦਾ ਵਿਧਾਇਕ ਅਤੇ ਇਕ ਸਾਬਕਾ ਵਿਧਾਇਕ ਦੇ ਘਰਾਂ ਨੂੰ ਅੱਗ ਲਾ ਦਿੱਤੀ ਗਈ। ਇਹ ਦੋਵੇਂ ਵਿਧਾਇਕ ਦਲਿਤ ਭਾਈਚਾਰੇ ਨਾਲ ਸਬੰਧਿਤ ਹਨ।

**ਬਾਕੀ ਸਫ਼ਾ 30 'ਤੇ**

## 'ਨਾਨਕ ਸ਼ਾਹ ਫਕੀਰ' ਖਿਲਾਫ ਸਿੱਖਾਂ ਵਲੋਂ ਰੋਸ ਮੁਜ਼ਾਹਰੇ

### *ਸਿਨੇਮਿਆਂ ਵਿਚੋਂ ਉਤਰਵਾਏ ਵਿਵਾਦਿਤ ਫਿਲਮ ਦੇ ਪੋਸਟਰ*

**ਜਲੰਧਰ/ਸਿੱਖ ਸਿਆਸਤ ਬਿਊਰੋ:** ਵਿਵਾਦਿਤ ਫਿਲਮ ਨਾਨਕ ਸ਼ਾਹ ਫਕੀਰ ਖਿਲਾਫ ਸਿੱਖਾਂ ਦਾ ਰੋਹ ਸੋਸ਼ਲ ਮੀਡੀਆ ਤੋਂ ਬਾਅਦ ਹੁਣ ਜਮੀਨ 'ਤੇ ਵੀ ਉਤਰ ਆਇਆ ਹੈ ਤੇ ਅੱਜ ਜਲੰਧਰ ਵਿਚ ਸਿੱਖ ਜਥੇਬੰਦੀਆਂ ਵਲੋਂ ਇਸ ਫਿਲਮ 'ਤੇ ਰੋਕ ਲਾਉਣ ਦੀ ਮੰਗ ਕਰਦਿਆਂ ਰੋਸ ਮਾਰਚ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸਿੱਖ ਸੰਗਤਾਂ ਵਲੋਂ ਇਸ ਫਿਲਮ ਨੂੰ ਰਕਵਾਉਣ ਲਈ ਡੀ.ਸੀ ਅਤੇ ਪੁਲਿਸ ਕਮਿਸ਼ਨਰ ਨੂੰ ਮੈਮੋਰੰਡਮ ਦਿੱਤਾ ਗਿਆ।

ਸਬੰਧਤ ਹੋਰ ਖ਼ਬਰਾਂ ਅੰਦਰ ਸਫ਼ਾ 13 ਉੱਤੇ ਪੜ੍ਹੋ

ਰੋਸ ਮਾਰਚ ਦੇ ਪ੍ਰਬੰਧਕਾਂ ਵਿਚੋਂ ਇਕ ਭਾਈ ਮਨਜੀਤ ਸਿੰਘ ਕਰਤਾਰਪੁਰ ਨੇ ਸਿੱਖ ਸਿਆਸਤ ਨੂੰ ਦੱਸਿਆ ਕਿ ਮੈਮੋਰੰਡਮ ਵਿਚ ਮੰਗ ਕੀਤੀ ਗਈ ਹੈ ਕਿ ਇਸ ਫਿਲਮ ਵਿਚ ਗੁਰੂ ਸਾਹਿਬ ਅਤੇ ਗੁਰੂ ਪਰਿਵਾਰ ਨੂੰ ਫਿਲਮਾਇਆ ਗਿਆ ਹੈ ਜੋ ਸਿੱਖ ਸਿਧਾਂਤ ਦੇ ਉਲਟ ਹੈ, ਇਸ ਲਈ ਇਸ ਫਿਲਮ ਉੱਤੇ ਮੁਕੰਮਲ ਰੋਕ ਲਾਈ ਜਾਵੇ। ਉਨ੍ਹਾਂ ਕਿਹਾ ਕਿ ਸਿੱਖ ਇਸ ਫਿਲਮ ਨੂੰ

**ਬਾਕੀ ਸਫ਼ਾ 13 'ਤੇ**

## ਪੰਜਾਬ ਅਤੇ ਭਾਰਤ ਸਰਕਾਰ ਖਿਲਾਫ ਚੰਡੀਗੜ੍ਹ ਵਿਚ ਕਿਸਾਨਾਂ ਦਾ ਵੱਡਾ ਇਕੱਠ



**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਪੰਜਾਬ ਦੇ ਵੱਖ ਵੱਖ ਹਿੱਸਿਆਂ ਤੋਂ ਆਈਆਂ ਸੱਤ ਕਿਸਾਨ ਜਥੇਬੰਦੀਆਂ ਦੇ ਹਜ਼ਾਰਾਂ ਵਰਕਰਾਂ ਨੇ ਇੱਥੇ ਇਕੱਠੇ ਹੋ ਕੇ ਵਿਸ਼ਾਲ ਰੈਲੀ ਕੀਤੀ, ਜਿਸ 'ਚ ਮੁਕੰਮਲ ਕਰਜ਼ਾ ਮੁਆਫ਼ੀ ਤੇ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਲਈ ਵੱਧ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਸੱਤ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਕੀਤੀ ਗਈ ਇਸ ਰੈਲੀ 'ਚ ਹਿੱਸਾ ਲੈਣ ਲਈ ਆਏ ਕਿਸਾਨ ਮੰਗਲਵਾਰ ਨੂੰ ਇੱਥੇ ਸੈਕਟਰ-25 'ਚ ਇਕੱਠੇ ਹੋਏ। ਇਨ੍ਹਾਂ ਜਥੇਬੰਦੀਆਂ 'ਚ ਭਾਰਤੀ ਕਿਸਾਨ ਯੂਨੀਅਨ (ਏਕਤਾ), ਭਕਿਯੂ (ਡਕੌਂਦਾ), ਕਿਰਤੀ ਕਿਸਾਨ ਯੂਨੀਅਨ, ਕਿਸਾਨ ਸੰਘਰਸ਼ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਸ਼ਾਮਲ ਸਨ। ਕਿਸਾਨਾਂ ਨੇ ਪੰਜਾਬ ਤੇ ਭਾਰਤ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਇਹ ਰੈਲੀ ਦੋਵਾਂ ਹੀ ਸਰਕਾਰਾਂ ਲਈ 'ਚਿਤਾਵਨੀ' ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ) ਦੇ ਜਨਰਲ

**ਬਾਕੀ ਸਫ਼ਾ 30 'ਤੇ**

# 'ਦਿ ਬਲੈਕ ਪ੍ਰਿੰਸ' ਫ਼ਿਲਮ ਸਾਰੇ ਡਿਜਿਟਲ ਪਲੇਟਫਾਰਮਾਂ ਉਤੇ 10 ਅਪ੍ਰੈਲ ਮੰਗਲਵਾਰ ਨੂੰ ਰਿਲੀਜ ਹੋਵੇਗੀ

## ਯੂਕੇ ਟਾਪ 10 ਬਾਕਸ ਆਫ਼ਿਸ ਤੇ ਸਫਲ ਹੋਣ ਬਾਅਦ ਹੁਣ ਡਿਜਿਟਲ ਵਿੱਚ ਐਂਟਰ ਕਰੇਗੀ ਸਿੱਖ ਇਤਿਹਾਸਕ ਫਿਲਮ

**ਚੰਡੀਗੜ੍ਹ/ਬਿਊਰੋ ਨਿਊਜ਼:** ਦੁਨੀਆਂ ਭਰ ਵਿੱਚ ਆਪਣੀ ਐਂਟਰਨੇਟਮੈਂਟ ਲਈ ਜਾਣੇ ਜਾਂਦੇ ਯੂਨੀ ਗਲੋਬ ਐਂਟਰਨੇਟਮੈਂਟ ਆਪਣੀ ਯੂ ਕੇ ਦੀ ਬਲੌਕਬਸਟਰ 'ਦਿ ਬਲੈਕ ਪ੍ਰਿੰਸ' ਵਿਸਾਖੀ ਦੇ ਨੇੜੇ 10 ਅਪ੍ਰੈਲ ਨੂੰ ਡਿਜਿਟਲ ਪਲੇਟਫਾਰਮਾਂ ਤੇ ਰਿਲੀਜ ਕਰ ਰਹੇ ਹਨ। ਇਹ ਫਿਲਮ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਉੱਤੇ ਆਧਾਰਿਤ ਹੈ ਜਿਸ ਵਿੱਚ ਪੰਜਾਬ ਦੇ ਇਤਿਹਾਸ ਨੂੰ ਬਹੁਤ ਹੀ ਸੂਝ ਬੂਝ ਨਾਲ ਪੇਸ਼ ਕੀਤਾ ਗਿਆ ਹੈ। ਭਾਰਤ ਦੇ ਸਭ ਤੋਂ ਮਹਾਨ ਬਾਦਸ਼ਾਹ ਦੀ ਸੱਚੀ ਕਹਾਣੀ ਨੂੰ ਪੇਸ਼ ਕਰਦੀ ਇਹ ਫਿਲਮ ਵਿੱਚ ਸਤਿੰਦਰ ਸਰਤਾਜ ਮੁੱਖ ਭੂਮਿਕਾ ਵਿੱਚ ਹਨ ਅਤੇ ਇਸ 150 ਸਾਲ ਪੁਰਾਣੀ ਕਹਾਣੀ ਵਿੱਚ ਸ਼ਬਾਨਾ ਆਜ਼ਮੀ ਨੇ ਵੀ ਇੱਕ ਮਹੱਤਪੂਰਨ ਰੋਲ ਅਦਾ ਕੀਤਾ, ਜਿੱਥੇ ਇੱਕ ਇਨਸਾਨ ਵਿਸ਼ਵਾਸ ਦੇ ਨਾਲ ਆਪਣੀ ਅਸਲੀ ਪਹਿਚਾਣ ਨਾਲ



ਜੁੜਦਾ ਹੈ। ਇਸ ਫਿਲਮ ਵਿੱਚ ਆਪਣੇ ਅਦਭੁਤ ਅਨੁਭਵ ਵਾਰੇ ਦੱਸਦੇ ਹੋਏ ਸਤਿੰਦਰ ਸਰਤਾਜ ਨੇ ਕਿਹਾ, "ਸ਼ੂਟ ਸ਼ੁਰੂ ਹੋਣ ਤੋਂ ਪਹਿਲਾਂ ਜਦੋਂ ਮੈਂਨੂੰ ਆਪਣੇ ਰੋਲ ਬਾਰੇ ਪਤਾ ਲੱਗਾ ਮੈਂ ਬਹੁਤ ਹੀ ਖੁਸ਼ ਸੀ। ਪਰ ਹੁਣ ਫਿਲਮ ਦੇ ਯੂ ਕੇ ਵਿੱਚ ਸਫਲ ਹੋਣ ਤੋਂ ਬਾਅਦ ਇਸਦੇ ਡਿਜਿਟਲ ਪਲੇਟਫਾਰਮ ਤੇ ਗੀਲਿਜ ਨੂੰ ਲੈ ਕੇ ਬਹੁਤ ਹੀ ਉਤੇਜਿਤ ਹਾਂ।" ਲਾਹੌਰ ਦੇ ਇੱਕ ਮੰਨੇ ਪ੍ਰਮੰਨੇ ਅਤੇ ਸ਼ਾਹੀ ਪਰਿਵਾਰ ਵਿੱਚ ਪੈਦਾ ਹੋਣ ਵਾਲੇ ਮਹਾਰਾਜਾ ਦਲੀਪ ਸਿੰਘ ਨੂੰ ਜਬਰਦਸਤੀ ਇੱਕ ਈਸਾਈ ਦੇ ਰੂਪ ਵਿੱਚ ਇੰਗਲੈਂਡ ਰਹਿਣ ਲਈ ਮਜਬੂਰ ਕੀਤਾ ਗਿਆ। ਇਸ ਤਰ੍ਹਾਂ ਦਾ ਇਤਿਹਾਸ ਲੋਕਾਂ ਖਾਸ ਕਰ ਨੌਜਵਾਨਾਂ ਤੱਕ ਪਹੁੰਚਣਾ ਚਾਹੀਦਾ ਹੈ। ਫਿਲਮ ਅਪ੍ਰੈਲ ਵਿੱਚ ਗੀਲਿਜ ਹੋਵੇਗੀ ਜਿਸ ਨਾਲ ਦੁਨੀਆਂ ਭਰ ਦੇ ਸਿੱਖ ਆਪਣੇ ਪਰਿਵਾਰ ਦੀਆਂ

**ਬਾਕੀ ਸਫ਼ਾ 30 'ਤੇ**
















ੴ ਵਾਹਿਗੁਰੂ ਜੀ ਕੀ ਫਤਹਿ ॥

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ॥ ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ ॥

# ਗੁਰਦੁਆਰਾ ਸਿੰਘ ਸਭਾ

# ਅੰਮ੍ਰਿਤ ਸੰਚਾਰ

## ਐਤਵਾਰ, ਅਪ੍ਰੈਲ 15, 2018

## ਸਵੇਰੇ 7: 00 ਵਜੇ



ਸੰਗਤ ਦੀ ਬੇਨਤੀ ਉਤੇ ਗੁਰਦੁਆਰਾ ਸਾਹਿਬ ਵਲੋਂ ਰਹਿਣ ਦਾ ਪ੍ਰਬੰਧ ਅਤੇ ਏਅਰ ਪੋਰਟ ਤੋਂ ਲਿਆਉਣ ਅਤੇ ਛੱਡਣ ਦਾ ਪ੍ਰਬੰਧ ਕੀਤਾ ਜਾਵੇਗਾ। ਇਹ ਸਹੂਲਤ ਸ਼ਹਿਰ ਅਤੇ ਸ਼ਹਿਰ ਤੋਂ ਬਾਹਰ ਦੀ ਸੰਗਤ ਲਈ ਹੈ। ਗੁਰਦੁਆਰਾ ਸਾਹਿਬ ਦੁਆਰਾ ਕਕਾਰ ਵੀ ਦਿੱਤੇ ਜਾਣਗੇ।

# Gurdwara Singh Sabha of North Texas

1201 Abrams Rd, Richardson, TX 75081
(972) 235-3388
www.GurdwaraRichardson.org

For more information contact:
Bhai Gurbachan Singh (347) 592-9569
Bhai Swaran Singh (214) 909-0555



# ਵਾਸ਼ਿੰਗਟਨ ਡੀ.ਸੀ. ਵਿਖੇ ਨੈਸ਼ਨਲ ਸਿੱਖ ਡੇ ਪਰੇਡ 7 ਅਪ੍ਰੈਲ ਨੂੰ

### *ਸਿੱਖ ਸੰਗਤਾਂ ਦੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ*

**ਨਿਊਯਾਰਕ/ਹੁਸਨ ਲੜੋਆ ਬੰਗਾ:** ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜੱਥੇਬੰਦੀਆਂ ਵੱਲੋਂ ਬਣਾਈ ਸਾਂਝੀ ਸੰਸਥਾ, ਸਿੱਖ ਕੋਆਰਡੀਨੇਸ਼ਨ ਕਮੇਟੀ, ਈਸਟ ਕੋਸਟ (ਯੂ.ਐਸ.ਏ.) ਵੱਲੋਂ 7 ਅਪ੍ਰੈਲ, 2018 ਸ਼ਨਿੱਚਰਵਾਰ ਨੂੰ ਕੱਢੀ ਜਾਣ ਵਾਲੀ ਸਾਲਾਨਾ ਸਿੱਖ ਡੇਅ ਪਰੇਡ (ਸਿੱਖ ਫ਼ਰੀਡਮ ਮਾਰਚ) ਲਈ ਪਾਇਆ ਜਾ ਰਿਹਾ ਹੈ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ., ਪਾਰਲੀਮੈਂਟ ਦੇ ਸਾਹਮਣੇ ਖ਼ਾਲਸਾ ਪ੍ਰਗਟ ਦਿਵਸ (ਵਿਸਾਖੀ) ਨੂੰ ਸਮਰਪਿਤ ਸਿੱਖ ਡੇਅ ਪਰੇਡ (ਸਿੱਖ ਫ਼ਰੀਡਮ ਮਾਰਚ) ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਕੱਢਣਾ ਸਾਰੀ ਦੁਨੀਆਂ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਹੈ।

ਇਹ ਜਾਣਕਾਰੀ ਦਿੰਦਿਆਂ ਕੋਆਰਡੀਨੇਸ਼ਨ ਕਮੇਟੀ ਦੇ ਸ੍ਰ: ਹਿੰਮਤ ਸਿੰਘ ਕੋਆਰਡੀਨੇਟਰ, ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ, ਵੀਰ ਸਿੰਘ ਮਾਂਗਟ, ਦਵਿੰਦਰ ਸਿੰਘ ਦਿਓ ਨੇ ਦੱਸਿਆ ਕਿ ਖ਼ਾਲਸਾ ਪ੍ਰਗਟ ਦਿਵਸ ਵਿਸਾਖੀ ਦੇ ਦਿਹਾੜੇ ਨੂੰ ਨੈਸ਼ਨਲ ਸਿੱਖ ਡੇਅ ਦੇ ਤੌਰ ਤੇ ਮਨਾਉਣ ਦੀ ਅਮਰੀਕੀ ਰਾਜ ਦੀਆਂ ਕਈ ਸੂਬਾ ਸਰਕਾਰਾਂ ਵੱਲੋਂ ਮਾਨਤਾ ਮਿਲੀ ਹੈ। ਇਸੇ ਦਿਨ ਦੀ ਮਹੱਤਤਾ ਨੂੰ ਮੁੱਖ ਰੱਖ ਸਿੱਖ ਪੰਥਕ ਜੱਥੇਬੰਦੀਆਂ ਵੱਲੋਂ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ 7 ਅਪ੍ਰੈਲ, 2018, ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 12:00 ਵਜੇ ਤੋਂ ਸਿੱਖ ਡੇਅ ਪਰੇਡ (ਸਿੱਖ ਫ਼ਰੀਡਮ ਮਾਰਚ) ਕੈਪੀਟਲ ਹਿੱਲ ਵਾਸ਼ਿੰਗਟਨ ਡੀ.ਸੀ., ਪਾਰਲੀਮੈਂਟ ਦੇ ਸਾਹਮਣੇ ਕੱਢਣਾ ਨੀਅਤ ਕੀਤਾ ਗਿਆ ਹੈ।

ਜਿਕਰਯੋਗ ਹੈ ਕਿ ਸੰਨ 2017 ਵਿੱਚ ਸਿੱਖ ਕੌਂਕਸ ਦੇ ਸਹਿਯੋਗ ਨਾਲ ਖ਼ਾਲਸਾ ਸਾਜਨਾ ਦਿਵਸ ਨੂੰ ਅਮਰੀਕੀ ਪਾਰਲੀਮੈਂਟ ਵਿੱਚ ਸਪੀਕਰ ਪਾਲ ਰਾਅਨ ਦੀ ਮੌਜੂਦਗੀ ਵਿੱਚ ਬਿੱਲ 189 ਤਹਿਤ ਪ੍ਰਵਾਨਿਤ ਕਰਾਉਣਾ; ਇਸੇ ਲੜੀ ਵਿੱਚ ਅੱਗੇ ਤੁਰਦਿਆਂ ਸੂਬਾਈ ਸਰਕਾਰਾਂ



ਕਨੈਕਟੀਕੱਟ, ਮੈਸਾਚੂਸੈਸ, ਪੈਨਸੈਲਵੇਨਿਆ, ਡੈਲਾਵੇਅਰ ਅਤੇ ਇੰਡਿਆਨਾ ਨੇ ਵੀ 14 ਅਪ੍ਰੈਲ਼ ਨੂੰ ਸਿੱਖ ਨੈਸ਼ਨਲ ਡੇਅ ਦੀ ਮਾਣਤਾ ਦਿੱਤੀ ਹੈ। ਇਸੇ ਮਾਰਚ ਮਹੀਨੇ ਵਿੱਚ ਨਿਊ ਜਰਸੀ ਸੂਬਾਈ ਸਰਕਾਰ ਨੇ ਵੀ 14 ਅਪ੍ਰੈਲ ਨੂੰ ਸਿੱਖ ਨੈਸ਼ਨਲ ਡੇਅ ਅਤੇ ਹਰ ਸਾਲ ਦੇ ਅਪ੍ਰੈਲ ਦੇ ਮਹੀਨੇ ਨੂੰ ਪੱਕੇ ਤੌਰ ਤੇ ਸਿੱਖ ਅਵੇਅਰਨੈੱਸ ਮਹੀਨਾ ਪ੍ਰਵਾਨ ਕੀਤਾ ਹੈ। ਯਾਦ ਰਹੇ ਕਿ ਇਸੇ ਸਾਲ ਅਮਰੀਕਾ ਦੇ 96 ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਭਾਰਤੀ ਸਰਕਾਰ ਦੇ ਨੁਮਾਇੰਦਿਆਂ ਦੀ ਗੁਰਦੁਆਰਿਆਂ ਵਿੱਚ ਸਰਕਾਰੀ ਤੌਰ ਤੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਹਾਜਰੀ ਭਰਣ ਤੇ ਪੂਰਣ ਪਾਬੰਦੀ ਲਾਉਣ ਵਿੱਚ ਵੀ ਸਿੱਖ ਕੋਆਰਡੀਨੇਸ਼ਨ ਕਮੇਟੀ, ਈਸਟ ਕੋਸਟ (ਯੂ.ਐਸ.ਏ.) ਵੱਲੋਂ ਮੁੱਖ ਭੂਮਿਕਾ ਜਿੰਮੇਵਾਰੀ ਸਹਿਤ ਨਿਭਾਈ ਗਈ। ਕੋਆਰਡੀਨੇਸ਼ਨ ਕਮੇਟੀ ਦੇ ਸ. ਹਿੰਮਤ ਸਿੰਘ ਨੇ ਕਿਹਾ ਕਿ ਇਸ ਮਾਰਚ ਦੇ ਕੱਢਣ ਦਾ ਮੁੱਖ ਉੱਦੇਸ਼ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਲਗਾਤਾਰ ਹੋ ਰਹੀ ਬੇਹੁਰਮਤੀ ਨੂੰ ਠੱਲ ਪਾਉਣ ਲਈ ਜਾਗਰਿਤ ਕਰਨਾ, ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਨਿਰਮਲ ਪੰਥ ਦਾ ਦੇਸ਼-ਵਿਦੇਸ਼ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਨਾ, ਪੰਜਾਬ ਦੇਸ਼ ਦੀ ਅਜਾਦੀ, ਖ਼ਾਲਸਾ ਰਾਜ ਦੀ ਸਥਾਪਨਾ, ਸਿੱਖਾਂ ਦੀ ਪਹਿਚਾਣ, ਨਸਲ਼ੀ ਹਮਲਿਆਂ ਦੀ ਰੋਕਥਾਮ, ਸਿੱਖ ਨੌਜਵਾਨੀ ਨੂੰ ਅਮਰੀਕੀ ਰਾਜਨੀਤੀ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਹੈ। ਸ. ਦਵਿੰਦਰ ਸਿੰਘ ਦਿਓ ਨੇ ਕਿਹਾ ਕਿ ਇਸ ਤਰਾਂ ਦੇ ਪੰਥਕ ਇਕੱਠ ਕਰ ਕੇ ਜਿੱਥੇ ਸੰਮੂਹ ਦੁਨਿਆਂ ਨੂੰ ਸਿੱਖ ਇਤਿਹਾਸ ਦਾ ਸੰਦੇਸ਼ ਦਿੱਤਾ ਜਾਵੇਗਾ ਉੱਥੇ ਨਾਲ ਹੀ ਹੋਰਨਾਂ ਕੌਮਾਂ ਨੂੰ ਵੀ ਸਿੱਖੀ ਅਤੇ ਸਿੱਖ ਫ਼ਲਸਫੇ ਤੋਂ ਵੀ ਜਾਣੂੰ ਕਰਵਾਇਆ ਜਾਵੇਗਾ। ਸ. ਹਰਜਿੰਦਰ ਸਿੰਘ, ਨਿਊਜਰਸੀ ਨੇ ਕਿਹਾ ਕਿ ਇਸ ਸਿੱਖ ਡੇਅ ਪਰੇਡ ਵਿੱਚ ਸੰਮੂਹ ਪੰਥਕ ਧਿਰਾਂ ਅਤੇ ਹੋਰ ਕੌਮਾਂ ਨੂੰ ਵੀ ਪੁੱਜਣ ਦਾ ਸੱਦਾ ਦਿੱਤਾ ਗਿਆ ਹੈ।

## ਭਾਈ ਮਿੰਟੂ ਵਿਸਫੋਟਕ ਸਮੱਗਰੀ ਮਾਮਲੇ 'ਚ ਹੋਏ ਬਰੀ

**ਲੁਧਿਆਣਾ/ਬਿਊਰੋ ਨਿਊਜ਼:** ਸਿੱਖ ਸੰਘਰਸ਼ਕਾਰੀ ਬਾਈ ਹਰਮਿੰਦਰ ਸਿੰਘ ਮਿੰਟੂ ਨੂੰ ਅਦਾਲਤ ਨੇ ਵਿਸਫੋਟਕ ਸਮੱਗਰੀ ਦੀ ਬਰਾਮਦਗੀ ਦੇ ਮਾਮਲੇ ਵਿੱਚ ਬਰੀ ਕਰ ਦਿੱਤਾ ਗਿਆ ਹੈ। ਪੁਲੀਸ ਨੇ ਸਾਲ 2008 ਵਿੱਚ ਲੁਧਿਆਣਾ-ਫ਼ਿਰੋਜ਼ਪੁਰ ਰੋਡ ਤੋਂ ਇੱਕ ਕਾਰ ਵਿੱਚੋਂ ਭਾਰੀ ਮਾਤਰਾ ਵਿੱਚ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਸੀ। ਇਸ ਮਾਮਲੇ ਵਿੱਚ ਹਰਮਿੰਦਰ ਸਿੰਘ ਮਿੰਟੂ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ ਪਰ ਗ੍ਰਿਫ਼ਤਾਰੀ ਨਾ ਹੋਣ ਕਾਰਨ ਅਦਾਲਤ ਨੇ ਉਸਨੂੰ ਭਗੌੜਾ ਕਰਾਰ ਦੇ ਦਿੱਤਾ ਸੀ। ਕੁਝ ਸਮਾਂ ਪਹਿਲਾਂ ਹੀ ਪੁਲੀਸ ਨੇ ਉਸ ਖ਼ਿਲਾਫ਼ ਅਦਾਲਤ ਵਿੱਚ ਚਲਾਨ ਪੇਸ਼ ਕਰ ਦਿੱਤਾ। ਅਦਾਲਤ ਵਿੱਚ ਸਰਕਾਰੀ ਵਕੀਲ ਅਤੇ ਮਿੰਟੂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਵਿਚਾਲੇ ਬਹਿਸ ਹੋਈ, ਜਿਸ ਦੌਰਾਨ ਮਿੰਟੂ ਖ਼ਿਲਾਫ਼ ਕੋਈ ਠੋਸ ਸਬੂਤ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਜਾ ਸਕਿਆ। ਪਿਛਲੀ ਤਰੀਕ 'ਤੇ ਮਿੰਟੂ ਨੂੰ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਗਿਆ ਸੀ ਪਰ ਅਦਾਲਤੀ ਸੁਣਵਾਈ ਮੁਕੰਮਲ ਹੋਣ ਉਪਰੰਤ ਜੱਜ ਮੈਡਮ ਅੰਜਨਾ ਨੇ ਫ਼ੈਸਲਾ ਸੁਣਾਉਂਦਿਆਂ ਹਰਮਿੰਦਰ ਸਿੰਘ ਮਿੰਟੂ ਨੂੰ ਬਰੀ ਕਰ ਦਿੱਤਾ।

# ਅੱਜ ਦੀਆਂ ਮਾਤਾਵਾਂ-ਭੈਣਾਂ, ਬੇਬੇ ਨਾਨਕੀ, ਬੀਬੀ ਭਾਨੀ ਤੇ ਮਾਤਾ ਗੁਜਰੀ ਤੋਂ ਸੇਧ ਲੈਣ : ਡਾ. ਅਮਰਜੀਤ ਸਿੰਘ

### *ਸਿੱਖ ਧਰਮ ਵਿੱਚ ਬੀਬੀਆਂ ਦੇ ਵਡਮੁੱਲੇ ਯੋਗਦਾਨ ਸਬੰਧੀ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਵਿਸ਼ੇਸ਼ ਸਮਾਗਮ*

**ਮਿਲਪੀਟਸ/ਬਿਊਰੋ ਨਿਊਜ਼:** ਸਿੱਖ ਧਰਮ ਤੇ ਇਤਿਹਾਸ ਵਿੱਚ ਬੀਬੀਆਂ ਦੇ ਯੋਗਦਾਨ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਸ ਵਿੱਚ ਗੁਰੂ ਘਰ ਪਹੁੰਚੇ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ । ਗੁਰੂ ਘਰ ਦੇ ਕੀਰਤਨੀ ਜਥੇ ਨੇ ਗੁਰਬਾਣੀ ਕੀਰਤਨ ਦੀ ਅਰੰਭਤਾ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਪਿੱਛਲੇ ਹਫਤੇ ਤੋਂ ਲਗਾਤਰ ਚਲ ਰਹੀ ਲੜੀਵਾਰ ਕਥਾ ਦੀ ਆਰੰਭਤਾ ਕਰਦਿਆਂ ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਸਭਰਾ ਨੇ ਗੁਰਬਾਣੀ ਦੇ ਗੁੱਝੇ ਭੇਦ ਸੰਗਤਾਂ ਨਾਲ ਸਾਂਝੇ ਕੀਤੇ, ਸਮੂਹ ਸੰਗਤਾਂ ਨੇ ਗੁਰੂ ਪਿਆਰ ਵਿੱਚ ਭਿੱਜ ਕੇ ਕਥਾ ਸਰਵਣ ਕੀਤੀ। ਵਿਸ਼ੇਸ਼ ਸੱਦੇ ਉੱਤੇ ਪਹੁੰਚੇ ਸਿਖਾਂ ਦੇ ਕੌਮੀ ਬੁਲਾਰੇ ਡਾ. ਅਮਰਜੀਤ ਸਿੰਘ ਨਿਊਯਾਰਕ ਵਾਲਿਆਂ ਨੇ ਵਿਸਥਾਰ ਨਾਲ ਬੀਬੀਆਂ ਦੇ ਵਡਮੁੱਲੇ ਯੋਗਦਾਨ ਦੇ ਇਤਹਾਸਿਕ ਅਤੇ ਧਾਰਮਿਕ ਪੱਖ ਸੰਗਤਾਂ ਸਾਹਮਣੇ ਰੱਖੇ । ਉਨਾਂ ਪੁਰਾਤਨ ਬੀਬੀਆਂ ਦੇ ਧਾਰਮਿਕ ਪੱਖ ਨੂੰ ਸਾਹਮਣੇ ਰੱਖਦਿਆਂ ਕਿਹਾ ਕਿ ਕਿਸ ਤਰ੍ਹਾਂ ਬੇਬੇ ਨਾਨਕੀ, ਬੀਬੀ ਭਾਨੀ ਅਤੇ ਮਾਤਾ ਗੁਜਰੀ ਨੇ



ਸਮਾਂ ਪੈਣ ਤੇ ਗੁਰੂ ਕਾਲ ਵਿੱਚ ਆਪਣਾ ਬਣਦਾ ਫਰਜ਼ ਪੂਰਾ ਕੀਤਾ, ਮਾਤਾ ਗੁਜਰੀ ਦੇ ਪਾਏ ਪੂਰਨਿਆਂ ਨੂੰ ਅਸੀਂ ਕਿਸ ਤਰ੍ਹਾਂ ਭੁਲਾ ਸਕਦੇ ਹਾਂ। ਮਾਈ ਭਾਗ ਕੌਰ ਦਾ ਇਤਿਹਾਸ ਅੱਜ ਵੀ ਅਸੀਂ ਆਪਣੇ ਬੱਚਿਆਂ ਨਾਲ ਸਾਂਝਾ ਕਰਦੇ ਹਾਂ। ਉਨ੍ਹਾਂ ਨੇ ਅਜੋਕੇ ਸਮੇ ਵਿੱਚ ਅੱਜ ਦੀਆਂ ਮਾਤਾਵਾਂ, ਭੈਣਾਂ ਅਤੇ ਬੱਚੀਆਂ ਨੂੰ ਇਨਾਂ ਮਹਾਨ ਬੀਬੀਆਂ ਤੋਂ ਸੇਧ ਲੈਣ ਦੀ ਅਪੀਲ ਕੀਤੀ । ਉਨ੍ਹਾਂ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ ਅਤੇ ਹੋਰ ਜੁਝਾਰੂ ਸਿੰਘਾਂ ਦੀਆਂ ਮਾਤਾਵਾਂ ਨੂੰ ਸਿੱਜਦਾ ਕੀਤਾ । ਭਾਈ ਮੇਘ ਸਿੰਘ ਧਰਮੀ ਫੌਜੀ ਨੇ ਵੀ ਸਾਲ 1984 ਦੀਆਂ ਉਨਾਂ ਯਾਦਾਂ ਨੂੰ ਤਾਜ਼ਾ ਕੀਤਾ ਜਿਸ ਵਿੱਚ ਸਿੱਖ ਫੌਜੀਆਂ ਨੇ ਭਾਰਤੀ ਫੌਜ ਦੀ ਮੁਖ਼ਾਲਫ਼ਤ ਕਰਕੇ ਆਪਣਾ ਸਭ ਕੁੱਖ ਤਿਆਗ ਦਿੱਤਾ ਸੀ। ਗੁਰੂ ਘਰ ਦੇ ਮੁਖ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ ਨੇ ਇਸ ਵਿਸ਼ੇਸ਼ ਮੌਕੇ ਦੇ ਸਮੂਹ ਸੰਗਤਾਂ ਨੂੰ ਆਪਣੇ ਧਰਮ ਤੇ ਵਿਰਸੇ ਨਾਲ ਜੁੜਨ ਦੀ ਅਪੀਲ ਕੀਤੀ ਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਜੀਵਨ ਯਾਪਨ ਕਰਨ ਦਾ ਸੱਦਾ ਦਿੱਤਾ । ਅਖੀਰ ਵਿੱਚ ਆਏ ਹੋਏ ਬੁਲਾਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਤੁੱਟ ਵਰਤੇ ।




# ਸਿੱਖ ਰਿਲੀਜੀਅਸ ਸੋਸਾਇਟੀ ਪੈਲਾਟਾਈਨ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਵਿਚ ਮਿਲੀ ਜਿੱਤ ਉੱਤੇ

## ਵਾਹਿਗੁਰੂ ਦਾ ਸ਼ੁਕਰਾਨਾ ਅਤੇ ਸੰਗਤਾਂ ਦਾ ਧੰਨਵਾਦ

ਅਸੀਂ ਪ੍ਰਬੰਧਕੀ ਸੇਵਾ ਸੰਭਾਲਣ ਤੋਂ ਬਾਅਦ ਸੰਗਤਾਂ ਨਾਲ ਕੀਤੇ ਵਾਅਦਿਆਂ 'ਤੇ ਪੂਰੇ ਉਤਰਨ ਦੀ ਕੋਸ਼ਿਸ਼ ਕਰਾਂਗੇ। ਹਰ ਕਾਰਜ ਨੂੰ ਸੰਗਤ ਦੇ ਸਹਿਯੋਗ ਅਤੇ ਮਸ਼ਵਰੇ ਨਾਲ ਹੀ ਨੇਪਰੇ ਚਾੜ੍ਹਿਆ ਜਾਵੇਗਾ। ਕੀਰਤਨੀ ਜਥੇ ਅਤੇ ਕਥਾਵਾਚਕ ਸੰਗਤਾਂ ਦੀ ਮੰਗ ਅਨੁਸਾਰ ਅਤੇ ਸਹਿਯੋਗ ਨਾਲ ਬੁਲਾਵਾਂਗੇ। ਅਸੀਂ ਸੰਗਤਾਂ ਵਿਚ ਆਪਸੀ ਸਹਿਯੋਗ ਅਤੇ ਸਾਂਝ ਨੂੰ ਬਣਾਈ ਰੱਖਾਂਗੇ।

ਵਲੋਂ


ਇਰਵਿਨਪ੍ਰੀਤ ਸਿੰਘ


ਅਮਰਦੇਵ ਸਿੰਘ


ਪ੍ਰੇਮਪਾਲ ਸਿੰਘ


ਸਰਵਨ ਸਿੰਘ


ਖੁਸ਼ਪਾਲ ਸਿੰਘ ਸੋਢੀ

## ਪੈਲਾਟਾਈਨ ਗੁਰਦੁਆਰਾ ਸਾਹਿਬ

**1280 Winnetka Street Palatine IL-60069, Phone : 847-358-1117**

# ਸੰਗਤ ਦਾ ਤਹਿ ਦਿਲੋਂ ਧੰਨਵਾਦ

ਵਾਹਿਗੁਰੂ ਜੀ ਕਾ ਖਾਲਸ, ਵਾਹਿਗੁਰੂ ਜੀ ਕੀ ਫਤਹਿ

ਅਸੀਂ ਸਮੂਹ ਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ। ਆਪ ਜੀ ਵਲੋਂ ਦਿੱਤਾ ਭਰਵਾਂ ਸਹਿਯੋਗ ਤੇ ਪਿਆਰ ਸਾਨੂੰ ਚੜ੍ਹਦੀ ਕਲਾ ਵੱਲ ਲੈ ਕੇ ਗਿਆ ਹੈ ਤੇ ਸਾਡੇ ਹੌਸਲਿਆਂ ਨੂੰ ਵੀ ਬੁਲੰਦੀ ਪ੍ਰਦਾਨ ਕੀਤੀ ਹੈ। ਅਸੀਂ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਹਾਂ ਜਿਹਨਾਂ ਦੀ ਸਾਡੇ ਤੇ ਅਪਾਰ ਕਿਰਪਾ ਹੋਈ ਤੇ ਸਾਨੂੰ ਇਸ ਕਾਰਜ ਵਲ ਪ੍ਰੇਰਿਆ ਤੇ ਹੌਸਲਾ ਬਖਸ਼ਿਆ।

ਅਸੀਂ ਹਮੇਸ਼ਾ ਆਪ ਸੰਗਤਾਂ ਦੇ ਸਹਿਯੋਗ ਤੇ ਪਿਆਰ ਦੇ ਸਦਕਾ ਸਿੱਖੀ ਦੇ ਪਹਿਰੇਦਾਰ ਬਣ ਕੇ ਵਿਚਰਾਂਗੇ। ਸਾਨੂੰ ਆਪ ਜੀ ਦੇ ਸਹਿਯੋਗ ਤੇ ਪਿਆਰ ਤੇ ਚੰਗੇ ਮਸ਼ਵਰੇ ਦੀ ਹਮੇਸ਼ਾ ਲੋੜ ਰਹੇਗੀ। ਅਸੀਂ ਸੰਗਤ ਵਲੋਂ ਦਿੱਤੇ ਫੈਂਸਲੇ ਅੱਗੇ ਸਿਰ ਝੁਕਾਂਉਦੇ ਹਾਂ ਤੇ ਸਾਡੇ ਵਲੋਂ ਪਹਿਲਾਂ ਦੀ ਤਰਾਂ ਗੁਰਦੁਆਰਾ ਸਾਹਿਬ ਵਿਖੇ ਨਿਮਾਣੇ ਸੇਵਾਦਾਰਾਂ ਦੇ ਤੌਰ 'ਤੇ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਤੇ ਆਪ ਜੀ ਦੇ ਸਹਿਯੋਗ ਨਾਲ ਨਿਰੰਤਰ ਜਾਰੀ ਰੱਖਿਆ ਜਾਵੇਗਾ।

---

**ਧੰਨਵਾਦ ਕਰਤਾ: ਦਾਸਰੇ**


ਸ਼ਿਵਇੰਦਰਜੀਤ (ਦਾਰਾ) ਸਿੰਘ
630-670-2819


ਕੰਵਰ ਹਰਿੰਦਰ ਸਿੰਘ
847-571-8193


ਗੁਰਪ੍ਰੀਤ ਸਿੰਘ
847-845-2025

# ਗਦਰੀ ਬਾਬੇ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਹੱਸ ਹੱਸ ਫਾਂਸੀਆਂ ਚੜ੍ਹੇ : ਹਰਸ਼ਿੰਦਰ ਕੌਰ

## *ਮਹਾਨ ਸ਼ਹੀਦਾਂ ਦੀ ਸੋਚ ਨੂੰ ਸਮਰਪਤ 18 ਵਾਂ ਸਲਾਨਾ ਮੇਲਾ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਦੀਆਂ ਤਾੜੀਆਂ ਨਾਲ ਹੋਇਆ ਸੰਪੂਰਨ*







**ਫਰਿਜ਼ਨੋ/ਬਿਊਰੋ ਨਿਊਜ਼**, ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੇ ਇਤਿਹਾਸ ਦੇ ਚਮਕਦੇ ਸਿਤਾਰੇ ਮਹਾਨ ਗਦਰੀ ਬਾਬਿਆਂ ਦੀ ਯਾਦ ਵਿਚ 18 ਵਾਂ ਮੇਲਾ ਫਰਿਜਨੋ ਵਿਚ ਸੈਂਟਰਲ ਹਾਈ ਸਕੂਲ ਦੇ ਜਿਮਨੇਜੀਅਮ ਹਾਲ ਵਿਚ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਤਾੜੀਆਂ ਨਾਲ ਸਮਾਪਤ ਹੋਇਆ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਕੀਤਾ ਗਿਆ ਇਹ ਮੇਲਾ ਸਾਨਫਰਾਂਸਿਸਕੋ ਸਾਜਸ਼ ਕੇਸ ਦੀ ਸ਼ਤਾਬਦੀ ਨੂੰ ਸਮਰਪਤ ਸੀ। ਇਸ ਵਾਰ ਮੇਲੇ ਵਿਚ ਪੰਜਾਬ ਦੀ ਧੀ' ਵਜੋਂ ਜਾਣੇ ਜਾਂਦੇ ਪ੍ਰਸਿਧ ਸਮਾਜ ਸੁਧਾਰਕ ਲਿਖਾਰੀ ਅਤੇ ਮੈਡੀਕਲ ਡਾਕਟਰ, ਪੰਜਾਬ ਤੋਂ ਡਾ. ਹਰਸ਼ਿੰਦਰ ਕੌਰ ਐਮ ਡੀ ਮੁਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮੁੱਚੀ ਸੈਂਟਰਲ ਵੈਲੀ ਵਿਚੋਂ ਬੀਬੀ ਹਰਸ਼ਿੰਦਰ ਕੌਰ ਦੇ ਸਵਾਗਤ ਲਈ ਹੁਮ ਹੁਮਾ ਕੇ ਪਹੁਚੇ ਸੈਂਕੜੇ ਲੋਕਾਂ ਨੇ ਹਾਲ ਨੂੰ ਨੱਕੋ ਨੱਕ ਭਰ ਦਿੱਤਾ।

ਪ੍ਰੋਗਰਾਮ ਦੇ ਸ਼ੁਰੂ ਵਿਚ ਬੱਚਿਆਂ ਨੇ ਆਪਣੀਆਂ ਛੋਟੀਆਂ ਸਪੀਚਾਂ ਅਤੇ ਕਵਿਤਾਵਾਂ ਨਾਲ ਸਰੋਤਿਆਂ ਨੂੰ ਪ੍ਰਭਾਵਤ ਕੀਤਾ। ਸਭ ਦੀ ਪੇਸ਼ਕਸ਼ ਦੇਸ਼ ਭਗਤਾਂ ਦੀ ਅਲੌਕਿਕ ਕਹਾਣੀਆਂ ਨਾਲ ਸਬੰਧਤ ਸੀ। ਇਨ੍ਹਾਂ ਸਾਰੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਹਰਜੀਤ ਸਿੰਘ ਮਰਸਿਡ ਨੇ ਬੁਲੰਦ ਆਵਾਜ਼ ਵਿਚ ਇਕ ਗੀਤ ਗਾਇਆ। ਆਂਚਲ ਹੇਅਰ ਨੇ 'ਧਰਤੀ ਮਾਂ ਦੀ ਪੁਕਾਰ' ਇਕ ਭਾਵਪੂਰਤ ਕਾਵਿ ਨਾਟ ਪੇਸ਼ ਕਰਕੇ ਖ਼ੂਬ ਵਾਹ ਵਾਹ ਖੱਟੀ। ਮਨਦੀਪ ਕੌਰ ਨੇ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਸ਼ਹੀਦਾਂ ਨੂੰ ਸ਼ਰਧਾਜਲੀ ਅਰਪਣ ਕੀਤੀ। ਯੱਮਲਾ ਜੱਟ ਦੀ ਸਾਫ ਸੁਧਰੀ ਗਾਇਕੀ ਦੀ ਮਿਸ਼ਾਲ ਨੂੰ ਬਲੰਦ ਰੱਖਣ ਵਾਲੇ ਫਰਿਜ਼ਨੋ ਦੇ ਰਾਜ ਬਰਾੜ ਨੇ ਦੇਸ਼ ਭਗਤੀ ਦੇ ਇਕ ਸ਼ਾਨਦਾਰ ਗੀਤ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਉਨਾਂ ਦੀ ਪੇਸ਼ਕਾਰੀ ਦੀ ਸਾਰੇ ਪਾਸਿਉਂ ਬਹੁਤ ਸ਼ਲਾਘਾ ਹੋਈ।

ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਤੇ' ਉਨਾਂ ਨੂੰ ਇਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਜਲੀ ਅਰਪਨ ਕੀਤੀ ਗਈ। ਸ ਕੁੰਦਨ ਸਿੰਘ ਧਾਮੀ ਨੇ ਸ਼ਹੀਦ ਦਲੀਪ ਸਿੰਘ ਭੁਜੰਗੀ ਨੂੰ ਸ਼ਰਧਾਜਲੀ ਭੇਂਟ ਕਰਦਿਆ ਦੱਸਿਆ ਕਿ ਉਨਾਂ ਦੇ ਚਾਚਾ ਜੀ ਸ਼ਹੀਦ ਦਲੀਪ ਸਿੰਘ 15 ਸਾਲ ਦੀ ਉਮਰ ਵਿਚ ਬੱਬਰ ਆਕਾਲੀ ਲਹਿਰ ਵਿਚ ਫਾਂਸੀ ਲੱਗੇ ਸਨ। ਇਹੋ ਜਿਹੇ ਗੁਮਨਾਮ ਸ਼ਹੀਦਾਂ ਨੂੰ ਇਤਿਹਾਸ ਵਿਚ ਸ਼ਾਨਦਾਰ ਥਾਂ ਮਿਲਣੀ ਚਾਹੀਦੀ ਹੈ। ਉਨ੍ਹਾਂ ਨੇ ਸ਼ਹੀਦਾਂ ਦੀ ਯਾਦ ਵਿਚ ਇਕ ਕਵਿਤਾ ਵੀ ਪੜੀ। ਫੋਰਮ ਦੇ ਸਰਕਰਦਾ ਆਗੂ ਗੁਰਦੀਪ ਸਿੰਘ ਅਣਖੀ ਨੇ ਸੰਖੇਪ ਜਿਹੀ ਤਕਰੀਰ ਵਿਚ ਮੇਲੇ ਦੇ ਮੁਖ ਮਹਿਮਨਾ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਗਦਰ ਪਾਰਟੀ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ। ਉਨ੍ਹਾਂ ਸਾਨਫਰਾਂਸਿਸਕੋ ਕੇਸ ਦੇ ਅਧੀਨ ਸਜਾਵਾਂ ਭੁਗਤਣ ਵਾਲੇ 16 ਸੂਰਬੀਰਾਂ ਅਤੇ ਇਸੇ ਕੇਸ ਦੌਰਾਨ ਸ਼ਹੀਦ ਹੋਏ ਬਾਬਾ ਰਾਮ ਸਿੰਘ ਧੁਲੇਤਾ ਬਾਰੇ ਸੰਖੇਪ ਜਾਣਕਾਰੀ ਦਿਤੀ। ਉਨਾਂ ਕਿਹਾ ਕਿ ਆਜ਼ਾਦੀ ਦੀ ਲੜਾਈ ਸਿਰਫ ਹਿੰਦੁਸਤਾਨ ਦੀ ਧਰਤੀ ਦੇ ਹੀ ਨਹੀਂ ਲੜੀ ਗਈ, ਅਮਰੀਕਾ ਜਿਥੋਂ ਦੀ ਆਜ਼ਾਦੀ ਤੋਂ ਪ੍ਰੇਰਨਾ ਲੈ ਕੇ ਗਦਰੀ ਸੰਗਰਾਮੀਆਂ ਨੇ ਭਾਰਤ ਦੀ ਆਜ਼ਾਦੀ ਦਾ ਪ੍ਰਣ ਲਿਆ, ਦੀ ਧਰਤੀ 'ਤੇ ਵੀ ਉਨਾਂ ਤੇ ਕੇਸ ਚਲਾ ਕੇ ਉਨਾਂ ਨੂੰ ਜੇਲ੍ਹਾਂ ਵਿਚ ਡੱਕਣ ਦੀ ਕੋਸ਼ਿਸ ਕੀਤੀ ਤਾਂ ਕਿ ਉਹ ਭਾਰਤ ਪਹੁੰਚ ਕੇ ਅੰਗਰੇਜ ਸਾਮਰਾਜ ਨੂੰ ਚੈਲੰਜ ਨਾ ਕਰ ਸਕਣ। ਉਨ੍ਹਾਂ ਨੇ ਅਮਰੀਕੀ ਦੇਸ਼ ਭਗਤ ਵਕੀਲਾਂ ਨੂੰ ਵੀ ਅਕੀਦਤ ਦੇ ਫੁੱਲ ਭੇਂਟ ਕੀਤੇ ਜਿਨ੍ਹਾਂ ਨੇ ਇਨ੍ਹਾਂ ਕੇਸਾਂ ਵਿਚ ਗਦਰੀ ਦੇਸ਼ ਭਗਤਾਂ ਦੇ ਬਚਾਅ ਲਈ ਮੁਫਤ ਸੇਵਾਵਾਂ ਅਰਪਣ ਕੀਤੀਆਂ। ਉਨ੍ਹਾਂ ਕਿਹਾ ਕਿ ਆਜ਼ਾਦੀ ਸੰਸਾਰ ਵਿਆਪਕ ਮਨੁੱਖੀ ਅਧਿਕਾਰ ਹੈ ਅਤੇ ਇਸ ਤੇ ਹੁੰਦੇ ਹਮਲਿਆਂ ਦੇ ਬਚਾਅ ਲਈ ਸੰਘਰਸ਼ ਵੀ ਸੰਸਾਰ ਵਿਆਪਕ ਹੈ। ਇਸ ਦੇ ਹੱਕ ਵਿਚ ਆਵਾਜ਼ ਚੁਕਣ ਅਤੇ ਲੜਣ ਵਾਲਿਆਂ ਨੂੰ ਸਲਾਮ। ਪ੍ਰੀਤ ਕੌਰ ਨੇ ਸ਼ਹੀਦ ਭਗਤ ਸਿੰਘ ਨੂੰ ਸਮਰਪਤ ਇਕ ਭਾਵਪੂਰਤ ਕਵਿਤਾ ਪੇਸ਼ ਕੀਤੀ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਸਰਗਰਮ ਵਰਕਰ ਸ਼ਰਨਜੀਤ ਧਾਲੀਵਾਲ ਨੇ 'ਅਣਜੰਮੀ ਧੀ ਦੀ ਪੁਕਾਰ' ਨਾਂ ਦੀ ਇਕ ਕਵਿਤਾ ਪੜ੍ਹ ਕੇ ਸਮੂਹ ਸਰੋਤਿਆਂ ਨੂੰ ਕੀਲ ਲਿਆ।

ਇਸ ਸਬੰਧੀ ਹੋਰ ਰੰਗਦਾਰ ਫ਼ੋਟੋਆਂ ਸਫ਼ਾ 16 'ਤੇ ਦੇਖੋ

ਬੀਬੀ ਆਸ਼ਾ ਸ਼ਰਮਾ ਨੇ ਮੁਖ ਮਹਿਮਾਨ ਡਾ. ਹਰਸ਼ਿੰਦਰ ਕੌਰ ਦੀ ਜਾਣ ਪਛਾਣ ਕਰਵਾਉਦਿਆਂ ਦੱਸਿਆ ਕਿ ਪੰਜਾਬ ਦੀ ਇਹ ਮਹਾਨ ਧੀ, ਪੰਜਾਬੀ ਦੇ ਇਕ ਮਹਾਨ ਲਿਖਾਰੀ ਪ੍ਰੋ. ਪ੍ਰੀਤਮ ਸਿੰਘ ਦੀ ਬੇਟੀ ਹੈ ਅਤੇ ਉਨਾਂ ਨੂੰ ਪੰਜਾਬ ਦੀਆਂ ਧੀਆਂ ਦੀ ਸੇਵਾ ਵਿਰਸੇ ਚੋਂ ਮਿਲੀ ਹੈ, ਤਾਂ ਹੀ ਉਹ ਅਨੇਕਾਂ ਔਕੜਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਧਮਕੀਆਂ ਦੀ ਪਰਵਾਹ ਕੀਤੇ ਬਿਨਾਂ ਆਪਣੇ ਮਿਸ਼ਨ ਤੇ ਅੱਗੇ ਵੱਧ ਰਹੇ ਹਨ।

ਡਾ. ਹਰਸ਼ਿੰਦਰ ਕੌਰ ਨੇ ਆਪਣਾ ਭਾਸ਼ਨ ਸ਼ਹੀਦਾਂ ਪ੍ਰਤੀ ਬਹੁਤ ਹੀ ਭਾਵਪੂਰਤ ਕਵਿਤਾ ਨਾਲ ਸ਼ੁਰੂ ਕੀਤਾ। ਉਨ੍ਹਾਂ ਸ਼ਹੀਦਾਂ ਦੀ ਪਾਲਕ ਕੈਲੇਫੋਰਨੀਆਂ ਦੀ ਸੈਂਟਰਲ ਵੈਲੀ ਨੂੰ ਸਿਜਦਾ ਕਰਦਿਆਂ ਕਿਹਾ ਕਿ ਉਹ ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ ਨੂੰ ਇਥੇ ਆਪਣੇ ਹਮਵਤਨ ਭਾਰਤੀਆਂ ਨੂੰ ਆਜ਼ਾਦੀ ਲਈ ਪ੍ਰੇਰਤ ਕਰਦੇ ਦੇਖ ਮਾਣ ਮਹਿਸੂਸ ਕਰਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਇਤਿਹਾਸ ਲਿਖਿਆ ਜਾਂਦਾ ਹੈ ਤਾਂ ਇਹ ਜਰੂਰੀ ਨਹੀਂ ਉਹ ਸ਼ਹੀਦਾਂ ਨੂੰ ਬਣਦਾ ਥਾਂ ਦੇਵੇ, ਪਰ ਜਦੋਂ ਲੋਕ ਸ਼ਹੀਦਾਂ ਨੂੰ ਪਛਾਣ ਲੈਣ ਤਾਂ ਆਪਣੀਆਂ ਜਾਨਾਂ ਤੱਕ ਵਾਰਨ ਲਈ ਤਿਆਰ ਹੋ ਜਾਂਦੇ ਹਨ। ਗਦਰੀ ਸ਼ਹੀਦ ਇਹੋ ਜਿਹੇ ਸ਼ਹੀਦ ਸਨ ਜਿਨਾਂ ਨੂੰ ਭਾਰਤੀਆਂ ਦਾ ਕਤਲੇਆਮ ਕਰਨ ਵਾਲੇ ਜਨਰਲ ਡਾਇਰ ਨੇ ਵੀ ਆਪਣੀਆਂ ਲਿਖਤਾਂ ਵਿਚ 'ਅਜਿਤ' ਮੰਨਿਆ ਹੈ। ਗਦਰੀ ਸ਼ਹੀਦਾਂ ਨੇ ਮੁਆਫੀਨਾਮੇ ਲਿਖ ਕੇ ਆਪਣੀਆਂ ਜਾਨਾਂ ਬਖ਼ਸ਼ਾਉਣ ਦੀ ਬਜਾਏ ਹੱਸ ਕੇ ਫਾਂਸੀਆਂ ਤੇ ਚੜ੍ਹਨਾ ਕਬੂਲਿਆ।

ਢਾ. ਹਰਸ਼ਿੰਦਰ ਕੌਰ ਨੇ ਆਜ਼ਾਦੀ ਦੀ ਲੜਾਈ ਵਿਚ ਇਸਤਰੀਆਂ ਨੂੰ ਬਣਦਾ ਥਾਂ ਮੰਗਦਿਆਂ ਕਿਹਾ ਕਿ ਗਦਰੀ ਜੋ ਵਿਦੇਸ਼ਾ ਵਿਚੋਂ

ਬਾਕੀ ਸਫ਼ਾ 32 'ਤੇ


Global Solution for Transportation

GLOBAL SOLUTION FOR TRANSPORTATION GLOBAL

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਮੇਰੀ ਮਾਂ ਦੇ ਭੋਗ ਮੌਕੇ ਲੰਗਰ ਬਾਰੇ ਮਨਪ੍ਰੀਤ ਦਾ ਬਿਆਨ ਝੂਠਾ-ਸਖਬੀਰ ਬਾਦਲ

### ਛੋਟੇ ਬਾਦਲ ਦਾ ਅਪਣੇ ਚਚੇਰੇ ਭਰਾ ਉੱਤੇ ਜਵਾਬੀ ਹਮਲਾ

**ਚੰਡੀਗੜ੍ਹ/ਬਿਊਰੋ ਨਿਊਜ਼** :ਪੰਜਾਬ ਦੀ ਸਿਆਸਤ ਵਿੱਚ ਅਹਿਮ ਸਥਾਨ ਰੱਖਣ ਵਾਲੇ ਬਾਦਲ ਪਰਿਵਾਰ ਦਰਮਿਆਨ ਛਿੜੀ ਸ਼ਬਦੀ ਜੰਗ ਭਖਦੀ ਜਾ ਰਹੀ ਹੈ। ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਆਪਣੇ ਤਾਇਆ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਅਤੇ ਕਰੀਬੀ ਰਿਸ਼ਤੇਦਾਰਾਂ (ਮਜੀਠੀਆ ਪਰਿਵਾਰ) ਖ਼ਿਲਾਫ਼ ਕੀਤੀਆਂ ਤਿੱਖੀਆਂ ਟਿੱਪਣੀਆਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਮੈਦਾਨ ਵਿੱਚ ਨਿੱਤਰ ਆਏ ਹਨ। ਛੋਟੇ ਬਾਦਲ ਨੇ ਵੀਰਵਾਰ ਨੂੰ ਇੱਥੇ ਇੱਕ ਬਿਆਨ ਰਾਹੀਂ ਆਪਣੇ ਚਚੇਰੇ ਭਰਾ 'ਤੇ ਹੱਲਾ ਬੋਲਦਿਆਂ ਦਾਅਵਾ ਕੀਤਾ ਕਿ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਦੀ ਅੰਤਿਮ ਅਰਦਾਸ ਮੌਕੇ ਪਾਏ ਭੋਗ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਨਹੀਂ ਵਰਤਾਇਆ ਗਿਆ ਸੀ। ਪਾਰਟੀ ਪ੍ਰਧਾਨ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਜਾਂ ਤਾਂ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਜਾਂ ਫਿਰ ਰਾਜਨੀਤੀ ਛੱਡ ਦੇਣ। ਉਨ੍ਹਾਂ ਕਿਹਾ ਕਿ ਜੇਕਰ ਵਿੱਤ ਮੰਤਰੀ ਇਸ ਦੋਸ਼ ਨੂੰ ਸਾਬਤ ਕਰ ਦਿੰਦੇ ਹਨ ਤਾਂ ਉਹ (ਸੁਖਬੀਰ) ਹਮੇਸ਼ਾ ਲਈ ਰਾਜਨੀਤੀ ਛੱਡ ਦੇਣਗੇ। ਉਨ੍ਹਾਂ ਕਿਹਾ ਕਿ ਅਜਿਹੇ ਝੂਠੇ ਤੇ ਬੇਬੁਨਿਆਦ ਦੋਸ਼ ਕੋਈ ਸਦਭਾਵਨਾ ਤੋਂ ਕੋਰਾ ਵਿਅਕਤੀ ਹੀ ਲਾ ਸਕਦਾ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਵਿੱਤ ਮੰਤਰੀ ਨੇ ਬਜਟ ਉਪਰ ਬੋਲਣ ਸਮੇਂ ਅਕਾਲੀ ਦਲ ਵੱਲੋਂ ਲਾਏ ਗਏ ਦੋਸ਼ਾਂ ਦੀ ਥਾਂ ਈਰਖਾ ਪੂਰਨ ਝੂਠੀਆਂ ਤੇ ਨਿੱਜੀ ਟਿੱਪਣੀਆਂ ਕੀਤੀਆਂ, ਜੋ ਸ਼ੋਭਾ ਨਹੀਂ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਨੇ ਵਿਧਾਨ ਸਭਾ ਵਿੱਚ ਬੋਲਣ ਮੌਕੇ ਆਪਣਾ ਵਧੇਰੇ ਸਮਾਂ ਉਸ ਮੁਰਸ਼ਦ ਅਤੇ ਪਿਤਾ ਸਮਾਨ ਹਸਤੀ (ਪ੍ਰਕਾਸ਼ ਸਿੰਘ ਬਾਦਲ) ਖਿਲਾਫ਼ ਭੜਾਸ ਕੱਢਣ ਉੱਤੇ ਖਰਚ ਕੀਤਾ, ਜਿਨ੍ਹਾਂ ਨੂੰ ਉਹ ਆਪਣੇ ਸਿਆਸਤ ਵਿੱਚ ਆਉਣ ਦੀ ਵਜ੍ਹਾ ਮੰਨਦਾ ਹੈ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਆਪਣੇ ਪਰਿਵਾਰ ਨੂੰ ਧੋਖਾ ਦੇ ਸਕਦਾ ਹੈ, ਉਸ ਲਈ ਕਿਸਾਨਾਂ ਅਤੇ ਪੰਜਾਬ ਦੇ ਦੂਜੇ ਲੋਕਾਂ ਨਾਲ ਧੋਖਾ ਕਰਨਾ ਮੁਸ਼ਕਲ ਨਹੀਂ। ਉਨ੍ਹਾਂ ਕਿਹਾ ਕਿ ਚਚੇਰੇ ਭਰਾ ਦਾ ਰੁਖ਼ ਦੇਖ ਕੇ ਧੱਕਾ ਲੱਗਾ ਹੈ। ਉਨ੍ਹਾਂ ਕਿਹਾ, 'ਮੈਂ ਉਸ ਦੇ ਮਾੜੇ ਵਤੀਰੇ ਦਾ ਜੁਆਬ ਕਦੇ ਵੀ ਉਸ ਦੀ ਭਾਸ਼ਾ ਵਿੱਚ ਨਹੀਂ ਦੇਵਾਂਗਾ। ਮੈਂ ਅਜੇ ਵੀ ਉਸ ਦੇ ਮਾਤਾ ਪਿਤਾ ਨੂੰ ਆਪਣੇ ਮਾਪਿਆਂ ਜਿੰਨਾ ਸਤਿਕਾਰ ਦਿੰਦਾ ਹਾਂ। ਕਿਉਂਕਿ ਮੇਰੇ ਮਾਪਿਆਂ ਨੇ ਮੈਨੂੰ ਇਹੋ ਸਿੱਖਿਆ ਦਿੱਤੀ ਹੈ।'



### 'ਮੇਰੇ ਪਿਓ ਨੂੰ ਮਨਪ੍ਰੀਤ ਵੱਧ ਪਿਆਰਾ ਸੀ'

ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ ਮਨਪ੍ਰੀਤ ਨੂੰ ਹਮੇਸ਼ਾ ਉਸ ਨਾਲੋਂ ਵੀ ਵੱਧ ਪਿਆਰ ਦਿੱਤਾ। ਉਂਗਲ ਫੜ ਕੇ ਜ਼ਿੰਦਗੀ ਵਿੱਚ ਅੱਗੇ ਵਧਣਾ ਸਿਖਾਇਆ। ਮਨਪ੍ਰੀਤ ਦੇ ਸਿਆਸੀ ਜੀਵਨ ਦੀ ਸ਼ੁਰੂਆਤ ਲਈ ਆਪਣੀ ਗਿੱਦੜਬਾਹਾ ਵਾਲੀ ਸੀਟ ਛੱਡੀ ਤੇ ਉਸ ਨੂੰ ਸੂਬੇ ਦਾ ਵਿੱਤ ਮੰਤਰੀ ਬਣਾਇਆ। ਉਨ੍ਹਾਂ ਕਿਹਾ ਕਿ ਮਨਪ੍ਰੀਤ ਨੂੰ ਜਿਸ ਪਰਿਵਾਰ ਤੋਂ ਇੰਨਾ ਕੁਝ ਮਿਲਿਆ, ਉਸੇ ਪਰਿਵਾਰ ਨਾਲ ਵਿਸਵਾਸ਼ਘਾਤ ਕੀਤਾ ਹੈ।

# ਧਰਮਵੀਰ ਗਾਂਧੀ ਨੇ ਸਿਰਜਿਆ 'ਪੰਜਾਬ ਮੰਚ'

### ਫ਼ੈਡਰਲ ਭਾਰਤ, ਜਮੂਹਰੀ ਪੰਜਾਬ ਦਾ ਨਿਸ਼ਾਨਾ ਹਾਸਲ ਕਰਨ ਦੇ ਲਈ ਹਿੰਦੂ, ਦਲਿਤ, ਸਿੱਖਾਂ ਨੂੰ ਇਕਜੁਟ ਕਰਨਗੇ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ('ਆਪ') ਵਿੱਚੋਂ ਮੁਅੱਤਲ ਕੀਤੇ ਪਟਿਆਲਾ ਹਲਕੇ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਨਵਾਂ 'ਪੰਜਾਬ ਮੰਚ' ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਨੂੰ ਭਵਿੱਖ ਵਿੱਚ ਸਿਆਸੀ ਪਾਰਟੀ ਵਜੋਂ ਵਿਕਸਿਤ ਕੀਤਾ ਜਾਵੇਗਾ। ਡਾ. ਗਾਂਧੀ ਨੇ ਕਿਹਾ ਕਿ ਪੰਜਾਬੀ ਹਿਤੈਸ਼ੀਆਂ 'ਤੇ ਆਧਾਰਿਤ ਬਣਾਏ ਇਸ ਮੰਚ ਦਾ ਉਦੇਸ਼ 'ਫੈਡਰਲ ਭਾਰਤ, ਜਮਹੂਰੀ ਪੰਜਾਬ' ਦੀ ਸਿਰਜਣਾ ਕਰਨਾ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਕਿਸੇ ਵੇਲੇ ਪੰਜਾਬੀਆਂ ਦੀ ਆਵਾਜ਼ ਮੰਨੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਪੰਜਾਬ ਨੂੰ ਬੇਦਾਵਾ ਦੇ ਕੇ ਦਿੱਲੀ ਦੀ ਅਧੀਨਗੀ ਮੰਨ ਲਈ ਹੈ ਅਤੇ ਕਾਂਗਰਸ ਤੇ ਭਾਜਪਾ ਪਹਿਲਾਂ ਹੀ ਦਿੱਲੀ ਦਰਬਾਰ ਦੀਆਂ ਪਿਛਲੱਗ ਪਾਰਟੀਆਂ ਹਨ। ਇਸ ਕਾਰਨ ਸੂਬੇ ਵਿੱਚ ਪੰਜਾਬੀਆਂ ਦੀ ਆਵਾਜ਼ ਉਠਾਉਣ ਵਾਲੀ ਕੋਈ ਵੀ ਖੇਤਰੀ ਆਵਾਜ਼ ਨਹੀਂ ਬਚੀ ਤੇ ਉਨ੍ਹਾਂ ਨੇ ਪੰਜਾਬੀਅਤ ਦੇ ਇਸੇ ਖਲਾਅ ਨੂੰ ਪੂਰਨ ਲਈ ਪੰਜਾਬ ਮੰਚ ਬਣਾਇਆ ਹੈ। ਪੰਜਾਬ ਮੰਚ ਦੀ ਮੁੱਢਲੀ ਟੀਮ ਵਿੱਚ ਡਾ. ਗਾਂਧੀ ਸਮੇਤ ਡਾ. ਜਗਜੀਤ ਚੀਮਾ, ਪ੍ਰੋ. ਬਾਵਾ ਸਿੰਘ, ਪ੍ਰੋ. ਮਲਕੀਅਤ ਸਿੰਘ ਸੈਣੀ, ਪ੍ਰੋ. ਰੌਣਕੀ ਰਾਮ, ਪੱਤਰਕਾਰ ਸੁਖਦੇਵ ਸਿੰਘ, ਹਰਮੀਤ ਕੌਰ ਬਰਾੜ, ਗੁਰਪ੍ਰੀਤ ਕੌਰ ਗਿੱਲ, ਦਿਲਪ੍ਰੀਤ ਗਿੱਲ ਤੇ ਡਾ. ਹਰਿੰਦਰ ਸਿੰਘ ਜ਼ੀਰਾ ਨੂੰ ਸ਼ਾਮਲ ਕੀਤਾ ਗਿਆ ਹੈ। ਡਾ. ਗਾਂਧੀ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਉਹ 'ਆਪ' ਦੀ ਹਾਈਕਮਾਂਡ ਨੂੰ ਉਨ੍ਹਾਂ ਉਪਰ ਲੱਗੇ ਦੋਸ਼ਾਂ ਦੇ ਜਵਾਬ ਢਾਈ ਸਾਲ ਪਹਿਲਾਂ ਦੇ ਚੁੱਕੇ ਹਨ ਅਤੇ ਇਹ ਹੁਣ ਲੀਡਰਸ਼ਿਪ ਦੇ ਹੱਥ ਹੈ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਰੱਖਣਾ ਹੈ ਜਾਂ ਕੱਢਣਾ ਹੈ ਪਰ ਉਹ ਖ਼ੁਦ ਅਸਤੀਫ਼ਾ ਨਹੀਂ ਦੇਣਗੇ, ਕਿਉਂਕਿ ਉਨ੍ਹਾਂ ਨੇ ਲੋਕਾਂ ਦੀ ਪੰਜ ਸਾਲ ਸੇਵਾ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਪਹਿਲਾਂ ਹੀ ਸਵਰਾਜ, ਪਾਰਦਰਸ਼ਤਾ ਅਤੇ ਧਰਮ ਦੀ ਆੜ ਹੇਠ ਸਿਆਸਤ ਨਾ ਕਰਨ ਦੇ ਨਿਰਧਾਰਿਤ ਮੁੱਢਲੇ ਅਸੂਲਾਂ ਨੂੰ ਛੱਡ ਚੁੱਕੇ ਹਨ, ਇਸ ਲਈ ਉਹ ਕੇਜਰੀਵਾਲ ਨੂੰ ਕਦੇ ਵੀ ਮੁਆਫ਼ ਨਹੀਂ ਕਰ ਸਕਦੇ। ਡਾ. ਗਾਂਧੀ ਨੇ ਕਿਹਾ ਕਿ ਉਹ ਸੂਬੇ ਦੇ ਸਿੱਖਾਂ, ਹਿੰਦੂਆਂ ਤੇ ਦਲਿਤਾਂ ਨੂੰ ਇਕਜੁੱਟ ਕਰਕੇ ਪੰਜਾਬ ਦੀ ਆਵਾਜ਼ ਬਣਨਗੇ। ਉਹ ਪਾਕਿਸਤਾਨ ਨਾਲ ਦੋਸਤੀ ਤੇ ਵਪਾਰਕ ਸਾਂਝ ਪੈਦਾ ਕਰਨ ਅਤੇ ਜੰਗ ਵਿਰੁੱਧ ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਕਿਹਾ ਕਿ ਫ਼ੈਡਰਲ ਭਾਰਤ, ਜਮੂਹਰੀ ਪੰਜਾਬ ਸਾਡਾ ਸਿਆਸੀ ਨਿਸ਼ਾਨਾ ਆਜ਼ਾਦੀ, ਨਿਆਂ, ਬਰਾਬਰੀ ਅਤੇ ਭਾਈਚਾਰੇ ਦੀ ਸਰਬ-ਪ੍ਰਵਾਨਤ ਨੈਤਿਕਤਾ 'ਤੇ ਆਧਾਰਿਤ ਹੋਵੇਗਾ।



# ਅਰੁਣ ਜੇਤਲੀ ਨੇ ਵੀ ਅਰਵਿੰਦ ਕੇਜਰੀਵਾਲ ਨੂੰ ਕੀਤਾ ਮਾਫ਼

### ਆਪ ਦੇ ਮੋਹਰੀ ਨੇ ਭਾਜਪਾ ਆਗੂ ਤੋਂ ਮੰਗੀ ਸੀ ਲਿਖਤੀ ਮੁਆਫ਼ੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਦਾਇਰ ਫ਼ੌਜਦਾਰੀ ਮਾਣਹਾਨੀ ਦਾ ਕੇਸ ਵਾਪਸ ਲੈਣ ਲਈ ਸਹਿਮਤੀ ਦੇ ਦਿੱਤੀ ਹੈ। ਇਸ ਤਹਿਤ ਅੱਜ ਦੋਵੇਂ ਆਗੂਆਂ ਦੇ ਵਕੀਲਾਂ ਨੇ ਦਿੱਲੀ ਦੀ ਅਦਾਲਤ ਵਿੱਚ ਸਾਂਝੀ ਅਰਜ਼ੀ ਦਾਖ਼ਲ ਕਰਦਿਆਂ ਦਿੱਲੀ ਕ੍ਰਿਕਟ ਕਲੱਬ ਐਸੋਸੀਏਸ਼ਨ (ਡੀਡੀਸੀਏ) ਨਾਲ ਜੁੜਿਆ ਮਾਣਹਾਨੀ ਦਾ ਇਹ ਕੇਸ ਅਦਾਲਤ ਤੋਂ ਬਾਹਰ ਆਪਸੀ ਰਜ਼ਾਮੰਦੀ ਤਹਿਤ ਨਿਬੇੜਨ ਦੀ ਅਪੀਲ ਕੀਤੀ ਹੈ। ਵਧੀਕ ਮੁੱਖ ਮੈਟਰੋਪੌਲਿਟਨ ਮੈਜਿਸਟਰੇਟ ਸਮਰ ਵਿਸ਼ਾਲਵ ਦੀ ਅਦਾਲਤ ਮੰਗਲਵਾਰ ਨੂੰ ਇਸ ਅਰਜ਼ੀ ਉਪਰ ਸੁਣਵਾਈ ਕਰੇਗੀ।

ਦੋਵਾਂ ਆਗੂਆਂ ਨੇ ਜੱਜ ਨੂੰ ਆਪਸੀ ਰਜ਼ਾਮੰਦੀ ਨਾਲ ਮਾਮਲਾ ਨਿਬੇੜਨ ਦੀ ਗੱਲ ਆਖੀ ਹੈ। ਇਸ ਮਾਮਲੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪਾਰਟੀ ਦੇ ਹੋਰ ਆਗੂਆਂ ਸੰਜੇ ਸਿੰਘ, ਆਸ਼ੂਤੋਸ਼, ਦੀਪਕ ਵਾਜਪਾਈ ਤੇ ਰਾਘਵ ਚੱਢਾ ਆਦਿ ਨੇ ਸ੍ਰੀ ਜੇਤਲੀ ਤੋਂ ਮੁਆਫ਼ੀ ਮੰਗ ਲਈ ਸੀ। 'ਆਪ' ਆਗੂਆਂ ਨੇ ਦੋਸ਼ ਲਾਏ ਸਨ ਕਿ ਡੀਡੀਸੀਏ ਦੇ ਮੁਖੀ ਵਜੋਂ ਸ੍ਰੀ ਜੇਤਲੀ ਦੇ ਕਾਰਜਕਾਲ ਦੌਰਾਨ ਇਸ ਖੇਡ ਸੰਸਥਾ ਵਿੱਚ ਭਾਰੀ ਭ੍ਰਿਸ਼ਟਾਚਾਰ ਹੋਇਆ ਸੀ। ਸ੍ਰੀ ਜੇਤਲੀ ਨੇ ਇਸ ਕਾਰਨ ਸ੍ਰੀ ਕੇਜਰੀਵਾਲ, ਸੰਜੇ ਸਿੰਘ, ਸ੍ਰੀ ਚੱਢਾ, ਆਸ਼ੂਤੋਸ਼, ਸ੍ਰੀ ਵਾਜਪਾਈ ਤੇ ਕੁਮਾਰ ਵਿਸ਼ਵਾਸ ਖ਼ਿਲਾਫ਼ ਮਾਣਹਾਨੀ ਦਾ ਕੇਸ ਕੀਤਾ ਸੀ। ਪਿਛਲੇ ਸਮੇਂ ਤੋਂ 'ਆਪ' ਤੋਂ ਦੂਰ ਚੱਲ ਰਹੇ

ਬਾਕੀ ਸਫ਼ਾ 32 'ਤੇ






Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ) ਪੈਲਾਟਾਇਨ ਦੀਆਂ ਪ੍ਰਬੰਧਕੀ ਚੋਣਾਂ ਸੁਖਾਵੇਂ ਮਾਹੌਲ ਵਿੱਚ ਹੋਈਆਂ

## *ਦੋ ਗਰੁਪਾਂ ਦੇ ਉਮੀਦਵਾਰ ਜਿੱਤ ਹਾਸਲ ਕਰਨ 'ਚ ਕਾਮਯਾਬ*

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਾਸਤੇ 1 ਅਪਰੈਲ 2018 ਐਤਵਾਰ ਨੂੰ ਵੋਟਾਂ ਪੁਵਾਈਆਂ ਗਈਆਂ। ਵੋਟਾਂ ਦਾ ਕੰਮ ਸਵੇਰ 8:00 ਵਜੇ ਤੋਂ ਲੈਕੇ ਸ਼ਾਮ 4:00 ਵਜੇ ਤੱਕ ਚੱਲਿਆ। ਇਸ ਵਾਰ ਤਿੰਨ ਅਲੱਗ ਅਲੱਗ ਗਰੁੱਪਾਂ ਵਲੋਂ ਚੋਣਾਂ ਵਿੱਚ ਭਾਗ ਲਿਆ ਗਿਆ। ਭਾਵੇਂ ਕਿ ਕੁਝ ਸੁਹਿਰਦ ਸੱਜਣਾਂ ਵਲੋਂ ਕੋਸ਼ਿਸ਼ ਕੀਤੀ ਗਈ ਸੀ ਕਿ ਚੋਣਾਂ ਨਾ ਕਰਵਾਈਆਂ ਜਾਣ ਤੇ ਸਰਬਸੰਮਤੀ ਨਾਲ ਪੰਜ ਯੋਗ ਵਿਅਕਤੀਆਂ ਨੂੰ ਸੇਵਾ ਦਿੱਤੀ ਜਾਵੇ। ਕੁਝ ਫਾਰਮੂਲੇ ਵੀ ਤਿਆਰ ਕੀਤੇ ਗਏ ਸਨ।ਜਿਨਾਂ ਵਿੱਚ ਟੈਸਟ ਵਗੈਰਾ ਲਏ ਗਏ ਸਨ। ਚੋਣਾਂ ਦੇ ਐਲਾਨ ਸਮੇਂ 16 ਵਿਅਕਤੀਆਂ ਵਲੋਂ ਫਾਰਮ ਭਰੇ ਗਏ ਸਨ ਜਿੰਨ੍ਹਾਂ ਵਿੱਚੋਂ 8 ਵਿਅਕਤੀਆਂ ਨੇ ਸਰਬਸੰਮਤੀ ਨੂੰ ਪਹਿਲ ਨਹੀਂ ਦਿੱਤੀ । ਉਨਾਂ ਨੇ ਸਰਬਸੰਮਤੀ ਦੇ ਯਤਨਾਂ ਵਿਚੋਂ ਆਪਣੇ ਆਪ ਨੂੰ ਬਾਹਰ ਰੱਖਿਆ ਤੇ ਚੋਣਾਂ ਕਰਾਉਣ ਤੇ ਬਜਿੱਦ ਸਨ। ਦੂਜੇ 8 ਸੱਜਣਾਂ ਵਲੋਂ ਟੈਸਟ ਦਿੱਤੇ ਗਏ ਸਨ ਜਿਸ ਵਿੱਚ ਪੰਜ ਸੱਜਣ ਕ੍ਰਮਵਾਰ ਪਹਿਲੇ ਨੰਬਰਾਂ ਤੇ ਆਏ ਸਨ। ਪਰ ਸਾਰਿਆਂ ਦੀ ਸਰਬਸੰਮਤੀ ਤੇ ਸਹਿਮਤੀ ਨਾ ਹੋਣ ਤੇ ਚੋਣਾਂ ਕਰਵਾਉਣੀਆਂ ਪਈਆਂ। ਚੋਣਾਂ ਵਾਸਤੇ ਦੋ ਗਰੁੱਪਾਂ ਦੇ 5-5 ਉਮੀਦਵਾਰ ਸਨ ਤੇ ਤੀਜੇ ਗਰੁੱਪ ਵਲੋਂ 3 ਉਮੀਦਵਾਰ ਸਨ। ਨਤੀਜਿਆਂ ਅਨੁਸਾਰ ਜੈ ਰਾਮ ਸਿੰਘ ਕਾਹਲੋਂ ਗਰੁੱਪ ਵਿੱਚੋਂ ਦੋ ਉਮੀਦਵਾਰ ਜੇਤੂ ਰਹੇ ਜਦੋਂ ਕਿ ਉਨ੍ਹਾਂ ਦੇ 3 ਉਮੀਦਵਾਰ ਚੋਣ ਹਾਰ ਗਏ। ਉਨ੍ਹਾਂ ਵਿਚੋਂ ਜੈਰਾਮ ਸਿੰਘ ਕਾਹਲੋਂ ਸਭ ਤੋਂ ਵੱਧ 336 ਵੋਟਾਂ ਲੈ ਕੇ ਪਹਿਲੇ ਨੰਬਰ ਤੇ ਰਹੇ ਉਨਾਂ ਦੇ ਹੀ ਧੜੇ ਵਲੋਂ ਬੀਬੀ ਸਲਵਿੰਦਰ ਕੌਰ ਦੂਜੇ ਉਮੀਦਵਾਰ ਦੇ ਤੌਰ ਤੇ ਜੇਤੂ ਰਹੇ ਜਿਨ੍ਹਾਂ ਨੂੰ 261 ਵੋਟਾਂ ਪ੍ਰਾਪਤ ਹੋਈਆਂ ਤੇ ਉਹ ਪੰਜਵੇਂ ਸਥਾਨ ਤੇ ਰਹੇ । ਇਰਵਿਨਪ੍ਰੀਤ ਸਿੰਘ ਧੜੇ ਦੇ 3ਉਮੀਦਵਾਰ ਜੇਤੂ ਰਹੇ ਤੇ 2 ਉਮੀਦਵਾਰ ਚੋਣ ਹਾਰ ਗਏ ।

ਬਾਕੀ ਦੇ ਜੇਤੂ ਰਹੇ ਉਮੀਦਵਾਰਾਂ ਵਿੱਚੋਂ ਇਰਵਿਨਪ੍ਰੀਤ ਸਿੰਘ 291 ਵੋਟਾਂ ਲੈ ਕੇ ਦੂਜੇ ਸਥਾਨ ਅਤੇ ਅਮਰਦੇਵ ਸਿੰਘ ਬਦੇਸ਼ਾ 271 ਵੋਟਾਂ ਲੈ ਕੇ ਤੀਜੇ ਸਥਾਨ ਤੇ ਰਹੇ। ਉਸੇ ਹੀ ਗਰੁੱਪ ਦੇ ਤੀਜੇ ਉਮੀਦਵਾਰ ਪ੍ਰੇਮਪਾਲ ਸਿੰਘ 265 ਵੋਟਾਂ ਲੈ ਕੇ ਚੌਥੇ ਨੰਬਰ ਤੇ ਰਹੇ। ਤੀਜੇ ਗਰੁੱਪ ਦੇ ਵਿੱਚੋਂ ਭਾਵੇਂ ਕੋਈ ਵੀ ਉਮੀਦਵਾਰ ਜਿੱਤ ਪ੍ਰਾਪਤ ਨਹੀ ਕਰ ਸਕਿਆ ਪਰ ਉਹ ਸੰਗਤਾਂ ਦਾ ਭਰਵਾਂ ਹੁੰਗਾਰਾ ਲੈਣ ਵਿੱਚ ਕਾਮਯਾਬ ਰਹੇ। ਸਰਵਣ ਸਿੰਘ 247 ਵੋਟਾਂ ਲੈ ਕੇ ਛੇਵੇਂ ਸਥਾਨ ਤੇ ਰਹੇ। ਸ਼ਿਵਇੰਦਰਜੀਤ ਸਿੰਘ (ਦਾਰਾ) 207 ਵੋਟਾਂ ਲੈ ਕੇ ਸਤਵੇਂ ਸਥਾਨ 'ਤੇ ਰਹੇ। ਗੁਰਦੀਪ ਸਿੰਘ ਜੌਹਲ 204 ਵੋਟਾਂ ਲੈ ਕੇ ਅੱਠਵੇਂ ਸਥਾਨ 'ਤੇ ਰਹੇ, ਕੰਵਰ ਹਰਿੰਦਰਪਾਲ ਸਿੰਘ 183 ਵੋਟਾਂ ਲੈ ਕੇ ਨੌਵੇਂ ਨੰਬਰ, ਕੁਸ਼ਪਾਲ ਸਿੰਘ ਸੋਢੀ 181 ਵੋਟਾਂ ਲੈ ਕੇ ਦਸਵੇਂ ਨੰਬਰ, ਅਮਰਜੀਤ ਸਿੰਘ ਬੈਂਸ 179 ਵੋਟਾਂ ਲੈ ਕੇ ਗਿਆਰਵੇਂ ਨੰਬਰ, ਵਹੀਰ ਸਿੰਘ ਨਾਰੰਗ 153 ਵੋਟਾਂ ਲੈ ਕੇ ਬਾਰਵੇਂ ਨੰਬਰ, ਗੁਰਪ੍ਰੀਤ ਸਿੰਘ 151 ਵੋਟਾਂ ਲੈ ਕੇ ਤੇਰਵੇਂ ਨੰਬਰ, ਅਤੇ ਸਤਨਾਮ ਸਿੰਘ ਸੰਧੂ 32 ਵੋਟਾਂ ਲੈ ਕੇ ਚੌਧਵੇਂ ਨੰਬਰ 'ਤੇ ਰਹੇ। ਜਗਦੀਸ਼ ਸਿੰਘ ਸੰਧੂ ਜਿੰਨਾਂ ਵੋਟਾਂ ਕਰਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਉਹ 11 ਵੋਟਾਂ ਲੈ ਕੇ ਪੰਦਰਵੇਂ ਨੰਬਰ 'ਤੇ ਰਹੇ । ਇਸੇ ਤਰ੍ਹਾਂ ਹੀ ਮਹਾਂਬੀਰ ਸਿੰਘ ਢਿਲੋਂ ਵੀ 11 ਵੋਟਾਂ ਲੈ ਕੇ ਪੰਦਰਵੇਂ 'ਤੇ ਹੀ ਰਹੇ।

ਇਨ੍ਹਾਂ ਤੋਂ ਇਲਾਵਾ (ਸੀ ਆਈ ਸੀ ) ਸੰਵਿਧਾਨ ਕਮੇਟੀ ਵਾਸਤੇ ਇਕੋ ਇਕ ਉਮੀਦਵਾਰ ਗੁਰਦੀਪ ਸਿੰਘ ਸੰਘਾ ਸਨ ਜੋ ਕਿ ਸਰਬਸੰਮਤੀ ਨਾਲ ਚੁਣੇ ਗਏ ਸਨ । ਉਨ੍ਹਾਂ ਦਾ ਨਾਂ ਵੀ ਬੈਲਟ ਪੇਪਰ ਵਿੱਚ ਹੋਣ ਕਾਰਨ ਉਨ੍ਹਾਂ ਨੂੰ 150 ਵੋਟਾਂ ਪ੍ਰਾਪਤ ਹੋਈਆਂ ਸਨ। ਜਿਹੜੇ ਸੱਜਣ ਇਸ ਵਾਰ ਸੇਵਾ ਮੁਕਤ ਹੋ ਰਹੇ ਹਨ ਉਨ੍ਹਾਂ ਵਿੱਚ ਮਹਾਂਬੀਰ ਸਿੰਘ ਬਰਾੜ, ਗਿਆਨ ਸਿੰਘ ਸ਼ੀਅਰਾ, ਬੀਬੀ ਜਸਵੀਰ ਕੌਰ ਸਲੂਜਾ, ਬੀਬੀ ਸੁਰਿੰਦਰ ਕੌਰ ਸੈਣੀ, ਬੀਬੀ ਜਸਵੀਰ ਕੌਰ ਮਾਨ ਅਤੇ ਸੀ.ਆਈ.ਸੀ. (ਸੰਵਿਧਾਨ) ਕਮੇਟੀ ਦੇ ਸ਼ੁਭਆਸ ਸਿੰਘ ਹਨ।




ਸੈਨ ਹੋਜ਼ੇ ਦੇ ਮੇਅਰ ਵਜੋਂ ਦੁਬਾਰਾ ਚੋਣ ਲੜ ਰਹੇ ਮੇਅਰ ਸੈਮ ਲਿਕਾਰਡੋ ਦੇ ਫੰਡ ਰੇਜਿੰਗ ਲਈ ਇੰਦਰਜੀਤ ਸਿੰਘ ਸਿੱਧੂ, ਅਜੈ ਸਿੰਘ ਤੇ ਬੰਟੀ ਥਿੰਦਾ ਵਲੋਂ ਕੀਤੇ ਗਏ ਸਮਾਗਮ ਮੌਕੇ ਹਾਜ਼ਰ ਸ਼ਖ਼ਸ਼ੀਅਤਾਂ ਵਿੱਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ, ਡੈਮੋਕਰਟੇਟ ਪਾਰਟੀ ਦੇ ਸ. ਹਰਪ੍ਰੀਤ ਸਿੰਘ ਸੰਧੂ, ਸ. ਬਲਬੀਰ ਸਿੰਘ ਢਿਲੋਂ, ਬਿੱਲਾ ਸੰਘੇੜਾ ਅਤੇ ਸੈਮ ਲਿਕਾਰਡੋ ਦੇ ਹਮਾਇਤੀ। ਫੋਟੋ ਤੇ ਵੇਰਵਾ : ਸਰਬਜੋਤ ਸਿੰਘ ਸਵੱਦੀ (ਫੋਨ : 408-449-1639)

# ਸਦਨ ਦੀ ਕਾਰਵਾਈ ਫੇਸਬੁੱਕ 'ਤੇ ਪਾਉਣ ਬਦਲੇ ਕੈਪਟਨ ਖਿਲਾ.ਫ ਕਾਰਵਾਈ ਹੋਵੇ-ਖਹਿਰਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵਿਧਾਨ ਸਭਾ ਦੀ ਸਿੱਧੀ ਕਾਰਵਾਈ ਆਪਣੇ ਫੇਸਬੁੱਕ ਪੇਜ ਉੱਪਰ ਪੋਸਟ ਕਰਨ ਦੇ ਮਾਮਲੇ ਵਿੱਚ ਘੇਰ ਲਿਆ ਹੈ। ਉਨ੍ਹਾਂ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਇਸ ਮਾਮਲੇ ਵਿੱਚ ਕੈਪਟਨ ਨੂੰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਬਦਲੇ ਨੋਟਿਸ ਜਾਰੀ ਕੀਤਾ ਜਾਵੇ। ਸ੍ਰੀ ਖਹਿਰਾ ਨੇ ਸਪੀਕਰ ਨੂੰ ਲਿਖੇ ਪੱਤਰ ਵਿਚ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲੀਆ ਬਜਟ ਸੈਸ਼ਨ ਵਿੱਚ ਦਿੱਤੇ ਆਪਣੇ ਭਾਸ਼ਣ ਦੇ ਦੋ ਕਲਿੱਪ ਫੇਸਬੁੱਕ ਉਪਰ ਪਾਏ ਹਨ। ਉਨ੍ਹਾਂ ਦੱਸਿਆ ਕਿ ਇਹ ਕਲਿੱਪ 27 ਮਾਰਚ 2018 ਨੂੰ ਰਾਜਪਾਲ ਦੇ ਸੰਬੋਧਨ ਉੱਪਰ ਹੋਈ ਬਹਿਸ ਨੂੰ ਮੁਕੰਮਲ ਕਰਨ ਸਮੇਂ ਦਿੱਤੇ ਗਏ ਭਾਸ਼ਣ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੇ ਸਾਰੇ ਮੈਂਬਰ ਭਲੀਭਾਂਤ ਜਾਣਦੇ ਹਨ ਕਿ ਵਿਧਾਨ ਸਭਾ ਦੇ ਅੰਦਰ ਹੋਈ ਕਿਸੇ ਵੀ ਪ੍ਰਕਿਰਿਆ ਨੂੰ ਸੋਸ਼ਲ ਮੀਡੀਆ ਉੱਪਰ ਸਾਂਝਾ ਕਰਨ ਜਾਂ ਦਿਖਾਉਣ ਦੀ ਆਗਿਆ ਨਹੀਂ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਆਪਣੇ ਫੇਸਬੁੱਕ ਪੇਜ ਉੱਪਰ ਇੱਕ ਕਲਿੱਪ ਸਾਂਝਾ ਕੀਤਾ ਸੀ ਜਿਸ ਕਾਰਨ ਖੂਬ ਸ਼ੋਰ ਸ਼ਰਾਬੇ ਤੋਂ ਬਾਅਦ ਉਨ੍ਹਾਂ ਨੂੰ ਸਦਨ 'ਚੋਂ ਮੁਅੱਤਲ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਵਿਧਾਨ ਸਭਾ ਦੀ ਕਾਰਵਾਈ ਦੀ ਇੱਕ ਆਡੀਓ ਕਲਿੱਪ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਪੇਜ ਉੱਪਰ ਪਾਈ ਸੀ ਜੋ ਕਿ ਕੰਟੀਨ ਖੇਤਰ ਦੇ ਨਾਲ ਆਮ ਆਦਮੀ ਪਾਰਟੀ, ਲੋਕ ਇਨਸਾ.ਫ ਪਾਰਟੀ, ਸ਼੍ਰੋਮਣੀ ਅਕਾਲੀ ਦਲ-ਭਾਜਪਾ ਅਤੇ ਕਾਂਗਰਸ ਦੇ ਪਾਰਟੀ ਦ.ਫਤਰਾਂ ਵਿੱਚ ਕਾਰਵਾਈ ਦਾ ਪ੍ਰਸਾਰਨ ਕਰ ਰਹੇ ਆਡੀਓ ਸਪੀਕਰਾਂ ਤੋਂ ਰਿਕਾਰਡ ਕੀਤੀ ਗਈ ਸੀ। ਉਂਜ, ਸ੍ਰੀ ਖਹਿਰਾ ਨੇ ਕਿ ਉਹ ਵਿਧਾਨ ਸਭਾ ਦੀ ਕਾਰਵਾਈ ਲੋਕ ਸਭਾ ਤੇ ਰਾਜ ਸਭਾ ਅਤੇ ਦਿੱਲੀ ਸਮੇਤ ਹੋਰਨਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀ ਤਰਜ਼ ਉੱਪਰ ਲਾਈਵ ਦਿਖਾਏ ਜਾਣ ਦੇ ਹੱਕ ਵਿੱਚ ਹਨ। ਉਨ੍ਹਾਂ ਕਿਹਾ ਕਿ ਜਦ ਤੱਕ ਕਾਰਵਾਈ ਦੇ ਸਿੱਧੇ ਪ੍ਰਸਾਰਨ ਦਾ ਫੈਸਲਾ ਨਹੀਂ ਹੁੰਦਾ, ਉਸ ਵੇਲੇ ਤੱਕ ਕਾਨੂੰਨ ਸਭ ਲਈ ਬਰਾਬਰ ਹੋਣਾ ਚਾਹੀਦਾ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਨਿੱਜੀ ਅਕਸ ਦੀ ਬਜਾਏ ਕੌਮੀ ਅਕਸ ਨੂੰ ਲੱਗਦੀ ਢਾਅ ਦੀ ਚਿੰਤਾ ਕਰੀਏ ਜਥੇਦਾਰ ਬਡੂੰਗਰ ਜੀ!

**ਤਰਲੋਚਨ ਸਿੰਘ 'ਦੁਪਾਲਪੁਰ'**
(ਫ਼ੋਨ : 001-408-915-1268)
ਸਾਬਕਾ ਮੈਂਬਰ ਐਸ.ਜੀ.ਪੀ.ਸੀ.

ਦੋ ਅਪ੍ਰੈਲ ਦੀਆਂ ਕੁੱਝ ਪੰਜਾਬੀ ਅਖ਼ਬਾਰਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਕ੍ਰਿਪਾਲ ਸਿੰਘ ਬਡੂੰਗਰ ਦਾ ਹਿਰਖ ਭਰਿਆ ਬਿਆਨ ਛਪਿਆ ਹੈ, ਜਿਸ ਵਿਚ ਉਨ੍ਹਾਂ ਆਪਣੇ ਕਾਰਜਕਾਲ ਸਮੇਂ ਭਰਤੀ ਕੀਤੇ ਗਏ ਪੰਜ ਸੌ ਤੋਂ ਵੱਧ ਮੁਲਾਜ਼ਮਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਨੌਕਰੀਉਂ ਕੱਢਣ ਦੇ ਫੈਸਲੇ ਵਿਰੁੱਧ ਭੜਾਸ ਕੱਢੀ ਹੈ। ਉਨ੍ਹਾਂ ਸਪੱਸ਼ਟ ਕਿਹਾ ਹੈ ਕਿ ਐਸ.ਜੀ.ਪੀ.ਸੀ. ਦੇ ਕਾਇਦੇ ਕਾਨੂੰਨਾਂ ਅਨੁਸਾਰ ਕੀਤੀਆਂ ਗਈਆਂ ਇਨ੍ਹਾਂ ਮੁਲਾਜ਼ਮਾਂ ਦੀਆਂ ਨਿਯੁਕਤੀਆਂ ਨੂੰ ਮੌਜੂਦਾ ਅਹੁਦੇਦਾਰਾਂ ਵਲੋਂ ਗ਼ੈਰ ਕਾਨੂੰਨੀ ਦੱਸਣਾ, ਅਸਲ 'ਚ ਮੇਰੇ ਨਿਰੋਲ ਗੁਰਸਿੱਖੀ ਅਤੇ ਈਮਾਨਦਾਰੀ ਵਾਲੇ ਅਕਸ ਨੂੰ ਤਹਿਸ ਨਹਿਸ ਕਰਨ ਦਾ ਇੱਕ ਕੋਝਾ ਯਤਨ ਹੈ।

ਸ੍ਰੀ ਬਡੂੰਗਰ ਦਾ ਇਹ ਬਿਆਨ ਪੜ੍ਹ ਕੇ ਉਨ੍ਹਾਂ 'ਤੇ ਹੈਰਾਨੀ ਆਉਂਦੀ ਹੈ ਕਿ ਉਹ ਆਪਣੇ ਨਿੱਜੀ ਅਕਸ ਨੂੰ ਲੱਗੀ ਢਾਅ ਤੋਂ ਤਾਂ ਤੜਫ ਉੱਠੇ ਹਨ, ਪਰ ਖ਼ਾਲਸਾ ਪੰਥ ਦੇ ਅਕਸ ਨੂੰ ਲੱਗਦੀ ਰਹੀ ਢਾਅ ਸਮੇਂ ਉਨ੍ਹਾਂ ਖਾਮੋਸ਼ੀ ਧਾਰਨ ਕਰੀ ਰੱਖੀ। ਬਹੁਤਾ ਦੂਰ ਨਾ ਜਾਂਦੇ ਹੋਏ, ਮੈਂ ਉਨ੍ਹਾਂ ਦੇ ਤਾਜ਼ੇ ਪ੍ਰਧਾਨਗੀ ਕਾਲ ਦੀਆਂ ਕੁੱਝ ਮਿਸਾਲਾਂ ਦਿੰਦਿਆਂ ਸ੍ਰੀ ਬਡੂੰਗਰ ਨੂੰ ਸਵਾਲ ਕਰਦਾ ਹਾਂ ਕਿ ਜਦੋਂ ਪੰਜਾਬ ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਵੋਟਾਂ ਦੀ ਭੁੱਖ ਅਧੀਨ ਵੱਡੇ ਛੋਟੇ ਬਾਦਲਾਂ ਵਲੋਂ ਸੌਦਾ ਸਾਧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਦਿਵਾਉਣ ਦਾ ਡਰਾਮਾ ਰਚਿਆ ਗਿਆ, ਉਸ ਮੁਆਫ਼ੀ ਨਾਮੇ ਨੂੰ 'ਹੁਕਮਨਾਮੇ' ਵਜੋਂ ਪ੍ਰਵਾਨ ਕਰਨ ਲਈ ਗੁਰੂ ਕੀਆਂ ਗੋਲ੍ਹਕਾਂ ਵਿਚੋਂ 91 ਲੱਖ ਰੁਪਏ ਦੇ ਅਖ਼ਬਾਰੀ ਇਸ਼ਤਿਹਾਰ ਛਪਵਾਏ ਗਏ- ਫਿਰ ਮੁਆਫ਼ੀ ਨਾਮਾ ਰੱਦ ਕਰਵਾਇਆ ਗਿਆ - ਕੁੱਝ ਅਕਾਲੀ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸਿਰਸੇ ਡੇਰੇ ਵਿਚ ਵੋਟਾਂ ਦੀ ਖੈਰ ਮੰਗਣ ਜਾਣ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਦਾ ਨਾਟਕ ਕਰਿਆ। ਇਸ ਸਾਰੇ ਕੂੜ ਕੁਫ਼ਰ ਨੇ ਸਿੱਖ ਕੌਮ ਦੇ ਅਕਸ ਨੂੰ ਦੁਨੀਆਂ ਭਰ ਵਿਚ ਹਾਸੋਹੀਣਾ ਬਣਾਇਆ। ਪਰ ਤੁਸੀਂ ਉਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁੰਦਿਆਂ ਕੌਮ ਦੇ ਵਿਗੜਦੇ ਅਕਸ ਵਿਰੁੱਧ ਕੁਸਕੇ ਤੱਕ ਨਹੀਂ!

ਇਵੇਂ ਹੀ ਸੰਨ 2003 ਵਿਚ ਤੁਹਾਡੇ ਹੱਥੋਂ ਲਾਗੂ ਹੋਏ ਮੂਲ਼ ਨਾਨਕਸ਼ਾਹੀ ਕੈਲੰਡਰ ਨੂੰ ਸੰਨ 2010 ਵਿਚ ਤੁਹਾਡੇ ਦੇਖਦਿਆਂ ਦੇਖਦਿਆਂ ਰੱਦ ਕਰਕੇ 'ਮਿਲ਼ਗੋਭਾ ਕੈਲੰਡਰ' ਬਣਾ ਦਿੱਤਾ ਗਿਆ, ਪਰ ਤੁਸੀਂ ਚੁੱਪ ਵੱਟ ਰੱਖੀ। ਇਨ੍ਹਾਂ ਖਾਸ ਮਿਸਾਲਾਂ ਤੋਂ ਇਲਾਵਾ ਕਈ ਹੋਰ ਪੰਥਕ ਮੁੱਦਿਆਂ 'ਤੇ ਵੀ ਆਪ ਨੇ ਕੌਮੀ ਅਕਸ ਨੂੰ ਲੱਗੀ ਢਾਅ ਵਿਰੁੱਧ ਚੁੱਪੀ ਨਾ ਤੋੜੀ। ਪਰ ਹੁਣ ਅਹਿ ਮੁਲਾਜ਼ਮਾਂ ਦੀ ਬਰਤਰਫੀ ਨੂੰ ਆਪਣੇ ਨਿੱਜੀ ਅਕਸ ਲਈ ਢਾਅ ਮੰਨਦਿਆਂ ਬੜੀ ਜਲਦੀ ਬਿਆਨ ਦੇ ਦਿੱਤਾ ਹੈ ਆਪ ਜੀ ਨੇ!

ਆਪਣੇ ਉਕਤ ਬਿਆਨ ਵਿਚ ਤੁਸੀਂ ਸ਼੍ਰੋਮਣੀ ਕਮੇਟੀ ਦੇ ਵਰਤਮਾਨ ਪ੍ਰਧਾਨ ਅਤੇ ਦੂਜੇ ਅਹੁਦੇਦਾਰਾਂ ਨੂੰ 'ਨਾਦਾਨ ਮਿੱਤਰ' ਕਿਹਾ ਹੈ। ਪਰ ਜਦੋਂ ਇਨ੍ਹਾਂ 'ਨਾਦਾਨਾਂ' ਨੂੰ ਪ੍ਰਧਾਨਗੀ ਅਤੇ ਹੋਰ ਅਹੁਦੇ ਦੇਣ ਤੋਂ ਪਹਿਲਾਂ, ਸ੍ਰੀ ਸੁਖਬੀਰ ਬਾਦਲ ਸ੍ਰੀ ਅੰਮ੍ਰਿਤਸਰ ਵਿਖੇ 'ਖ਼ਾਸ ਲਿਫ਼ਾਫ਼ੇ' ਤਿਆਰ ਕਰ ਰਹੇ ਸਨ, ਤਾਂ ਉਸ ਵੇਲੇ ਤੁਸੀਂ ਖੁਦ ਵੀ ਉਨ੍ਹਾਂ 151 ਮੈਂਬਰਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਆਪਣੇ 'ਸਾਰੇ ਅਧਿਕਾਰ' ਉਸ ਪ੍ਰਧਾਨ ਨੂੰ ਸੌਂਪੇ ਸਨ, ਜਿਹੜਾ ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਵਿਚ ਆਪਣੀ ਗਾਤਰੇ ਵਾਲੀ ਸ੍ਰੀ ਸਾਹਿਬ ਵੀ ਦਿਖਾ ਨਾ ਸਕਿਆ।

ਸੋ ਜਥੇਦਾਰ ਜੀ ਇਹ ਸਰੀਰ ਅਤੇ ਅਹੁਦੇ ਸਭ ਫਨਾਹ ਹੋ ਜਾਣੇ ਨੇ, ਪਰ ਖ਼ਾਲਸਾ ਪੰਥ ਅਤੇ ਇਸ ਦੇ ਸਿਧਾਂਤ ਜੁੱਗੋ ਜੁੱਗ ਅਟੱਲ ਰਹਿਣਗੇ। ਇਸ ਕਰਕੇ ਨਿੱਜੀ ਅਕਸ ਦੀ ਥਾਂ ਕੌਮ ਦੇ ਅਕਸ ਨੂੰ ਲੱਗਦੀ ਢਾਅ ਦਾ ਫਿਕਰ ਕਰਿਆ ਕਰੀਏ। ਸਾਡੀ ਨਿੱਜ-ਵਾਦੀ ਸੋਚ ਨੇ ਕੌਮ ਦੀ ਅਧੋਗਤੀ ਦੇ ਅਗਲੇ ਪਿਛਲੇ ਰਿਕਾਰਡ ਤੋੜ ਕੇ ਰੱਖ ਦਿੱਤੇ ਹਨ। ਕ੍ਰਿਪਾ ਕਰਕੇ ਹਾਲੇ ਵੀ ਸੰਭਲ਼ੀਏ!!

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ 209.487.3699
ਹਰਨੇਕ ਸਿੰਘ ਅਟਵਾਲ 209.351.5965
2850 Loomis Rd, Stockton, CA 95205

# ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਨੇ ਮੇਰੇ ਗੁਰਸਿੱਖੀ ਅਤੇ ਇਮਾਨਦਾਰੀ ਵਾਲੇ ਅਕਸ ਨੂੰ ਤਹਿਸ-ਨਹਿਸ ਕੀਤਾ: ਬਡੂੰਗਰ

**ਪਟਿਆਲਾ/ਸਿੱਖ ਸਿਆਸਤ ਬਿਊਰੋ:**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਵਿਚ ਮੁਲਾਜ਼ਮਾਂ ਦੀ ਭਰਤੀ ਵਿਚ ਬੇਨਿਯਮੀਆਂ ਦਾ ਦੋਸ਼ ਲਾਉਣ ਬਾਅਦ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਵਲੋਂ ਉਪਰੋਕਤ ਮੁਲਾਜ਼ਮਾਂ ਦੀ ਹਾਜ਼ਰੀ ਬੰਦ ਕਰ ਦਿੱਤੇ ਜਾਣ ਬਾਅਦ ਪ੍ਰੋ. ਬਡੂੰਗਰ ਨੇ ਇਸ ਸਬੰਧੀ ਆਪਣਾ ਪੱਖ ਰਖਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਮੇਰੇ ਨਿਰੋਲ ਗੁਰਸਿੱਖੀ ਅਤੇ ਇਮਾਨਦਾਰੀ ਵਾਲੇ ਅਕਸ ਨੂੰ ਤਹਿਸ-ਨਹਿਸ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਮੰਗ ਕੀਤੀ ਕਿ ਇਸ ਸਾਰੇ ਮਾਮਲੇ ਦੀ ਸੱਚਾਈ ਖਾਲਸਾ ਪੰਥ ਸਾਹਮਣੇ ਲਿਆਉਣ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਣਯੋਗ ਦੋ ਸਾਬਕਾ ਜਾਂ ਮੌਜੂਦਾ ਸਿੱਖ ਜੱਜ ਸਾਹਿਬਾਨ ਦੀ ਕਮੇਟੀ ਪਾਸੋਂ ਪੂਰੀ ਪੜਤਾਲ ਕਰਵਾਈ ਜਾਵੇ।

ਮੀਡੀਆ ਦੇ ਨਾਂ ਜਾਰੀ ਬਿਆਨ ਵਿਚ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ, "ਪਿਛਲੇ ਕਈ ਮਹੀਨਿਆਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਅਤੇ ਉਨ੍ਹਾਂ ਵੱਲੋਂ ਮੇਰੇ ਪ੍ਰਧਾਨਗੀ ਕਾਰਜਕਾਲ ਦੌਰਾਨ ਕੀਤੀਆਂ ਗਈਆਂ ਨਿਯੁਕਤੀਆਂ ਦੀ ਘੋਖ ਪੜਤਾਲ ਕਰਨ ਲਈ ਬਣਾਈ ਤਿੰਨ ਮੈਂਬਰੀ ਕਮੇਟੀ ਦੇ ਮੈਂਬਰ ਸਾਹਿਬਾਨ ਵੱਲੋਂ ਕਈ ਵਾਰ ਬਹੁਤ ਹੀ ਭੁਲੇਖਾ ਪਾਊ ਅਤੇ ਤੱਥਾਂ ਤੋਂ ਉਲਟ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਮੈਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਤਕਰੀਬਨ 45 ਸਾਲ ਤੋਂ ਵੱਖ-ਵੱਖ ਅਹੁਦਿਆਂ ਉਤੇ ਸਫਲਤਾ ਪੂਰਵਕ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਏ ਗਏ ਵੱਖ-ਵੱਖ ਮੋਰਚਿਆਂ ਦੌਰਾਨ ਪੰਜਾਬ, ਹਰਿਆਣਾ, ਦਿੱਲੀ ਅਤੇ ਮੇਰਠ (ਯੂ.ਪੀ.) ਦੀਆਂ ਜੇਲ੍ਹਾਂ ਵਿਚ ਵੀ ਜਾਣਾ ਪਿਆ ਹੈ। ਮੈਨੂੰ ਤਿੰਨ ਵਾਰ ਸਿੱਖ ਪੰਥ ਦੀ ਸਿਰਮੌਰ ਧਾਰਮਿਕ ਜਥੇਬੰਦੀ ਸ਼੍ਰੋ. ਗੁ. ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਤੌਰ ਉਹ ਵੀ ਪੂਰੀ ਸਫਲਤਾ, ਗੁਰਮਤਿ ਮਰਿਆਦਾ ਅਤੇ ਪੰਜਾਬ ਸਿੱਖ ਗੁਰਦੁਆਰਾ ਐਕਟ 1925 ਦੇ ਨਿਰਧਾਰਤ ਨਿਯਮਾਂ ਦੀ 100 ਫੀਸਦੀ ਪਾਲਣਾ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ, ਜਿਸ ਦੀ ਪ੍ਰਦੇਸ਼, ਦੇਸ਼ ਅਤੇ ਵਿਦੇਸ਼ ਵਿਚ ਫੈਲੇ ਖਾਲਸਾ ਪੰਥ ਵੱਲੋਂ ਸਮੇਂ-ਸਮੇਂ ਸ਼ਲਾਘਾ ਵੀ ਕੀਤੀ ਜਾਂਦੀ ਰਹੀ ਹੈ।"

"ਬਦਕਿਸਮਤੀ ਵਾਲੀ ਗੱਲ ਹੈ ਕਿ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਮੇਰੇ ਨਿਰੋਲ ਗੁਰਸਿੱਖੀ ਅਤੇ ਇਮਾਨਦਾਰੀ ਵਾਲੇ ਅਕਸ ਨੂੰ ਤਹਿਸ-ਨਹਿਸ ਕੀਤਾ ਗਿਆ ਹੈ।



ਉਹ ਵੀ ਉਨ੍ਹਾਂ ਸੱਜਣਾਂ ਵੱਲੋਂ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਵਿਚ ਕੋਈ ਕੁਰਬਾਨੀ ਨਹੀਂ। ਮੈਂ ਪੂਰੀ ਜਿੰਮੇਵਾਰੀ ਅਤੇ ਇਮਾਨਦਾਰੀ ਨਾਲ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਰੀਆਂ ਨਿਯੁਕਤੀਆਂ ਪੰਜਾਬ ਸਿੱਖ ਗੁਰਦੁਆਰਾ ਐਕਟ 1925 ਅਤੇ ਸਮੇਂ-ਸਮੇਂ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵੱਲੋਂ ਕੀਤੇ ਗਏ ਫੈਸਲਿਆਂ ਅਨੁਸਾਰ ਕਮੇਟੀ ਦੇ ਪ੍ਰਧਾਨ ਨੂੰ ਦਿੱਤੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੀ ਕੀਤੀਆਂ ਗਈਆਂ ਹਨ। ਇਉਂ ਜਾਪਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਅਤੇ ਪੜਤਾਲੀਆ ਕਮੇਟੀ ਦੇ ਨਾਦਾਨ ਮੈਂਬਰ ਸਾਹਿਬਾਨ ਨੂੰ ਪੰਜਾਬ ਸਿੱਖ ਗੁਰਦੁਆਰਾ ਐਕਟ 1925 ਅਤੇ ਸਮੇਂ-ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਲੋਂ ਪਾਸ ਮਤਿਆਂ ਦੀ ਜਾਣਕਾਰੀ ਹੀ ਨਹੀਂ ਹੈ। ਇਸ ਸਭ ਕੁਝ ਪਿਛੇ ਮੇਰੀ ਲੰਮੀ ਪੰਥਕ ਸੇਵਾ ਅਤੇ ਬੇਦਾਗ ਅਕਸ ਨੂੰ ਕਲੰਕਤ ਕਰਨ ਲਈ ਕੀਤਾ ਗਿਆ ਹੈ, ਪ੍ਰੰਤੂ ਖਾਲਸਾ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਜਿਸ ਨੂੰ ਹੋਂਦ ਵਿਚ ਲਿਆਉਣ ਲਈ ਖਾਲਸਾ ਪੰਥ ਦੇ ਪੰਥਕ ਸੰਘਰਸ਼ੀ ਯੋਧਿਆਂ ਵੱਲੋਂ ਲਾਏ 11 ਮੋਰਚਿਆਂ ਦੌਰਾਨ ਦਿੱਤੀਆਂ ਅਣਗਿਣਤ ਕੁਰਬਾਨੀਆਂ ਦਿੱਤੀਆਂ ਦਾ ਹੀ ਅਕਸ ਖਰਾਬ ਕੀਤਾ ਗਿਆ ਹੈ, ਜੋ ਬਹੁਤ ਹੀ ਮੰਦਭਾਗਾ ਅਤੇ ਪੰਥ ਵਿਰੋਧੀ ਕਾਰਾਹੈ। ਮੈਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਖਾਲਸਾ ਪੰਥ ਸਾਹਮਣੇ ਸੱਚਾਈ ਲਿਆਉਣ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਣਯੋਗ ਦੋ ਸਾਬਕਾ ਜਾਂ ਮੌਜੂਦਾ ਸਿੱਖ ਜੱਜ ਸਾਹਿਬਾਨ ਦੀ ਕਮੇਟੀ ਪਾਸੋਂ ਪੂਰੀ ਪੜਤਾਲ ਕਰਵਾਈ ਜਾਵੇ। ਜੇਕਰ ਮੈਂ ਦੋਸ਼ੀ ਪਾਇਆ ਜਾਂਦਾ ਹਾਂ ਤਾਂ ਮੈਂ ਪੰਥ ਵੱਲੋਂ ਦਿੱਤੀ ਕਿਸੇ ਵੀ ਵੱਡੀ ਤੋਂ ਵੱਡੀ ਸਜ਼ਾ ਭੁਗਤਣ ਲਈ ਤਿਆਰ ਹਾਂ, ਜੇਕਰ ਮੇਰਾ ਪ੍ਰਧਾਨਗੀ ਕਾਰਜਕਾਲ ਬੇਦਾਗ ਅਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਠੀਕ ਪਾਇਆ ਜਾਵੇ ਤਾਂ ਮੈਂ ਤਾਂ ਆਪਣੇ ਇਨ੍ਹਾਂ ਨਾਦਾਨ ਮਿੱਤਰਾਂ ਨੂੰ ਅੱਗੋਂ ਬੇਨਤੀ ਕਰਾਂਗਾ ਕਿ ਉਹ ਅੱਗੋਂ ਤੋਂ ਅਜਿਹੀ ਪੰਥ ਵਿਰੋਧੀ ਕਾਰਵਾਈ ਕਰਨ ਤੋਂ ਗੁਰੇਜ਼ ਕਰਨ। ਮੈਂ ਇਹ ਵੀ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਵੀ ਨਿਯੁਕਤੀਆਂ ਕੀਤੀਆਂ ਗਈਆਂ ਹਨ ਉਹ ਪੰਥਕ ਪਰਿਵਾਰਾਂ ਨਾਲ ਸਬੰਧ ਰੱਖਣ ਵਾਲੇ ਗਰੀਬ ਘਰਾਂ ਦੇ ਹੀ ਅਤਿ ਲੋੜਵੰਦ ਬੱਚੇ-ਬੱਚੀਆਂ ਹਨ, ਜੇਕਰ ਮੇਰੇ ਵੱਲੋਂ ਕੀਤੀਆਂ ਗਈਆਂ ਸਾਰੀਆਂ ਨਿਯੁਕਤੀਆਂ ਅਤੇ ਤਰੱਕੀਆਂ ਗਲਤ ਹਨ ਤਾਂ ਡਾ. ਰੂਪ ਸਿੰਘ ਨੂੰ ਮੈਂ ਹੀ ਮੁੱਖ ਸਕੱਤਰ ਬਣਾਇਆ ਸੀ ਅਤੇ ਐਜੂਕੇਸ਼ਨ ਦੇ ਮੌਜੂਦਾ ਡਾਇਰੈਕਟਰ ਅਤੇ ਡਿਪਟੀ ਡਾਇਰੈਕਟਰ ਦੀਆਂ ਨਿਯੁਕਤੀਆਂ ਕੀਤੀਆਂ ਅਤੇ ਜਿਨਾਂ ਕੁਝ ਬੰਦਿਆਂ ਨੂੰ ਜਾਣ ਬੁੱਝ ਕੇ ਫਾਰਗ ਨਹੀਂ ਕੀਤਾ ਗਿਆ ਕਿਉਂਕਿ ਉਨ੍ਹਾਂ ਦਾ ਸਬੰਧ ਮੌਜੂਦਾ ਪ੍ਰਬੰਧਕਾਂ ਨਾਲ ਹੈ। ਉਨ੍ਹਾਂ ਸਭ ਦੀਆਂ ਨਿਯੁਕਤੀਆਂ ਤਰੱਕੀਆਂ ਵੀ ਰੱਦ ਹੋਣੀਆਂ ਚਾਹੀਦੀਆਂ ਹਨ।"

## ਬੇਨਿਯਮੀ ਭਰਤੀਆਂ 'ਤੇ ਬਡੂੰਗਰ ਦਾ ਲੌਂਗੋਵਾਲ 'ਤੇ ਪਲਟ ਵਾਰ

### *ਸ਼੍ਰੋਮਣੀ ਕਮੇਟੀ ਜਾਂਚ ਰਿਪੋਰਟ ਜਨਤਕ ਕਰੇ: ਫਾਰਗ ਮੁਲਾਜ਼ਮਾਂ ਨੇ ਕੀਤੀ ਮੰਗ*

ਪਟਿਆਲਾ/ਸਿੱਖ ਸਿਆਸਤ ਬਿਊਰੋ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 500 ਤੋਂ ਵੱਧ ਫਾਰਗ ਕੀਤੇ ਮੁਲਾਜ਼ਮਾਂ ਦਾ ਮਾਮਲਾ ਸ਼ਾਂਤ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਮੁਲਾਜ਼ਮਾਂ ਨੂੰ ਫਾਰਗ ਕੀਤੇ ਜਾਣ ਤੋਂ ਬਾਅਦ ਜਿਥੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਪ੍ਰਧਾਨ ਅਤੇ ਕਮੇਟੀ ਦੇ ਕਈ ਅਧਿਕਾਰੀਆਂ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ, ਉਥੇ ਦੂਜੇ ਪਾਸੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਵਿਖੇ ਹੋਈਆਂ ਸਿੱਧੇ-ਅਸਿੱਧੇ ਢੰਗ ਨਾਲ 70 ਤੋਂ ਵੱਧ ਕੀਤੀਆਂ ਗਈਆਂ ਨਿਯੁਕਤੀਆਂ ਦਾ ਮਾਮਲਾ ਮੁੜ ਗਰਮਾ ਗਿਆ ਹੈ, ਜਿਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਜਾਣਦੇ ਹੋਏ ਵੀ ਚੁੱਪ ਧਾਰੀ ਬੈਠੇ ਨਜ਼ਰ ਆ ਰਹੇ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਡਾਇਰੈਕਟਰ ਜਤਿੰਦਰ ਸਿੰਘ ਸਿੱਧੂ ਮਾਤਾ ਗੁਜਰੀ ਕਾਲਜ ਵਿਖੇ ਪ੍ਰਿੰਸੀਪਲ ਸਨ ਤਾਂ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਰਸੂਖ ਵਰਤਦਿਆਂ ਆਪਣੇ ਕਈ ਚਹੇਤਿਆਂ ਨੂੰ ਬਿਨਾਂ ਨਿਯੁਕਤੀ ਪੱਤਰ ਤੋਂ ਕਾਲਜ 'ਚ ਨੌਕਰੀ ਦਿੱਤੀ ਅਤੇ ਕਾਲਜ ਦੇ ਹੀ ਫੰਡਾਂ 'ਚੋਂ ਉਨ੍ਹਾਂ ਨੂੰ ਤਨਖ਼ਾਹ ਦੇ ਕੇ ਸ਼੍ਰੋਮਣੀ ਕਮੇਟੀ ਦੇ ਖਜ਼ਾਨੇ ਨੂੰ ਚੂਨਾ ਲਾਉਣ ਦਾ ਕੰਮ ਲੰਮਾ ਸਮਾਂ ਜਾਰੀ ਰੱਖਿਆ, ਇਸ ਸਬੰਧੀ ਮਾਤਾ ਗੁਜਰੀ ਕਾਲਜ 'ਚ ਮੌਜੂਦਾ ਪ੍ਰਿੰਸੀਪਲ ਕਸ਼ਮੀਰ ਸਿੰਘ ਨੇ ਇਸ ਸਾਰੇ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਜਾਣੂ ਕਰਵਾਇਆ, ਪਰ ਬਾਅਦ 'ਚ ਮਾਮਲੇ ਨੂੰ ਇਸ ਕਰਕੇ ਠੰਡੇ ਬਸਤੇ 'ਚ ਪਾਇਆ ਜਾ ਰਿਹਾ ਹੈ ਕਿ ਡਾਇਰੈਕਟਰ ਸਿੱਧੂ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਜ਼ਦੀਕੀਆਂ 'ਚੋਂ ਮੰਨੇ ਜਾਂਦੇ ਹਨ। ਮਾਤਾ ਗੁਜਰੀ ਕਾਲਜ 'ਚ ਸਿੱਧੇ-ਅਸਿੱਧੇ ਢੰਗ ਨਾਲ ਕੀਤੀਆਂ ਗਈਆਂ ਨਿਯੁਕਤੀਆਂ ਤੋਂ ਇਹ ਪਤਾ ਚੱਲਦਾ ਹੈ ਕਿ 'ਦਾਲ' ਪੂਰੀ ਹੀ ਕਾਲੀ ਹੈ। ਜ਼ਿਲ੍ਹਾ ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਵਿਖੇ ਫਾਰਗ ਕੀਤੇ ਮੁਲਾਜ਼ਮਾਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਿਨਾਂ ਕਿਸੇ ਕਾਰਨ ਦੱਸੇ ਉਨ੍ਹਾਂ ਨੂੰ ਨੌਕਰੀਓ ਫਾਰਗ ਤਾਂ ਕਰ ਦਿੱਤਾ ਗਿਆ ਹੈ, ਜਦਕਿ ਨੌਕਰੀਓ ਫਾਰਗ ਕਰਨ ਤੋਂ ਪਹਿਲਾਂ ਨੋਟਿਸ ਦੇ ਕੇ

ਬਾਕੀ ਸਫ਼ਾ 30 'ਤੇ

CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

*ਸਿੱਖ ਕਤਲੇਆਮ :*

## ਸੂਚਨਾ ਕਮਿਸ਼ਨ ਵਲੋਂ ਗ੍ਰਹਿ ਮੰਤਰਾਲੇ ਨੂੰ ਮੁਆਵਜ਼ਾ ਲੈਣ ਵਾਲੇ ਪੀੜਤਾਂ ਦੇ ਨਾਵਾਂ ਦੀ ਸੂਚੀ ਨਸ਼ਰ ਕਰਨ ਦਾ ਹੁਕਮ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੇਂਦਰੀ ਸੂਚਨਾ ਕਮਿਸ਼ਨ (ਸੀਆਈਸੀ) ਨੇ ਗ੍ਰਹਿ ਮੰਤਰਾਲੇ ਨੂੰ ਹਦਾਇਤ ਕੀਤੀ ਹੈ ਕਿ ਉਹ ਮੁਆਵਜ਼ਾ ਲੈਣ ਵਾਲੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਸੂਚੀ ਨਸ਼ਰ ਕਰੇ। ਸੂਚਨਾ ਕਮਿਸ਼ਨਰ ਯਸ਼ੋਵਰਧਨ ਆਜ਼ਾਦ ਨੇ ਨਵਦੀਪ ਗੁਪਤਾ ਵੱਲੋਂ ਦਿੱਤੀ ਗਈ ਸ਼ਿਕਾਇਤ 'ਤੇ ਇਹ ਹੁਕਮ ਜਾਰੀ ਕੀਤੇ ਹਨ। ਗੁਪਤਾ ਨੇ ਮੰਤਰਾਲੇ ਤੋਂ ਲਾਭਪਾਤਰੀਆਂ ਦੇ ਨਾਵਾਂ, ਪਤਿਆਂ, ਦੰਗਿਆਂ 'ਚ ਹੋਏ ਨੁਕਸਾਨ ਅਤੇ ਮੁਆਵਜ਼ੇ ਸਮੇਤ ਹੋਰ ਮੁਕੰਮਲ ਜਾਣਕਾਰੀ ਦੀ ਸੂਚੀ ਮੰਗੀ ਹੈ। ਜਦੋਂ ਉਸ ਨੂੰ ਮੰਤਰਾਲੇ ਤੋਂ ਕੋਈ ਜਵਾਬ ਨਾ ਮਿਲਿਆ ਤਾਂ ਨਵਦੀਪ ਗੁਪਤਾ ਨੇ ਸੀਆਈਸੀ ਕੋਲ ਸ਼ਿਕਾਇਤ ਕੀਤੀ ਜਿਥੇ ਮੰਤਰਾਲੇ ਨੇ ਉਨ੍ਹਾਂ ਦੋਸ਼ਾਂ ਨੂੰ ਖ਼ਾਰਿਜ ਕਰ ਦਿੱਤਾ ਕਿ ਕਿਸੇ ਖਾਸ ਇਰਾਦੇ ਨਾਲ ਉਸ ਦੀ ਆਰਟੀਆਈ ਪਟੀਸ਼ਨ ਦਾ ਜਵਾਬ ਨਹੀਂ ਦਿੱਤਾ ਗਿਆ। ਅਧਿਕਾਰੀ ਨੇ ਕਿਹਾ ਕਿ ਤਕਨੀਕੀ ਗੜਬੜੀ ਕਰਕੇ ਉਸ ਨੂੰ ਜਾਣਕਾਰੀ ਨਹੀਂ ਦਿੱਤੀ ਜਾ ਸਕੀ। ਸ੍ਰੀ ਆਜ਼ਾਦ ਨੇ ਪੀਆਈਓ ਨੂੰ ਨਿਰਦੇਸ਼ ਦਿੱਤੇ ਕਿ ਉਹ ਅਰਜ਼ੀਕਾਰ ਨੂੰ ਦੋ ਹਫ਼ਤਿਆਂ ਅੰਦਰ ਜਵਾਬ ਦੇਣ ਪਰ ਜੇਕਰ ਫਿਰ ਵੀ ਅਰਜ਼ੀਕਾਰ ਦੀ ਤਸੱਲੀ ਨਹੀਂ ਹੁੰਦੀ ਹੈ ਤਾਂ ਉਹ ਮੁੜ ਕਮਿਸ਼ਨ ਦਾ ਰੁਖ਼ ਕਰ ਸਕਦਾ ਹੈ। ਇਕ ਹੋਰ ਵੱਖਰੀ ਅਰਜ਼ੀ 'ਚ ਗੁਪਤਾ ਨੇ ਗ੍ਰਹਿ ਮੰਤਰਾਲੇ ਤੋਂ ਭਾਰਤ 'ਚ ਕਤਲੇਆਮ ਦੀ ਪਰਿਭਾਸ਼ਾ ਜਾਣਨੀ ਚਾਹੀ। ਸ੍ਰੀ ਆਜ਼ਾਦ ਨੇ ਕਿਹਾ ਕਿ ਕਮਿਸ਼ਨ ਕਤਲੇਆਮ ਦੀ ਪਰਿਭਾਸ਼ਾ ਨਾਲ ਜੁੜੇ ਸਵਾਲ ਦਾ ਨੋਟਿਸ ਲੈਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ 1948 ਦੇ ਯੂਐਨ ਜੈਨੋਸਾਈਡ ਕਨਵੈਨਸ਼ਨ 'ਤੇ ਸਹੀ ਪਾਈ ਹੈ ਪਰ 'ਜੈਨੋਸਾਈਡ' ਸ਼ਬਦ ਨੂੰ ਪਰਿਭਾਸ਼ਿਤ ਕਰਨ ਵਾਲਾ ਕੋਈ ਕਾਨੂੰਨ ਪਾਸ ਨਹੀਂ ਕੀਤਾ ਹੈ।

## ਅਲਬਰਟਾ ਸੂਬੇ ਵਿੱਚ ਸਿੱਖ ਮੋਟਰ ਚਾਲਕਾਂ ਨੂੰ ਹੈਲਮਟ ਤੋਂ ਮਿਲੀ ਛੋਟ

**ਕੈਲਗਰੀ/ਬਿਊਰੋ ਨਿਊਜ਼:**
ਕੈਨੇਡਾ ਦੇ ਸੂਬੇ ਅਲਬਰਟਾ ਦੀ ਐਨਡੀਪੀ ਸਰਕਾਰ ਨੇ ਵੱਡਾ ਫ਼ੈਸਲਾ ਲੈਂਦਿਆਂ 18 ਸਾਲ ਤੋਂ ਵੱਧ ਉਮਰ ਦੇ ਸਿੱਖ ਮੋਟਰਸਾਈਕਲ ਚਾਲਕਾਂ ਨੂੰ ਹੈਲਮਟ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ। ਸੂਬੇ ਦੇ ਟਰਾਂਸਪੋਰਟ ਮੰਤਰੀ ਬਰਾਇਨ ਮੇਸਨ ਨੇ ਐਲਾਨ ਕੀਤਾ ਕਿ ਇਹ ਛੋਟ 12 ਅਪਰੈਲ ਤੋਂ ਲਾਗੂ ਹੋ ਜਾਵੇਗੀ। ਬ੍ਰਿਟਿਸ਼ ਕੋਲੰਬੀਆ ਅਤੇ ਮੈਨੀਟੋਬਾ ਤੋਂ ਬਾਅਦ ਅਲਬਰਟਾ ਮੁਲਕ ਦਾ ਤੀਜਾ ਸੂਬਾ ਬਣ ਗਿਆ ਹੈ ਜਿੱਥੇ ਸਿੱਖ ਮੋਟਰਸਾਈਕਲ ਚਾਲਕਾਂ ਨੂੰ ਹੈਲਮਟ ਦੀ ਬਜਾਏ ਪੱਗੜੀ ਬੰਨ੍ਹਣ ਦੀ ਖੁੱਲ੍ਹ ਹੋਵੇਗੀ। ਮੇਸਨ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਰਕਾਰ ਦੇ ਇਸ ਫ਼ੈਸਲੇ ਨਾਲ ਸਿੱਖ ਭਾਈਚਾਰੇ ਦੀ ਸ਼ਾਨ ਪੱਗੜੀ ਨੂੰ ਹੋਰ ਵੀ ਅਹਿਮੀਅਤ ਮਿਲੇਗੀ। ਫ਼ੈਸਲੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਲਈ ਸਰਕਾਰ ਵੱਲੋਂ ਆਪਣੇ ਟਰੈਫਿਕ ਅਤੇ ਸੇਫਟੀ ਕਾਨੂੰਨ ਵਿੱਚ ਸੋਧ ਕੀਤੀ ਗਈ ਹੈ। ਇਸ ਸਬੰਧੀ ਕਿਆਸਅਰਾਈਆਂ ਉਸ ਸਮੇਂ ਤੋਂ ਹੀ ਲੱਗਣੀਆਂ ਸ਼ੁਰੂ ਹੋ ਗਈਆਂ ਸਨ ਜਦੋਂ ਸਿੱਖ ਜਥੇਬੰਦੀਆਂ ਨੇ ਕੁਝ ਦਿਨ ਪਹਿਲਾਂ ਸੂਬੇ ਦੀ ਮੁੱਖ ਮੰਤਰੀ ਰਿਚਲੇ ਨੋਟਲੀ ਨਾਲ ਮੁਲਾਕਾਤ ਕੀਤੀ ਸੀ। ਸਾਲ 2014 ਵਿੱਚ ਓਂਟਾਰੀਓ ਦੀ ਮੁੱਖ ਮੰਤਰੀ ਕੈਥਲੀਨ ਵਾਈਨੇ ਨੇ ਕਿਹਾ ਸੀ ਕਿ ਮੋਟਰਸਾਈਕਲ ਸਵਾਰਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਿੱਖ ਮੋਟਰਸਾਈਕਲ ਚਾਲਕਾਂ ਨੂੰ ਹੈਲਮਟ ਤੋਂ ਛੋਟ ਨਹੀਂ ਦਿੱਤੀ ਜਾ ਸਕਦੀ।



ਸਿੱਖ ਮੋਟਰਸਾਈਕਲ ਕਲੱਬ ਐਡਮੰਟਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਅਲਬਰਟਾ ਸਰਕਾਰ ਦੇ ਫ਼ੈਸਲੇ ਨੂੰ ਇਤਿਹਾਸਕ ਦੱਸਿਆ ਹੈ। ਸਿੱਖ ਮੋਟਰਸਾਈਕਲ ਕਲੱਬ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਅਵਤਾਰ ਸਿੰਘ, ਸਿੱਖ ਮੋਟਰਸਾਈਕਲ ਕਲੱਬ ਓਂਟਾਰੀਓ ਦੇ ਪ੍ਰਧਾਨ ਇੰਦਰਜੀਤ ਸਿੰਘ ਜਗਰਾਉਂ ਅਤੇ ਸਿੱਖ ਮੋਟਰਸਾਈਕਲ ਕਲੱਬ ਮੈਨੀਟੋਬਾ ਦੇ ਪ੍ਰਧਾਨ ਸ਼ਿੰਦਰਪਾਲ ਸਿੰਘ ਨੇ ਸਾਂਝੇ ਬਿਆਨ ਰਾਹੀਂ ਅਲਬਰਟਾ ਸਰਕਾਰ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਓਂਟਾਰੀਓ ਸਰਕਾਰ ਨੂੰ ਵੀ ਇਸੇ ਤਰ੍ਹਾਂ ਦੀ ਛੋਟ ਦੇਣ ਦੀ ਅਪੀਲ ਕੀਤੀ ਹੈ। ਕੈਨੇਡਾ ਦੀ ਕੌਮੀ ਪੁਲੀਸ ਆਰਸੀਐਮਪੀ ਦੇ ਪਹਿਲੇ ਪੱਗੜੀਧਾਰੀ ਪੁਲੀਸ ਅਫ਼ਸਰ ਬਲਤੇਜ ਸਿੰਘ ਢਿੱਲੋਂ ਨੇ ਵੀ ਅਲਬਰਟਾ ਸੂਬੇ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ

# ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਅਖ਼ਤਿਆਰੀ ਫੰਡ ਤਿਗੁਣੇ ਕੀਤੇ

*ਨਵੇਂ ਬੱਜਟ 'ਚ ਵਿਦਿਅਕ ਅਦਾਰਿਆਂ ਲਈ 228 ਕਰੋੜ ਰੁਪਏ ਦਾ ਵਾਧਾ*



**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ 2018-19 ਵਾਸਤੇ ਲਗਪਗ 1159 ਕਰੋੜ 67 ਲੱਖ ਰੁਪਏ ਦਾ ਅਨੁਮਾਨਿਤ ਬਜਟ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਬਜਟ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਅਖ਼ਤਿਆਰੀ ਫੰਡਾਂ ਵਿੱਚ ਦੋ ਲੱਖ ਰੁਪਏ ਦਾ ਸਾਲਾਨਾ ਵਾਧਾ ਕਰ ਦਿੱਤਾ ਗਿਆ ਹੈ। ਇੱਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਜਨਰਲ ਹਾਊਸ ਦੀ ਮੀਟਿੰਗ ਵਿੱਚ ਬਜਟ ਪਾਸ ਕੀਤਾ ਗਿਆ। ਬਜਟ ਦੀ ਸ਼ੁਰੂਆਤ ਅਰਦਾਸ ਅਤੇ ਹੁਕਮਨਾਮਾ ਲੈ ਕੇ ਕੀਤੀ ਗਈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂਵਾਲ ਨੇ ਬਜਟ ਪੇਸ਼ ਕੀਤਾ। 2018-19 ਵਰ੍ਹੇ ਦਾ ਇਹ ਬਜਟ 1159 ਕਰੋੜ 67 ਲੱਖ ਰੁਪਏ ਦਾ ਹੈ, ਜੋ ਕਿ ਪਿਛਲੇ ਵਰ੍ਹੇ 2017-18 ਦੇ ਬਜਟ 1106.59 ਕਰੋੜ ਨਾਲੋਂ ਲਗਪਗ 53 ਕਰੋੜ ਰੁਪਏ ਵੱਧ ਹੈ। ਬਜਟ ਵਿਚ ਭਾਵੇਂ ਵਾਧਾ ਹੋਇਆ ਹੈ ਪਰ ਵਾਧੇ ਦੀ ਦਰ ਵਿੱਚ ਕਮੀ ਆਈ ਹੈ। ਪਿਛਲੇ ਵਰ੍ਹੇ ਦੇ ਬਜਟ ਵਿੱਚ 88.1 ਕਰੋੜ ਰੁਪਏ ਦਾ ਵਾਧਾ ਹੋਇਆ ਸੀ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਮੁਤਾਬਕ ਨੋਟਬੰਦੀ ਦੇ ਕਾਰਨ ਗੁਰਦੁਆਰਿਆਂ ਦੀ ਗੋਲਕ ਵਿੱਚ ਅਤੇ ਦਾਨ ਦੀ ਰਕਮ ਵਿਚ ਕਮੀ ਆਈ ਹੈ। ਇਸ ਤੋਂ ਇਲਾਵਾ ਹੁਣ ਤਕ ਸ਼੍ਰੋਮਣੀ ਕਮੇਟੀ ਸਾਢੇ ਚਾਰ ਕਰੋੜ ਰੁਪਏ ਜੀਐਸਟੀ ਟੈਕਸ ਦੇ ਭੁਗਤਾਨ ਵਜੋਂ ਅਦਾ ਕਰ ਚੁੱਕੀ ਹੈ।

ਬਜਟ ਬਾਰੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਹੁਣ ਤਕ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਇੱਕ ਲੱਖ ਰੁਪਏ ਅਖ਼ਤਿਆਰੀ ਫੰਡ ਵਜੋਂ ਮਿਲਦਾ ਸੀ, ਜੋ ਕਿ ਹੁਣ ਨਵੇਂ ਵਿੱਤੀ ਵਰ੍ਹੇ ਵਿੱਚ ਤਿੰਨ ਲੱਖ ਰੁਪਏ ਹੋਵੇਗਾ। ਇਸ ਨਾਲ ਸ਼੍ਰੋਮਣੀ ਕਮੇਟੀ ਤੇ ਪੰਜ ਕਰੋੜ ਤੋਂ ਵੱਧ ਦਾ ਨਵਾਂ ਬੋਝ ਪਵੇਗਾ। ਪ੍ਰਧਾਨ ਨੇ ਸਮੂਹ ਮੈਂਬਰਾਂ ਨੂੰ ਸਪੱਸ਼ਟ ਆਖਿਆ ਹੈ ਕਿ ਹੁਣ ਭਵਿੱਖ ਵਿੱਚ ਉਹ ਆਪਣੇ ਅਖ਼ਤਿਆਰੀ ਫੰਡ ਵਿੱਚੋਂ ਹੀ ਗੁਰਦੁਆਰਿਆਂ ਨੂੰ ਲੰਗਰ ਦੇ ਬਰਤਨ ਤੇ ਹੋਰ ਸਾਮਾਨ ਵਾਸਤੇ ਗਰਾਂਟ ਦੇਣਗੇ। ਸ਼੍ਰੋਮਣੀ ਕਮੇਟੀ ਆਪਣੇ ਫੰਡਾਂ ਵਿਚੋਂ ਅਜਿਹੇ ਖਰਚੇ ਨਹੀਂ ਕਰੇਗੀ। ਬਜਟ ਵਿੱਚ ਸੈਕਸ਼ਨ 85 ਹੇਠ ਸਿੱਧੇ ਆਉਂਦੇ ਗੁਰਦੁਆਰਿਆਂ ਅਤੇ ਇਨ੍ਹਾਂ ਨਾਲ ਜੋੜੇ ਗਏ ਗੁਰਦੁਆਰਿਆਂ ਦਾ ਬਜਟ 688 ਕਰੋੜ 94 ਲੱਖ ਰੁਪਏ ਰੱਖਿਆ ਗਿਆ ਹੈ। ਧਰਮ ਪ੍ਰਚਾਰ ਕਮੇਟੀ ਦਾ ਬਜਟ 76 ਕਰੋੜ ਰੁਪਏ, ਵਿਦਿਅਕ ਅਦਾਰਿਆਂ ਦਾ ਬਜਟ 228 ਕਰੋੜ ਰੁਪਏ , ਪ੍ਰਿੰਟਿੰਗ ਪ੍ਰੈੱਸਾਂ ਲਈ 7 ਕਰੋੜ 98 ਲੱਖ ਰੁਪਏ ਬਜਟ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਨਿੱਜੀ ਬਜਟ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਦਾ ਕੁਲ ਜੋੜ 158.75 ਕਰੋੜ ਰੁਪਏ ਹੈ, ਜਿਸ ਵਿਚ ਜਨਰਲ ਬੋਰਡ ਫੰਡ 66 ਕਰੋੜ 25 ਲੱਖ, ਟਰੱਸਟ ਫੰਡ 56 ਕਰੋੜ ਅਤੇ ਵਿੱਦਿਆ ਫੰਡ 36 ਕਰੋੜ 50 ਲੱਖ ਰੁਪਏ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਬਜਟ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਸਮੂਹ 233 ਅਦਾਰਿਆਂ ਦਾ ਬਜਟ ਹੈ। ਬਜਟ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਵਿਸ਼ੇਸ਼ ਬਜਟ ਰੱਖਿਆ ਗਿਆ ਹੈ, ਜਿਸ ਤਹਿਤ ਗੁਰਮਤਿ ਸਮਾਗਮ ਕੀਤੇ ਜਾਣਗੇ, ਸੁਲਤਾਨਪੁਰ ਲੋਧੀ ਵਿੱਚ ਯਾਦਗਾਰਾਂ ਉਸਾਰੀਆਂ ਜਾਣਗੀਆਂ। ਵਿਸ਼ੇਸ਼ ਯਾਦਗਾਰ ਗੁਰਦੁਆਰਾ ਸੰਤ ਘਾਟ ਦੇ ਨੇੜੇ ਸਥਾਪਿਤ ਹੋਵੇਗੀ, ਜਿਥੇ ਇੱਕ ਮੀਨਾਰ ਤੇ ੴ ਦਾ ਵਿਸ਼ਾਲ ਚਿੰਨ੍ਹ ਬਣੇਗਾ। ਪੱਛੜੇ ਇਲਾਕਿਆਂ ਖਾਸ ਕਰਕੇ ਪਿੰਡਾਂ ਵਿਚ ਮੁਢਲੀਆਂ ਮੈਡੀਕਲ ਸਹੂਲਤਾਂ ਦੇਣ ਲਈ ਮੈਡੀਕਲ ਵੈਨਾਂ ਖਰੀਦਣ ਵਾਸਤੇ 90 ਲੱਖ ਰੁਪਏ ਰੱਖੇ ਗਏ ਹਨ। ਜਦੋਂਕਿ ਡਾਕਟਰੀ ਸਹੂਲਤਾਂ ਤੇ ਦਵਾਈਆਂ ਲਈ 25 ਲੱਖ ਰੁਪਏ ਰੱਖੇ ਗਏ ਹਨ, ਕੈਂਸਰ ਪੀੜਤ ਫੰਡ ਵਿੱਚ 9 ਕਰੋੜ 50 ਲੱਖ ਰੁਪਏ, ਕੁਦਰਤੀ ਆਫਤਾਂ ਵੇਲੇ ਮਨੁੱਖੀ ਭਲਾਈ ਲਈ 61 ਲੱਖ ਰੁਪਏ, ਖਾਲਸਾਈ ਖੇਡਾਂ ਤੇ ਸਾਬਤ ਸੂਰਤ ਸਿੱਖ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ 63 ਲੱਖ ਰੁਪਏ ਰੱਖੇ ਗਏ ਹਨ। ਸਿੱਖ ਰੈਫਰੈਂਸ ਲਾਇਬਰੇਰੀ ਦੇ ਨਵੀਨੀਕਰਨ ਲਈ 25 ਲੱਖ ਰੁਪਏ, ਪੰਥਕ ਵਿਦਵਾਨਾਂ ਤੇ ਧਾਰਮਿਕ ਸ਼ਖ਼ਸੀਅਤਾਂ ਦੇ ਸਨਮਾਨ ਲਈ 50 ਲੱਖ ਰੁਪਏ, 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ 30 ਲੱਖ ਰੁਪਏ ਰੱਖੇ ਗਏ ਹਨ। ਇਸ ਤੋਂ ਇਲਾਵਾ ਦੇਸ਼ ਭਰ ਦੇ ਸਿੱਖਿਆ ਬੋਰਡਾਂ ਵਿੱਚੋਂ ਪਹਿਲੇ 20 ਸਥਾਨ ਪ੍ਰਾਪਤ ਕਰਨ ਵਾਲੇ ਅੰਮ੍ਰਿਤਧਾਰੀ ਬੱਚਿਆਂ ਦੇ ਸਨਮਾਨ ਲਈ, ਧਾਰਮਿਕ ਵਿੱਦਿਆ ਦੇ ਹੋਰ ਪਾਸਾਰ ਵਾਸਤੇ, ਆਈਏਐਸ ਤੇ ਇਸ ਦੇ ਬਰਾਬਰ ਪ੍ਰੀਖਿਆਵਾਂ ਵਿੱਚ ਚੁਣੇ ਜਾਣ ਵਾਲੇ ਸਾਬਤ ਸੂਰਤ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਵੀ ਫੰਡ ਰੱਖੇ ਗਏ ਹਨ।

ਬਜਟ ਸਮਾਗਮ ਦੀ ਸ਼ੁਰੂਆਤ ਵੇਲੇ ਪ੍ਰਧਾਨ ਸ੍ਰੀ ਲੌਂਗੋਵਾਲ ਵੱਲੋਂ ਅਕਾਲ ਚਲਾਣਾ ਕਰ ਗਏ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਕਾਲਾਬੂਲਾ, ਮਨਜੀਤ ਸਿੰਘ ਕਲਕੱਤਾ ਅਤੇ ਗੁਰਬਖ਼ਸ਼ ਸਿੰਘ ਖਾਲਸਾ ਦੇ ਦੇਹਾਂਤ ਉੱਤੇ ਸ਼ੋਕ ਮਤੇ ਪੜ੍ਹੇ ਗਏ। ਅੱਜ ਦੇ ਸਮਾਗਮ ਵਿੱਚ ਕੁੱਲ 19 ਮਤੇ ਪੜ੍ਹੇ ਗਏ, ਜਿਨ੍ਹਾਂ ਨੂੰ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ। ਇਨ੍ਹਾਂ ਵਿਚ ਸਿੱਖ ਰੈਫਰੈਂਸ ਲਾਇਬਰੇਰੀ ਦਾ ਅਮੁੱਲਾ ਖ਼ਜ਼ਾਨਾ ਵਾਪਿਸ ਕਰਨ ਲਈ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਹੈ, ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਮਾਂ ਬੋਲੀ ਪੰਜਾਬੀ ਨੂੰ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਵਿੱਚ ਢੁੱਕਵਾਂ ਮਾਣ ਸਨਮਾਨ ਦੇਣ ਦੀ ਮੰਗ, ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਖੁੱਲ੍ਹੇ ਲਾਂਘੇ ਦੀ ਮੰਗ, ਹਵਾਈ ਅੱਡਿਆਂ ਉੱਤੇ ਦਸਤਾਰ ਦੀ ਸ਼ਾਨ ਨੂੰ ਬਹਾਲ ਰੱਖਣ ਦੀ ਮੰਗ, ਜੀਐਸਟੀ ਖਤਮ ਕਰਨ ਦੀ ਮੰਗ, ਸੈਂਸਰ ਬੋਰਡ ਵਿੱਚ ਸਿੱਖ ਪ੍ਰਤੀਨਿਧ ਵਜੋਂ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਸ਼ਾਮਲ ਕਰਨ, ਆਨੰਦ ਮੈਰਿਜ ਐਕਟ ਨੂੰ ਦੇਸ਼ ਭਰ ਵਿੱਚ ਲਾਗੂ ਕਰਨ, ਵਿਦੇਸ਼ਾਂ ਵਿੱਚ ਸਿੱਖਾਂ ਤੇ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਲਈ ਉਪਰਾਲੇ ਕਰਨ ਦੀ ਮੰਗ, ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਨੂੰ ਖੁੱਲ੍ਹੇ ਕਰਨ ਦੀ ਮੰਗ, ਜੰਮੂ ਕਸ਼ਮੀਰ ਵਿਚ ਵਸਦੇ ਸਿੱਖਾਂ ਨੂੰ ਘੱਟ ਗਿਣਤੀਆਂ ਵਾਲੀਆਂ ਵਿਸ਼ੇਸ਼ ਸਹੂਲਤਾਂ ਦੇਣ ਦੀ ਮੰਗ ਆਦਿ ਮਤੇ ਸ਼ਾਮਲ ਹਨ। ਅੱਜ ਦੇ ਬਜਟ ਸਮਾਗਮ ਵਿਚ ਲਗਪਗ 115 ਸ਼੍ਰੋਮਣੀ ਕਮੇਟੀ ਮੈਂਬਰ ਹਾਜ਼ਰ ਸਨ।




## ਰੂਸ ਤੇ ਅਮਰੀਕਾ ਵਿਚਾਲੇ ਦੂਤਾਵਾਸਕ ਤਣਾਅ ਵਧਿਆ

**ਮਾਸਕੋ/ਬਿਊਰੋ ਨਿਊਜ਼:** ਰੂਸ ਨੇ ਅਮਰੀਕਾ ਦੇ 60 ਡਿਪਲੋਮੈਟ ਕੱਢ ਦਿੱਤੇ ਹਨ। ਪਹਿਲਾਂ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਸੀ ਕਿ ਅਮਰੀਕਾ ਵੱਲੋਂ ਰੂਸ ਦੇ ਡਿਪਲੋਮੈਟਾਂ ਨੂੰ ਕੱਢੇ ਜਾਣ ਖ਼ਿਲਾਫ਼ ਬਦਲੇ ਦੀ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਡਿਪਲੋਮੈਟਾਂ ਨੂੰ 5 ਅਪਰੈਲ ਤੱਕ ਰੂਸ ਵਿੱਚੋਂ ਚਲੇ ਜਾਣ ਦਾ ਹੁਕਮ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ 58 ਸਫ਼ੀਰ ਮਾਸਕੋ ਸਥਿਤ ਅਮਰੀਕੀ ਸਫ਼ਾਰਤਖ਼ਾਨੇ ਵਿੱਚ ਅਤੇ ਦੋ ਯੇਕਾਤਰੀਨਬਰਗ ਸਥਿਤ ਕੌਂਸਲਖ਼ਾਨੇ ਵਿੱਚ ਤਾਇਨਾਤ ਸਨ। ਗ਼ੌਰਤਲਬ ਹੈ ਕਿ ਇੰਗਲੈਂਡ ਵਿੱਚ ਇਕ ਰੂਸੀ ਜਾਸੂਸ ਸਰਗੇਈ ਕਰੀਪਾਲ ਨੂੰ ਬੀਤੀ 4 ਮਾਰਚ ਨੂੰ ਜ਼ਹਿਰ ਦੇ ਕੇ ਮਾਰ ਦਿੱਤੇ ਜਾਣ ਦੀ ਘਟਨਾ ਤੋਂ ਬਾਅਦ ਰੂਸ ਦੇ ਪੱਛਮੀ ਮੁਲਕਾਂ ਨਾਲ ਰਿਸ਼ਤੇ ਵਿਗੜੇ ਹੋਏ ਹਨ, ਜਿਹੜੇ ਪਹਿਲਾਂ ਵੀ ਕਈ ਮੁੱਦਿਆਂ 'ਤੇ ਕੌੜੇ-ਕੁਸੈਲੇ ਚੱਲ ਰਹੇ ਸਨ। ਇਸ ਕਾਰਨ ਪਿਛਲੇ ਦਿਨੀਂ ਯੂਰਪੀ ਯੂਨੀਅਨ ਦੇ ਮੈਂਬਰ ਮੁਲਕਾਂ ਨੇ ਵੀ ਸਾਂਝੇ ਫ਼ੈਸਲੇ ਤਹਿਤ ਰੂਸ ਦੇ ਵੱਡੇ ਗਿਣਤੀ ਡਿਪਲੋਮੈਟ ਕੱਢ ਦਿੱਤੇ ਸਨ ਤੇ ਇਸੇ ਤਹਿਤ ਅਮਰੀਕਾ ਨੇ ਪਿਛਲੇ ਦਿਨੀਂ ਰੂਸ ਦੇ 60 ਡਿਪਲੋਮੈਟ ਕੱਢੇ ਸਨ। ਸਰਗੇਈ ਉਤੇ ਡਬਲ ਏਜੰਟ ਹੋਣ ਭਾਵ ਦੋਵੇਂ ਪਾਸੀਂ ਜਾਸੂਸੀ ਕਰਨ ਦਾ ਸ਼ੱਕ ਸੀ ਤੇ ਬਰਤਾਨੀਆ ਨੇ ਉਸ ਦੇ ਕਤਲ ਲਈ ਰੂਸ ਨੂੰ ਦੋਸ਼ੀ ਠਹਿਰਾਇਆ ਸੀ।

## ਮਨੀਲਾ 'ਚ ਲੁਟੇਰਿਆਂ ਵਲੋਂ ਪੰਜਾਬੀ ਨੌਜਵਾਨ ਦਾ ਕਤਲ

**ਸ਼ੇਰਪੁਰ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਪਿੰਡ ਈਸਾਪੁਰ ਲੰਡਾ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ ਧਨੇਸਰ ਦੇ ਪੁੱਤਰ ਗੁਰਤੇਜ ਸਿੰਘ ਦੀ ਮਨੀਲਾ 'ਚ ਲੁਟੇਰਿਆਂ ਨੇ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਕਾਲੀ ਆਗੂ ਸੁਖਦੇਵ ਸਿੰਘ ਧਨੇਸਰ ਨੇ ਦੱਸਿਆ ਕਿ ਕਈ ਸਾਲ ਪਹਿਲਾਂ ਉਸਦਾ ਪੁੱਤਰ ਗੁਰਤੇਜ ਸਿੰਘ ਮਨੀਲਾ ਗਿਆ ਸੀ, ਤੇ ਉਸਦਾ ਫਾਇਨਾਂਸ ਦਾ ਕਾਰੋਬਾਰ ਸੀ। ਗੁਰਤੇਜ ਸਿੰਘ ਕਿਸ਼ਤਾਂ ਦੇ ਪੈਸੇ ਲੈ ਕੇ ਆ ਰਿਹਾ ਸੀ ਤੇ ਲੁਟੇਰਿਆਂ ਨੇ ਉਸ ਉੱਤੇ ਲੁੱਟ ਦੀ ਨੀਯਤ ਨਾਲ ਗੋਲੀ ਚਲਾ ਦਿੱਤੀ। ਗੰਭੀਰ ਹਾਲਤ ਵਿੱਚ ਉਸਨੂੰ ਹਸਪਤਾਲ ਲਿਜਾਇਆ ਗਿਆ ਪਰ ਉਸਨੂੰ ਬਚਾਇਆ ਨਹੀਂ ਜਾ ਸਕਿਆ। ਗੁਰਤੇਜ ਸਿੰਘ ਤਿੰਨ ਭੈਣਾਂ ਦਾ ਭਰਾ ਸੀ ਜੋ ਆਪਣੇ ਪਿੱਛੇ ਵਿਧਵਾ ਪਤਨੀ, ਬੇਟਾ, ਬੇਟੀ ਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਛੱਡ ਗਿਆ।



# ਭਾਰਤ 'ਚ ਰਾਸ਼ਟਰਵਾਦ ਬਨਾਮ ਪ੍ਰਾਂਤਵਾਦ ਦੀ ਜੰਗ ਛਿੜੀ

**• ਕੌਮੀਅਤ ਦੇ ਨਾਂ 'ਤੇ ਸੱਤਾ 'ਚ ਆਈ ਭਾਜਪਾ ਲਈ ਸਿਰਦਰਦੀ ਬਣਨਗੀਆਂ ਪ੍ਰਾਂਤਿਕ ਪਾਰਟੀਆਂ • ਮਾਇਆਵਤੀ-ਯਾਦਵ ਫਰੰਟ ਯੂਪੀ 'ਚ ਭਾਜਪਾ ਲਈ ਬਣੇਗਾ ਚੈਲਿੰਜ**

- **ਮਮਤਾ ਬੈਨਰਜੀ ਭਾਜਪਾ ਵਿਰੋਧੀ ਧਿਰਾਂ ਨੂੰ ਇਕੱਠਿਆਂ ਕਰਨ 'ਚ ਲੱਗੀ**
- **ਖਾਲਸਾ ਪੰਥ ਵੱਲੋਂ ਪੰਜਾਬ 'ਚ ਦਲਿਤ ਅੰਦੋਲਨ ਦਾ ਸਹਿਯੋਗ ਬਾਦਲ-ਭਾਜਪਾ ਵਿਰੋਧੀ ਧਿਰਾਂ ਨੂੰ ਇਕ ਮੰਚ 'ਤੇ ਲਿਆਏਗਾ**

**ਜਲੰਧਰ/ਬਲਵਿੰਦਰਪਾਲ ਸਿੰਘ:**
ਭਾਜਪਾ ਰਾਸ਼ਟਰਵਾਦ ਦੀ ਪੈਰੋਕਾਰ ਮੰਨੀ ਜਾਂਦੀ ਹੈ, ਪਰ ਲੱਗਦਾ ਹੈ ਕਿ ਭਾਜਪਾ ਦੇ ਰਾਸ਼ਟਰਵਾਦ ਦੇ ਰੱਥ ਦਾ ਚੱਕਾ ਖੇਤਰਵਾਦ ਦੇ ਚੱਕਰਵਿਊ ਵਿਚ ਫਸ ਗਿਆ ਹੈ। ਦੇਸ਼ ਦੇ ਜ਼ਿਆਦਾਤਰ ਸੂਬਿਆਂ 'ਤੇ ਕਬਜ਼ੇ ਤੋਂ ਬਾਅਦ ਵੀ ਭਾਜਪਾ ਖ਼ੁਦ ਨੂੰ ਹੌਲੀ-ਹੌਲੀ ਇਕੱਲਾ ਮਹਿਸੂਸ ਕਰਦੀ ਜਾ ਰਹੀ ਹੈ, ਉੱਥੇ ਦੂਜੇ ਪਾਸੇ ਉਸ ਦੇ ਸਾਰੇ ਵਿਰੋਧੀ ਆਪਸੀ ਅੰਤਰ-ਵਿਰੋਧਾਂ ਦੇ ਬਾਵਜੂਦ ਇਕਜੁੱਟਤਾ ਦੇ ਧਾਗੇ ਵਿਚ ਬੱਝਦੇ ਚਲੇ ਜਾ ਰਹੇ ਹਨ।

ਚੰਦਰਬਾਬੂ ਨਾਇਡੂ ਨੇ ਆਖਿਰਕਾਰ ਐੱਨਡੀਏ ਤੋਂ ਬਾਹਰ ਨਿਕਲਣ ਦਾ ਫ਼ੈਸਲਾ ਕਰ ਲਿਆ, ਪਰ ਟੀਡੀਪੀ ਦਾ ਐੱਨਡੀਏ ਛੱਡਣ ਦਾ ਫ਼ੈਸਲਾ ਤੇ ਕੇਂਦਰ ਸਰਕਾਰ ਦੇ ਖ਼ਿਲਾਫ਼ ਅਵਿਸ਼ਵਾਸ ਪ੍ਰਸਤਾਵ ਨੂੰ ਇਕ ਵੱਖਰੇ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਹੈ। ਅਸਲ ਵਿਚ ਇਹ ਪੂਰਾ ਮੱਸਲਾ ਇਕ ਕੌਮੀ ਪਾਰਟੀ ਅਤੇ ਪ੍ਰਾਂਤਿਕ ਪਾਰਟੀ ਦੇ ਹਿੱਤਾਂ ਦੀ ਲੜਾਈ ਨਾਲ ਜੁੜਿਆ ਹੋਇਆ ਹੈ। ਜਿਵੇਂ ਹੀ ਕੋਈ ਆਲ ਇੰਡੀਆ ਪਾਰਟੀ ਖੇਤਰੀ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕਰਦੀ ਹੈ ਜਾਂ ਉਸ ਨੂੰ ਘੱਟ ਸਮਝਣ ਦੀ ਕੋਸ਼ਿਸ਼ ਕਰਦੀ ਹੈ ਤਾਂ ਦੋਵਾਂ ਵਿਚਾਲੇ ਸੰਘਰਸ਼ ਜ਼ਰੂਰੀ ਹੋ ਜਾਂਦਾ ਹੈ। ਇੱਥੇ ਹਾਲੇ ਤੱਕ ਆਲ ਇੰਡੀਆ ਪਾਰਟੀ ਦੇ ਰੋਲ ਵਿਚ ਭਾਜਪਾ ਹੈ ਅਤੇ ਖੇਤਰੀ ਦਲ ਤੇਲਗੂ ਦੇਸ਼ਮ ਪਾਰਟੀ ਹੈ। ਟੀਡੀਪੀ ਭਾਜਪਾ ਦੇ ਪੁਰਾਣੇ ਸਾਥੀਆਂ ਵਿਚੋਂ ਇੱਕ ਹੈ, ਪਰ ਉਸ ਨੂੰ ਵੀ ਭਾਜਪਾ 'ਤੇ ਹਮਲਾ ਕਰਨ ਲਈ ਮਜਬੂਰ ਹੋਣਾ ਪਿਆ, ਕਿਉਂਕਿ ਇਸ ਤੋਂ ਇਲਾਵਾ ਉਸ ਦੇ ਕੋਲ ਕੋਈ ਹੋਰ ਚਾਰਾ ਨਹੀਂ ਬਚਿਆ ਸੀ। ਆਂਧਰਾ ਪ੍ਰਦੇਸ਼ ਦੇ ਵਿਸ਼ੇਸ਼ ਸੂਬੇ ਦੇ ਦਰਜੇ ਦੀ ਮੰਗ ਠੁਕਰਾ ਕੇ ਭਾਜਪਾ ਨੇ ਉਸ ਨੂੰ ਨੁਕਰੇ ਲਗਾਉਣ ਦੀ ਕੋਸ਼ਿਸ਼ ਕੀਤੀ, ਜਦ ਕਿ ਇਹ ਮੁੱਦਾ ਫਿਲਹਾਲ ਉਸ ਲਈ ਸਿਆਸੀ ਤੇ ਭਾਵਨਾਤਮਕ ਤੌਰ 'ਤੇ ਸਭ ਤੋਂ ਵੱਧ ਜ਼ਰੂਰੀ ਹੈ।

**ਨਾਇਡੂ ਦੇ ਨਾਲ ਕਈ ਸੂਬਿਆਂ ਦੇ ਨੇਤਾ ਬਗਾਵਤ ਲਈ ਤਿਆਰ**

ਸੂਬੇ ਦੀ ਵੰਡ ਦੇ ਸਮੇਂ ਆਂਧਰਾ ਪ੍ਰਦੇਸ਼ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਨਾਇਡੂ ਸੂਬੇ ਲਈ ਵਿਸ਼ੇਸ਼ ਸੂਬੇ ਦੇ ਦਰਜੇ ਦੀ ਮੰਗ ਕਰ ਰਹੇ ਹਨ। ਅਜਿਹੀ ਸਥਿਤੀ ਵਿਚ ਨਾਇਡੂ ਦਾ ਸਿਆਸੀ ਭਵਿੱਖ ਪ੍ਰਾਂਤਵਾਦ ਦੇ ਇਸ ਅਹਿਮ ਮੁੱਦੇ ਦੇ ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਅੱਖੋਂ ਪਰੋਖੇ ਕਰਨਾ ਨਾਇਡੂ ਲਈ ਇਸ ਸਮੇਂ ਸੰਭਵ ਨਹੀਂ ਹੈ। ਨਾਇਡੂ ਦੀ ਆਪਣੀਆਂ ਮਹੱਤਵਪੂਰਨ ਇੱਛਾਵਾਂ ਤੇ ਯੋਜਨਾਵਾਂ ਹਨ, ਜੋ ਕਿ ਭਾਜਪਾ ਨਾਲ ਮੇਲ ਨਹੀਂ ਖਾਂਦੀਆਂ ਹਨ। ਅਜਿਹੇ ਵਿਚ ਦੋਵਾਂ ਦੇ ਰਾਹ ਵੱਖਰੇ ਹੋਣਾ ਸੁਭਾਵਿਕ ਸੀ। ਨਾਇਡੂ ਹੀ ਨਹੀਂ, ਵੱਖ-ਵੱਖ ਸੂਬਿਆਂ ਦੇ ਨੇਤਾ ਵੀ ਕੇਂਦਰ ਵਿਰੁੱਧ ਬਗ਼ਾਵਤ ਕਰਨ ਲਈ ਤਿਆਰ ਬੈਠੇ ਹਨ। ਮਮਤਾ ਬਨਰਜੀ, ਚੰਦਰਸ਼ੇਖਰ ਰਾਵ, ਮਾਇਆਵਤੀ, ਅਖਿਲੇਸ਼ ਯਾਦਵ, ਨਵੀਨ ਪਟਨਾਇਕ ਅਤੇ ਇੱਥੋਂ ਤੱਕ ਕਿ ਉਧਵ ਠਾਕਰੇ ਵੀ ਭਾਜਪਾ ਦੇ ਖ਼ਿਲਾਫ਼ ਵਿਰੋਧ ਦਾ ਝੰਡਾ ਖੜਾ ਕਰ ਚੁੱਕੇ ਹਨ।

ਇਹ ਭਾਜਪਾ ਦੀ ਰਾਜਨੀਤਕ ਹਉਮੈਂ ਨੂੰ ਆਪਣੀ ਪ੍ਰਾਂਤਿਕ ਸਾਂਝ ਨਾਲ ਹਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਜਪਾ ਆਪਣੇ ਆਪ ਨੂੰ ਆਲ ਇੰਡੀਆ ਪਾਰਟੀ ਐਲਾਨ ਚੁੱਕੀ ਹੈ ਤੇ ਰਾਸ਼ਟਰ ਨੂੰ ਸਭ ਤੋਂ ਉੱਪਰ ਰੱਖਣ ਦਾ ਦਾਅਵਾ ਵੀ ਕਰਦੀ ਹੈ, ਪਰ ਭਾਜਪਾ ਦੇ ਰਾਸ਼ਟਰਵਾਦ ਦੇ ਨਾਅਰਿਆਂ ਵਿਚਾਲੇ ਰਾਜਾਂ ਦੀ ਖ਼ੁਦਮੁਖਤਿਆਰੀ ਦੀ ਬੁਲੰਦ ਅਵਾਜ਼ ਨੇ ਅੱਜ ਆਪਣੀ ਵੱਖਰੀ ਪਛਾਣ ਬਣਾ ਲਈ ਹੈ। ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਦੇਣ ਦੀ ਮੰਗ 'ਤੇ ਆਪਸੀ ਮੱਤਭੇਦਾਂ ਦੇ ਬਾਵਜੂਦ ਆਪਸੀ



ਵਿਰੋਧੀ ਪਾਰਟੀਆਂ ਦਾ ਇਕਜੁੱਟ ਹੋ ਜਾਣਾ ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਇਕ ਵੱਡਾ ਇਸ਼ਾਰਾ ਹੈ। ਜਦੋਂ ਇਕ ਹੀ ਸੂਬਾ ਆਂਧਰਾ ਪ੍ਰਦੇਸ਼ ਵਿਚ ਇਕ ਦੂਜੇ ਦੇ ਕੱਟੜ ਵਿਰੋਧੀ ਟੀਡੀਪੀ ਅਤੇ ਵਾਈ. ਐੱਸ. ਆਰ. ਕਾਂਗਰਸ ਇਕੱਠਿਆਂ ਇਕ ਮੰਚ 'ਤੇ ਆ ਸਕਦੇ ਹਨ ਤਾਂ ਅਜਿਹਾ ਦੂਜੇ ਸੂਬਿਆਂ ਵਿਚ ਵੀ ਹੋ ਸਕਦਾ ਹੈ। ਭਾਜਪਾ ਨੂੰ ਮਜ਼ਬੂਤ ਟੱਕਰ ਦੇਣ ਲਈ ਇਕ-ਦੂਜੇ ਦੇ ਕੱਟੜ ਵਿਰੋਧੀ ਵੀ ਆਪਸ 'ਚ ਰਾਜਨੀਤਕ ਸਾਂਝ ਪ੍ਰਗਟਾਉਂਦੇ ਜ਼ਰ ਆ ਸਕਦੇ ਹਨ। ਉਂਝ ਇਹ ਤਾਂ ਸਪੱਸ਼ਟ ਹੈ ਕਿ ਹਾਲੇ ਤੱਕ ਕੋਈ ਚੋਣਾਂ ਨਹੀਂ ਚਾਹੁੰਦਾ ਹੈ, ਇੱਥੇ ਤੱਕ ਕਿ ਵਿਰੋਧੀ ਧਿਰ ਦੀ ਵੀ ਫਿਲਹਾਲ ਇਸ ਵਿਚ ਦਿਲਚਸਪੀ ਨਹੀਂ ਦਿਸਦੀ ਹੈ। ਜੇਕਰ ਅਵਿਸ਼ਵਾਸ ਪ੍ਰਸਤਾਵ 'ਤੇ ਸੰਸਦ ਵਿਚ ਚਰਚਾ ਵੀ ਹੁੰਦੀ ਹੈ, ਤਾਂ ਭਾਜਪਾ ਅਸਾਨੀ ਨਾਲ ਵਿਸ਼ਵਾਸ ਮਤ ਪ੍ਰਾਪਤ ਕਰ ਲਵੇਗੀ, ਪਰ ਵਿਰੋਧੀ ਧਿਰ ਭਾਜਪਾ ਨੂੰ ਸੁਚੇਤ ਕਰਨਾ ਚਾਹੁੰਦੀ ਹੈ ਕਿ ਉਨ੍ਹਾਂ ਨੂੰ ਹਲਕੇ ਵਿਚ ਨਾ ਲਿਆ ਜਾਵੇ। ਉਹ ਭਾਜਪਾ ਨੂੰ ਇਹ ਸੁਨੇਹਾ ਦੇਣ ਲਈ ਤਿਆਰ ਹੈ ਕਿ ਸੂਬੇ ਦੀ ਪਾਰਟੀਆਂ ਦੀ ਏਕਤਾ ਰਾਹੀਂ ਉਹ ਐੱਨਡੀਏ ਦੇ ਮਜ਼ਬੂਤ ਕਿਲ੍ਹੇ ਨੂੰ ਢਹਾਉਣ ਵਿਚ ਸਮਰਥ ਹੈ।

**ਵਿਰੋਧੀ ਧਿਰਾਂ ਦੀ ਏਕਤਾ ਜ਼ਰੂਰੀ**

ਭਾਰਤੀ ਸਿਆਸਤ ਵਿਚ ਸੰਨ 1989 ਦਾ ਵੱਡਾ ਮਹੱਤਵ ਹੈ, ਕਿਉਂਕਿ ਉਸ ਵੇਲੇ ਇਕ ਦੂਜੇ ਦੇ ਧੁਰ ਵਿਰੋਧੀ ਖੱਬੇਪੱਖੀ ਅਤੇ ਭਾਜਪਾ ਨੇ ਕਾਂਗਰਸ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਆਪਸ ਵਿਚ ਹੱਥ ਮਿਲਾ ਲਿਆ ਸੀ। ਹਾਲੇ ਤੱਕ ਦੀ ਸਿਆਸਤ ਉਸੇ ਤਰ੍ਹਾਂ ਦੇ ਬੇਮੇਲ ਗਠਜੋੜ ਦਾ ਇਸ਼ਾਰਾ ਕਰ ਰਹੀ ਹੈ ਤੇ ਇਹ ਸੰਭਵ ਹੈ ਕਿ ਭਾਜਪਾ ਨੂੰ ਸੱਤਾ ਤੋਂ ਦੂਰ ਕਰਨ ਲਈ ਸਾਰੀਆਂ ਵਿਰੋਧੀ ਪਾਰਟੀਆਂ ਆਪਸੀ ਮਤਭੇਦਾਂ ਨੂੰ ਇਕ ਪਾਸੇ ਕਰਕੇ ਇਕ ਮੰਚ 'ਤੇ ਆ ਜਾਣ। ਪਰ ਇਹ ਵੀ ਹੋ ਸਕਦਾ ਹੈ ਕਿ ਭਾਜਪਾ ਨੂੰ ਟੱਕਰ ਦੇਣ ਲਈ ਆਲ ਇੰਡੀਆ ਪੱਧਰ 'ਤੇ ਕੋਈ ਇਕ ਮਹਾਂਗਠਜੋੜ ਨਾ ਬਣੇ। ਮੋਦੀ ਵਿਰੋਧੀ ਭਾਜਪਾ ਨੂੰ ਹਰਾਉਣ ਲਈ ਵੱਖ-ਵੱਖ ਫਾਰਮੂਲੇ ਬਣਾ ਸਕਦੇ ਹਨ। ਸੂਬਾ ਦਰ ਸੂਬਾ ਜਾਂ ਖੇਤਰ ਦਰ ਖੇਤਰ ਵੱਖ-ਵੱਖ ਰਣਨੀਤੀ ਤਿਆਰ ਕਰਕੇ ਭਾਜਪਾ ਦੀਆਂ ਆਸਾਂ 'ਤੇ ਪਾਣੀ ਫੇਰਿਆ ਜਾ ਸਕਦਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਭਾਜਪਾ ਦੀ ਕੌਮੀ ਸਿਆਸਤ ਦੇ ਖ਼ਿਲਾਫ਼ ਪ੍ਰਾਂਤਵਾਦ ਨੂੰ ਮੈਦਾਨ ਵਿਚ ਉਤਾਰਨ ਵਾਲੀ ਪਾਰਟੀ ਵੀ ਇਕ ਕੌਮੀ ਪਾਰਟੀ ਹੀ ਹੈ। ਸਭ ਤੋਂ ਪਹਿਲਾਂ ਕਾਂਗਰਸ ਨੇ ਹੀ ਭਾਜਪਾ ਦੇ ਖ਼ਿਲਾਫ਼ ਰਾਜਾਂ ਨੂੰ ਵਧ ਅਧਿਕਾਰਾਂ ਦੀ ਲੜਾਈ ਦਾ ਝੰਡਾ ਬੁਲੰਦ ਕੀਤਾ ਹੈ। ਜੇਕਰ ਤੁਸੀਂ ਕਰਨਾਟਕ ਦੀ ਸਿਆਸਤ ਨੂੰ ਨੇੜੇ ਤੋਂ ਦੇਖੋ ਤਾਂ ਪਤਾ ਲੱਗੇਗਾ ਕਿ ਉੱਥੇ ਕਾਂਗਰਸ ਨੇ ਆਪਣੇ ਕੌਮੀ ਪਾਰਟੀ ਦੇ ਦਾਅਵੇ ਨੂੰ ਪਿੱਛੇ ਛੱਡਦੇ ਹੋਏ ਰਾਜਾਂ ਦੇ ਵਧ ਅਧਿਕਾਰਾਂ ਦੀ ਮੰਗ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਉੱਥੋਂ ਦੇ ਮੁੱਖ ਮੰਤਰੀ ਸਿੱਧਾਰਮੈਯਾ ਨੇ ਸੂਬੇ ਦੇ ਹਿੱਤ ਨੂੰ ਸਭ ਤੋਂ ਉੱਪਰ ਮੰਨਦੇ ਹੋਏ ਸੂਬੇ ਦਾ ਇੱਕ ਵੱਖਰਾ ਝੰਡਾ ਬਣਾਇਆ ਹੈ। ਹੁਣ ਜਦ ਕਿ ਫਿਲਹਾਲ ਦੇਸ ਦੀ ਸਿਆਸਤ ਦਾ ਵਿਸ਼ਾ ਪ੍ਰਾਂਤਵਾਦ ਬਣ ਗਿਆ ਹੈ ਤਾਂ ਆਉਣ ਵਾਲੇ ਕੁਝ ਮਹੀਨਿਆਂ ਵਿਚ ਭਾਰਤੀ ਸਿਆਸਤ ਵਿਚ ਕੁਝ ਹੋਰ ਫੇਰਬਦਲ ਹੁੰਦੇ ਦਿਖਾਈ ਦੇ ਸਕਦੇ ਹਨ। ਜਦੋਂ ਸਾਰੇ ਸੂਬੇ ਆਪਣੇ-ਆਪਣੇ ਹਿੱਤਾਂ ਦੀ ਮੰਗ ਸਬੰਧੀ ਦਿੱਲੀ ਦਰਬਾਰ ਨਾਲ ਉਲਝਣ ਵਿਚ ਜੁੱਟਣਗੇ, ਤਾਂ ਸਭ ਦੀ ਨਜ਼ਰ ਐੱਨਡੀਏ ਦੇ ਇੱਕ ਹੋਰ ਸਹਿਯੋਗੀ ਨਿਤੀਸ਼ ਕੁਮਾਰ 'ਤੇ ਵੀ ਹੋਵੇਗੀ।

ਨਿਤੀਸ਼ ਵੀ ਨਾਇਡੂ ਵਾਂਗ ਹੀ ਵਿਸ਼ੇਸ਼ ਸੂਬੇ ਦਾ ਦਰਜਾ ਦੇਣ ਦੀ ਮੰਗ ਕਾਫੀ ਸਮੇਂ ਤੋਂ ਕਰ ਰਹੇ ਹਨ। ਨਿਤੀਸ਼ ਦੀ ਨਿਸ਼ਚਾ ਫਿਲਹਾਲ ਤਾਂ ਭਾਜਪਾ ਦੇ ਨਾਲ ਦਿਸ ਰਿਹਾ ਹੈ ਪਰ ਜਿਵੇਂ ਹੀ ਦੇਸ ਦੀ ਸਿਆਸਤ ਵਿਚ ਰਾਜਾਂ ਦੀ ਖ਼ੁਦਮੁਖਤਿਆਰੀ ਦੀ ਲਹਿਰ ਬਣ ਕੇ ਉਭਰਨ ਲੱਗੇਗੀ ਤਾਂ ਨਾਇਡੂ ਨੂੰ ਵੀ ਪੈਂਤੜਾ ਬਦਲਣਾ ਪਵੇਗਾ। ਅਜਿਹੇ ਵਿਚ ਉਨ੍ਹਾਂ ਦਾ ਭਾਜਪਾ ਦੇ ਨਾਲ ਬਣੇ ਰਹਿਣਾ ਪੂਰੀ ਤਰ੍ਹਾਂ ਨਾਲ ਉਨ੍ਹਾਂ ਦੀ ਰਾਜਨੀਤਕ ਸਿਆਣਪ 'ਤੇ ਨਿਰਭਰ ਕਰੇਗਾ?

**ਵਿਰੋਧੀ ਧਿਰ ਦੀ ਏਕਤਾ ਲਈ ਯਤਨਸ਼ੀਲ ਹੈ ਮਮਤਾ**

ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮਮਤਾ ਬੈਨਰਜੀ ਸਰਗਰਮ ਹੋ ਗਏ ਹਨ। ਤੀਸਰੇ ਮੋਰਚੇ ਬਾਰੇ ਤੇਲੰਗਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਨਾਲ ਮੁਲਾਕਾਤ ਤੋਂ ਬਾਅਦ ਉਹ ਦਿੱਲੀ ਵਿਚ ਸਨ ਅਤੇ ਭਾਜਪਾ ਵਿਰੁੱਧ ਸਾਂਝੇ ਮੋਰਚੇ 'ਤੇ ਇਕਜੁੱਟ ਹੋਣ ਲਈ ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾਵਾਂ ਨਾਲ ਮੀਟਿੰਗਾਂ ਵੀ ਕੀਤੀਆਂ। ਉਹ ਇਕ ਸੰਘੀ ਮੋਰਚਾ ਬਣਾਉਣਾ ਚਾਹੁੰਦੇ ਹਨ। ਇਸੇ ਸੰਦਰਭ ਵਿਚ ਉਨ੍ਹਾਂ ਵਲੋਂ 27 ਅਤੇ 28 ਮਾਰਚ ਨੂੰ ਰਾਸ਼ਟਰਵਾਦੀ ਕਾਂਗਰਸ ਦੇ ਪ੍ਰਧਾਨ ਸ਼ਰਦ ਪਵਾਰ, ਸ਼ਿਵ ਸੈਨਾ ਦੇ ਨੇਤਾਵਾਂ ਅਤੇ ਹੋਰ ਵਿਰੋਧੀ ਨੇਤਾਵਾਂ ਨਾਲ ਸੰਪਰਕ ਕਾਇਮ ਕੀਤਾ ਗਿਆ। ਉਨ੍ਹਾਂ ਨੇ ਸਪਾ ਅਤੇ ਬਸਪਾ ਨੇਤਾਵਾਂ ਨੂੰ ਲਖਨਊ ਵਿਚ ਵਿਰੋਧੀ ਨੇਤਾਵਾਂ ਦੀ ਏਕਤਾ ਸਬੰਧੀ ਮੀਟਿੰਗ ਸੱਦਣ ਦੀ ਬੇਨਤੀ ਵੀ ਕੀਤੀ ਅਤੇ ਉਨ੍ਹਾਂ ਸਾਰੇ ਵਿਰੋਧੀ ਨੇਤਾਵਾਂ ਨੂੰ ਕਿਹਾ ਕਿ ਜੇਕਰ ਬਸਪਾ ਅਤੇ ਸਪਾ ਵਲੋਂ ਮੀਟਿੰਗ ਰੱਖੀ ਜਾਂਦੀ ਹੈ ਤਾਂ ਉਹ ਉੱਥੇ ਜ਼ਰੂਰ ਆਪਣੀ ਹਾਜ਼ਰੀ ਲਗਵਾਉਣ। ਉਨ੍ਹਾਂ ਨੇ ਸਾਂਝੇ ਪ੍ਰਗਤੀਸ਼ੀਲ ਗੱਠਜੋੜ ਦੀ ਚੇਅਰਪਰਸਨ ਸੋਨੀਆ ਗਾਂਧੀ ਨਾਲ ਵੀ ਮੁਲਾਕਾਤ ਕੀਤੀ। ਇਸ ਤੋਂ ਜ਼ਾਹਿਰ ਹੈ ਕਿ ਮਮਤਾ ਬੈਨਰਜੀ ਵੀ ਖੇਤਰਵਾਦ ਨੂੰ ਉਭਾਰਨ ਵਾਲੀ ਇਕ ਅਹਿਮ ਲੀਡਰ ਵਜੋਂ ਸਥਾਪਤ ਹੋ ਚੁੱਕੀ ਹੈ।

**ਲਾਲੂ ਵੱਲੋਂ ਤੀਜੇ ਮੋਰਚੇ ਦੇ ਗਠਨ ਦੀ ਸੰਭਾਵਨਾ ਰੱਦ**

ਚਾਰਾ ਘੁਟਾਲੇ ਦੇ ਮਾਮਲੇ ਵਿੱਚ ਜੇਲ੍ਹ ਵਿਚ ਬੰਦ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਇਸ ਵੇਲੇ ਭਾਜਪਾ ਵਿਰੁੱਧ ਵਿਰੋਧੀ ਧਿਰ ਨੂੰ ਇਕਜੁੱਟ ਹੋਣ ਦੀ ਲੋੜ ਹੈ। ਉਨ੍ਹਾ ਤੀਜੇ ਮੋਰਚੇ ਦੇ ਗਠਨ ਦੀ ਸੰਭਾਵਨਾ ਨੂੰ ਦੋ ਟੁੱਕ ਰੱਦ ਕਰਦਿਆਂ ਕਿਹਾ ਕਿ ਕਾਂਗਰਸ ਦੀ ਅਗਵਾਈ ਵਿਚ ਹੀ ਵਿਰੋਧੀ ਧਿਰ ਇਕਜੁਟ ਹੋ ਸਕਦੀ ਹੈ। ਲਾਲੂ ਨੇ ਕਿਹਾ ਕਿ ਕਾਂਗਰਸ ਬਿਨਾਂ ਕੋਈ ਫਰੰਟ ਨਹੀਂ ਬਣ ਸਕਦਾ।

ਉਨ੍ਹਾਂ ਕਿਹਾ ਕਿ ਗਠਜੋੜ ਕਾਰਨ ਭਾਜਪਾ ਵਾਲੇ ਯੂ ਪੀ ਵਿੱਚੋਂ ਹਾਰੇ ਹਨ ਅਤੇ ਮੱਧ ਪ੍ਰਦੇਸ਼, ਰਾਜਸਥਾਨ ਵਿੱਚ ਹਾਰਨਗੇ ਅਤੇ ਕਰਨਾਟਕ ਵਿੱਚ ਵੀ ਅਜਿਹੇ ਹਾਲਾਤ ਹਨ।

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਲਾਲੂ ਨੇ ਕਿਹਾ ਕਿ ਨਿਤਿਸ਼ ਕੁਮਾਰ ਦੀ ਸਰਕਾਰ ਉਪਰ ਕੋਈ ਪਕੜ ਨਹੀਂ ਅਤੇ ਸੂਬੇ ਦੇ ਹਾਲਾਤ ਬੇਕਾਬੂ ਹਨ। ਉਨ੍ਹਾ ਕਿਹਾ ਕਿ ਪੂਰੇ ਸੂਬੇ ਵਿੱਚ ਭਾਜਪਾ ਨੇ ਹਿੰਸਾ ਫੈਲਾਈ ਹੋਈ ਹੈ।

**ਦਲਿਤ ਅੰਦੋਲਨ ਭਾਜਪਾ ਲਈ ਚੈਲਿੰਜ**

ਦੇਸ ਨੇ ਹੱਥ ਵਿੱਚ ਨੰਗੀਆਂ ਤਲਵਾਰਾਂ ਚੁੱਕ ਕੇ ਇੱਕ ਫ਼ਿਲਮ ਦਾ ਵਿਰੋਧ ਕਰਦੇ ਭਗਵੇਂਵਾਦੀਆਂ ਨੂੰ ਦੇਖਿਆ, ਹਿੰਸਕ 'ਗਊ-ਰੱਖਿਅਕਾਂ' ਨੂੰ ਦੇਖਿਆ, ਜਾਟਾਂ ਦਾ ਤਬਾਹੀ ਕਰਨ ਵਾਲਾ ਅੰਦੋਲਨ ਦੇਖਿਆ ਅਤੇ ਬਿਹਾਰ-ਬੰਗਾਲ ਵਿੱਚ ਰਾਮ ਦਾ ਨਾਂ ਲੈ ਕੇ ਦੁਕਾਨਾਂ ਸਾੜਨ ਵਾਲਿਆਂ ਦਾ ਕਾਰਨਾਮਾ ਦੇਖਿਆ ਜਿਹੜਾ ਇੱਕਦਮ ਤਾਜ਼ਾ ਹੈ। ਸਿਰਫ਼ ਇੱਕ ਚੀਜ਼ ਜਿਹੜੀ ਹੁਣ ਤੱਕ ਨਹੀਂ ਦੇਖਣ ਨੂੰ ਮਿਲ ਰਹੀ ਸੀ, ਉਹ ਸੀ ਕਾਨੂੰਨ-ਪ੍ਰਬੰਧਾਂ ਨੂੰ ਕਾਇਮ ਰੱਖਣ ਵਿੱਚ ਪੁਲਿਸ ਦੀ ਕਾਰਗੁਜ਼ਾਰੀ, ਪੁਲਿਸ ਨੇ ਜਿਵੇਂ ਆਪਣੀ ਸਾਰੀ ਸ਼ਕਤੀ ਦਲਿਤਾਂ ਦੇ 'ਭਾਰਤ ਬੰਦ' ਲਈ ਬਚਾ ਕੇ ਰੱਖੀ ਸੀ। ਜਿਹੜੇ ਵੀਡੀਓ ਦੇਖਣ ਨੂੰ ਮਿਲ ਰਹੇ ਹਨ ਉਨ੍ਹਾਂ ਵਿੱਚ ਪੁਲਿਸ ਦੀ ਲਾਠੀ ਦਲਿਤਾਂ 'ਤੇ ਪੂਰੀ ਰਫ਼ਤਾਰ ਨਾਲ ਚੱਲ ਹੀ ਹੈ। ਜਦੋਂ ਕਰਣੀ ਸੈਨਾ ਆਪਣੀ ਜਾਤੀਵਾਦ ਦੀ ਆਨ ਦੀ ਰੱਖਿਆ ਦੇ ਨਾਂ 'ਤੇ ਹੰਗਾਮਾ ਮਚਾ ਰਹੀ ਸੀ ਤਾਂ ਕਾਰਵਾਈ ਤਾਂ ਦੂਰ ਦੀ ਗੱਲ, ਭਾਜਪਾ ਅਤੇ ਸਰਕਾਰ ਦੇ ਬੁਲਾਰੇ ਇਤਿਹਾਸ ਦੇ ਰਾਜਪੂਤੀ ਵਰਜਨ ਦੇ ਪੱਖ ਵਿੱਚ ਬਹਿਸ ਕਰ ਰਹੇ ਸਨ। ਮੁੱਖ ਮੰਤਰੀ ਲੋਕਤੰਤਰ ਅਤੇ ਸੰਵਿਧਾਨ ਨੂੰ ਅਹਿਮ ਰੱਖ ਕੇ 'ਪਦਮਾਵਤ' ਨੂੰ ਬੈਨ ਕਰਕੇ ਉਨ੍ਹਾਂ ਦੀ ਆਨ-ਬਾਨ ਨੂੰ ਹੱਲਾਸ਼ੇਰੀ ਦੇ ਰਹੇ ਸਨ। ਇਹ ਉਹੀ ਭਗਵੇਂਵਾਦੀ ਲੋਕ ਹਨ ਜਿਹੜੇ ਜ਼ਮੀਨੀ ਪੱਧਰ 'ਤੇ ਹਿੰਦੂ ਧਰੁਵੀਕਰਨ ਦੇ ਪਿਆਦੇ ਹਨ।

ਇਹ ਗੱਲ ਕਿਸੇ ਤੋਂ ਭੁੱਲੀ ਨਹੀਂ ਕਿ ਭਗਵੇਂਵਾਦੀ ਦਲਿਤਾਂ ਉੱਪਰ ਜ਼ੁਲਮ ਕਰ ਰਹੇ ਹਨ ਤੇ ਉਨ੍ਹਾਂ ਨੂੰ ਹਿੰਸਾ ਦਾ ਸ਼ਿਕਾਰ ਬਣਾ ਰਹੇ ਹਨ। ਦਲਿਤਾਂ ਨੂੰ ਮੁੱਛ ਰੱਖਣ 'ਤੇ ਮਰੀ ਹੋਈ ਗਾਂ ਦੀ ਚਮੜੀ ਲਾਹੁਣ 'ਤੇ ਜਾਂ ਘੋੜੀ 'ਤੇ ਬੈਠਣ ਲਈ ਮਾਰ ਦਿੱਤਾ ਜਾਂਦਾ ਹੈ। ਇਹ ਤੱਥ ਹੈ ਕਿ ਗੁਜਰਾਤ ਦੇ ਊਨਾ ਤੋਂ ਲੈ ਕੇ ਸਹਾਰਨਪੁਰ ਅਤੇ ਕੋਰੇਗਾਂਓ ਭੀਮਾ ਤੱਕ ਜਿੱਥੇ ਵੀ ਦਲਿਤਾਂ ਨਾਲ ਹਿੰਸਾ ਹੋਈ ਹੈ ਉਨ੍ਹਾਂ ਵਿੱਚ ਬਿਨਾਂ ਕਿਸੇ ਸ਼ੱਕ ਦੇ 'ਹਿੰਦੂਤਵ ਦੇ ਵੀਰ ਸੈਨਾਨੀਆਂ' ਦਾ ਹੀ ਨਾਮ ਆਇਆ ਹੈ। ਭੀਮ ਸੈਨਾ ਦੇ ਸੰਸਥਾਪਕ ਚੰਦਰਸ਼ੇਖਰ ਕੌਮੀ ਸੁਰੱਖਿਆ ਕਾਨੂੰਨ ਦੇ ਤਹਿਤ ਜੇਲ੍ਹ ਵਿੱਚ ਬੰਦ ਹਨ, ਪਰ ਦਲਿਤਾਂ ਉਪਰ ਹਮਲੇ ਕਰਨ ਵਾਲੇ ਤੇ ਉਨ੍ਹਾਂ ਦੇ ਘਰ ਫੂਕਣ ਵਾਲੇ ਅਜ਼ਾਦਾਨਾ ਘੁੰਮ ਰਹੇ ਹਨ। ਪਿਛਲੇ ਸਾਲ ਜੂਨ ਵਿੱਚ ਰਾਣਾ ਪ੍ਰਤਾਪ ਜੰਯਤੀ ਸਹਾਰਨਪੁਰ ਵਿੱਚ ਪਹਿਲੀ ਵਾਰ ਮਨਾਈ ਗਈ, ਦਲਿਤਾਂ ਦੇ ਕਈ ਘਰ ਸਾੜੇ ਗਏ ਅਤੇ ਦਲਿਤਾਂ ਦੇ ਨੇਤਾ ਚੰਦਰਸ਼ੇਖਰ ਆਜ਼ਾਦ ਜ਼ਮਾਨਤ ਮਿਲਣ ਅਤੇ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਕੌਮੀ ਸੁਰੱਖਿਆ ਕਾਨੂੰਨ ਦੇ ਤਹਿਤ ਲੰਬੇ ਸਮੇਂ ਤੋਂ ਜੇਲ ਵਿੱਚ ਬੰਦ ਹਨ।

ਸੋਮਵਾਰ ਨੂੰ ਦਲਿਤਾਂ ਦੇ ਹੱਥਾਂ ਵਿੱਚ ਜਿਹੜੇ ਬੈਨਰ-ਪੋਸਟਰ ਸੀ ਉਹ ਦੱਸਦੇ ਹਨ ਕਿ ਉਨ੍ਹਾਂ ਦੀ ਚਿੰਤਾ ਐੱਸਸੀ-ਐੱਸਟੀ ਐਕਟ 'ਤੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਕਿਤੇ ਵੱਧ ਉਸ ਸੰਵਿਧਾਨ ਨੂੰ ਲੈ ਕੇ ਹੈ ਜਿਹੜਾ ਉਨ੍ਹਾਂ ਰਾਖਵਾਂਕਰਨ ਅਧਿਕਾਰ ਦੀ ਤਰ੍ਹਾਂ ਦਿੰਦਾ ਹੈ।

ਮੋਹਨ ਭਾਗਵਤ ਤੋਂ ਲੈ ਕੇ ਸੀਪੀ ਠਾਕੁਰ ਅਤੇ ਅਨੰਤ ਹੇਗੜੇ ਤੱਕ, ਹਰ ਪੱਧਰ 'ਤੇ ਸੱਤਾ ਨਾਲ ਜੁੜੇ ਕਈ ਬ੍ਰਾਹਮਣਵਾਦੀ ਨੇਤਾ ਸੰਵਿਧਾਨ ਅਤੇ ਰਾਖਵਾਂਕਰਨ ਵਿੱਚ ਤਬਦੀਲੀ ਦੀ ਗੱਲ ਕਰ ਚੁੱਕੇ ਹਨ। ਰਾਖਵਾਂਕਰਨ ਇੱਕ ਭਾਵਨਾਤਮਕ ਮੁੱਦਾ ਹੈ ਉਨ੍ਹਾਂ ਲਈ ਵੀ ਜਿਨ੍ਹਾਂ ਨੂੰ ਉਸ ਦੇ ਜ਼ਰੀਏ ਸਨਮਾਨ ਨਾਲ ਜੀ ਸਕਣ ਦੀ ਉਮੀਦ ਦਿਖਦੀ ਹੈ।

ਆਰਐੱਸਐੱਸ ਅਤੇ ਭਾਜਪਾ ਲਈ ਇਹ ਬਹੁਤ ਵੱਡੀ ਚੁਣੌਤੀ ਹੈ, ਉਸ ਨੂੰ ਲਗਾਤਾਰ ਚੋਣ ਜਿੱਤਣ ਲਈ ਨਵੇਂ ਵੋਟਰ ਚਾਹੀਦੇ ਹਨ ਅਤੇ ਮੁਸਲਮਾਨਾਂ ਦੀ ਤਰ੍ਹਾਂ ਦਲਿਤ ਭਾਜਪਾ ਨੂੰ ਅਛੂਤ ਨਹੀਂ ਮੰਨਦੇ। ਆਰਐੱਸਐੱਸ ਦੀ ਨੀਤੀ ਇਹ ਹੈ ਕਿ ਸਥਿਤੀ ਜਿਉਂ ਦੀ ਤਿਉਂ ਬਣੀ ਰਹੇ। ਆਰ ਐਸ ਐਸ ਚਾਹੁੰਦੀ ਹੈ ਕਿ ਦਲਿਤਾਂ ਨੂੰ ਪਿੱਛੇ ਧੱਕ ਕੇ ਪੱਛੜੀ ਜਾਤੀਆਂ ਨੂੰ ਪੂਜਾ-ਹਵਨ-ਯਗ-ਸਾਮੂਹਿਕ ਭੋਜਨ ਆਦਿ ਵਿੱਚ ਸ਼ਾਮਲ ਕਰਕੇ ਮਾਣ-ਸਨਮਾਨ ਦਿੱਤਾ ਜਾਵੇ ਤਾਂ ਕਿ ਜਾਤੀਆਂ ਤੋਂ ਪਰਾਂ ਹਿੰਦੂ ਇੱਕ ਚੋਣ ਸ਼ਕਤੀ ਬਣੇ। ਬਿਹਾਰ ਚੋਣਾਂ ਤੋਂ ਪਹਿਲਾਂ ਮੋਹਨ ਭਾਗਵਤ ਨੇ ਕਿਹਾ ਸੀ ਰਿਜ਼ਰਵੇਸ਼ਨ ਦੀ ਸਮੀਖਿਆ ਹੋਣੀ ਚਾਹੀਦੀ ਹੈ, ਉਸ ਤੋਂ ਬਾਅਦ ਨਰਿੰਦਰ ਮੋਦੀ ਨੇ ਕਿਹਾ ਸੀ ਕਿ 'ਜਾਨ ਦੇ ਕੇ ਵੀ ਰਾਖਵਾਂਕਰਨ ਦਾ ਪ੍ਰਬੰਧ ਕਾਇਮ ਰੱਖਾਂਗਾ'। ਜੇਕਰ ਦਲਿਤਾਂ ਅਤੇ ਰਾਖਵਾਂਕਰਨ ਵਿਰੋਧੀਆਂ ਵਿਚਾਲੇ ਅਜਿਹੇ ਟਕਰਾਅ ਜਾਰੀ ਰਹੇ ਜਾਂ ਵਧੇ ਤਾਂ ਨਰਿੰਦਰ ਮੋਦੀ ਅਤੇ ਆਰਐੱਸਐੱਸ ਲਈ ਵੱਡੀ ਮੁਸੀਬਤ ਖੜੀ ਹੋ ਜਾਵੇਗੀ।

## ਦਲਿਤ ਅੰਦੋਲਨ ਬਾਦਲਾਂ ਲਈ ਵੀ ਬਣੇਗਾ ਸਿਰਦਰਦੀ

ਦਲਿਤ ਅੰਦੋਲਨ ਨੂੰ ਪੰਜਾਬ ਵਿਚ ਜਿਸ ਤਰ੍ਹਾਂ ਖਾਲਸਾ ਪੰਥ ਨੇ ਭਰਵਾਂ ਹੁੰਗਾਰਾ ਦਿੱਤਾ ਹੈ ਤੇ ਉਨ੍ਹਾਂ ਦੇ ਹੱਕ ਵਿਚ ਸੜਕਾਂ 'ਤੇ ਉਤਰੇ ਹਨ ਤੇ ਬੰਦ ਵਿਚ ਸਹਿਯੋਗ ਦਿੱਤਾ ਹੈ, ਉਹ ਬਾਦਲ ਰਾਜਨੀਤੀ ਲਈ ਖਤਰਨਾਕ ਸਿੱਧ ਹੋ ਸਕਦਾ ਹੈ। ਰਾਜਨੀਤਕ ਮਾਹਿਰ ਸੋਚਦੇ ਹਨ ਕਿ ਜੇਕਰ ਰਾਜਨੀਤੀ ਇਸ ਅੰਦੋਲਨ ਵਿਚੋਂ ਉਭਰੀ ਉਹ ਬਾਦਲ ਰਾਜਨੀਤੀ ਲਈ ਖਤਰਨਾਕ ਹੋਵੇਗੀ, ਕਿਉਂਕਿ ਦੂਸਰੇ ਪਾਸੇ ਧਰਮਵੀਰ ਗਾਂਧੀ ਵਲੋਂ ਵੀ ਰਾਜਾਂ ਦੀ ਖੁਦਮੁਖਤਿਆਰੀ ਦਾ ਮੁੱਦਾ ਉਭਾਰਿਆ ਹੈ। ਯਾਦ ਰਹੇ ਕਿ ਜਦੋਂ ਬੀਐਸਫੋਰ ਤੋਂ ਸਿਰਜੀ ਬਹੁਜਨ ਸਮਾਜ ਦੇ ਨਾਇਕ ਕਾਂਸ਼ੀ ਰਾਮ ਦੀ ਅਗਵਾਈ ਵਿਚ ਬੀਐਸਪੀ ਬਣੀ ਸੀ ਤਾਂ 1989 ਦੌਰਾਨ ਉਸ ਦਾ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਗੱਠਜੋੜ ਜੋ ਦਲਿਤ-ਸਿੱਖ ਏਕਤਾ ਦਾ ਪ੍ਰਮਾਣ ਸੀ, ਉਸ ਨੇ ਰਵਾਇਤੀ ਅਕਾਲੀ ਲੀਡਰਸ਼ਿਪ ਤੇ ਕਾਂਗਰਸ ਨੂੰ ਮੂੱਧੇ ਮੂੰਹ ਸੁੱਟ ਦਿੱਤਾ ਤੇ 13 ਲੋਕ ਸਭਾ ਸੀਟਾਂ ਵਿਚੋਂ 12 ਸੀਟਾਂ ਬਹੁਜਨ-ਖਾਲਸਾ ਪੰਥ ਗੱਠਜੋੜ ਦੇ ਹਿੱਸੇ ਆਈਆਂ ਸਨ। ਇਹ ਇਤਿਹਾਸ ਦੁਬਾਰਾ ਦੁਹਰਾਇਆ ਜਾ ਸਕਦਾ ਹੈ। ਲੋਕ ਸਭਾ ਵਿਚ ਵੀ ਤੇ ਵਿਧਾਨ ਸਭਾ ਵਿਚ ਵੀ। ਜੇਕਰ ਦੋਵੇਂ ਧਿਰਾਂ ਸੂਝ ਬੂਝ ਤੇ ਸਿਆਣਪ ਨਾਲ ਆਪਣਾ ਫਰੰਟ ਸਿਰਜ ਕੇ ਪੰਜਾਬ ਨੂੰ ਨਵਾਂ ਸੁਨੇਹਾ ਦਿੰਦੀਆਂ ਹਨ ਤੇ ਆਪਣੀਆਂ ਜੜ੍ਹਾਂ ਪੰਜਾਬੀਆਂ ਦੇ ਵਿਚ ਡੂੰਘੀਆਂ ਕਰਦੀਆਂ ਹਨ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਇਹ ਗੱਠਜੋੜ ਬਾਦਲ ਦਲ, ਕਾਂਗਰਸ ਦੇ ਲਈ ਵੱਡੀ ਚੁਣੌਤੀ ਪੈਦਾ ਕਰੇਗਾ। ਜੋ ਆਮ ਆਦਮੀ ਪਾਰਟੀ ਕਰਨ ਵਿਚ ਸਮਰੱਥ ਨਾ ਹੋ ਸਕੀ, ਇਹ ਸੰਭਾਵੀ ਗੱਠਜੋੜ ਪੰਜਾਬ ਦੇ ਲਈ ਨਵੀਆਂ ਉਮੀਦਾਂ ਲੈ ਕੇ ਆ ਸਕਦਾ ਹੈ।

## ਸੁਖਬੀਰ ਬਾਦਲ ਭਾਜਪਾ ਨਾਲ ਚੰਬੜੇ, ਪਰ ਭਾਜਪਾ ਦਿਖਾ ਰਹੀ ਏ ਠੂਠਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਰਮਿਆਨ ਹੋਈ ਮੀਟਿੰਗ ਚਰਚਾ ਦਾ ਵਿਸ਼ਾ ਹੈ। ਦੱਸਿਆ ਗਿਆ ਹੈ ਕਿ ਅਕਾਲੀ ਦਲ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ 3 ਮੰਗਾਂ 'ਤੇ ਜ਼ਿਆਦਾ ਜ਼ੋਰ ਦਿੱਤਾ ਹੈ। ਪਹਿਲੀ ਸ੍ਰੀ ਦਰਬਾਰ ਸਾਹਿਬ ਦੇ ਲੰਗਰ 'ਤੇ ਜੀ.ਐਸ.ਟੀ. ਮੁਆਫ਼ ਕੀਤੀ ਜਾਏ। ਦੂਜੀ 1984 ਦੇ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਜਾਂਚ ਵਿਚ ਤੇਜ਼ੀ ਲਿਆਂਦੀ ਜਾਏ ਅਤੇ ਤੀਸਰੀ ਕਿਸਾਨਾਂ ਦੀਆਂ ਫ਼ਸਲਾਂ ਦੇ ਭਾਅ ਸਵਾਮੀਨਾਥਨ ਰਿਪੋਰਟ ਅਨੁਸਾਰ ਲਾਗਤ ਮੁੱਲ ਤੋਂ 50 ਫ਼ੀਸਦੀ ਵਧੇਰੇ ਦਿੱਤੇ ਜਾਣ। ਸਿੱਖ ਤੇ ਪੰਜਾਬੀ ਹਲਕਿਆਂ ਵਿਚ ਇਸ ਮੀਟਿੰਗ ਨੂੰ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਹੀ ਮੰਨਿਆ ਜਾ ਰਿਹਾ ਹੈ। ਕਿਉਂਕਿ ਸਾਡੀ ਜਾਣਕਾਰੀ ਮੁਤਾਬਿਕ ਇਸ ਤੋਂ ਬਾਅਦ ਵੀ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਜੀ.ਐਸ.ਟੀ. ਮੁਆਫ਼ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਜਦੋਂ ਕਿ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੋਂ ਅਸਮਰੱਥਤਾ ਕੇਂਦਰ ਸਰਕਾਰ ਸੁਪਰੀਮ ਕੋਰਟ ਵਿਚ ਪਹਿਲਾਂ ਹੀ ਜ਼ਾਹਿਰ ਕਰ ਚੁੱਕੀ ਹੈ। 33 ਸਾਲ ਬੀਤ ਜਾਣ ਉਪਰੰਤ 1984 ਦੇ ਮਾਮਲਿਆਂ ਵਿਚ ਤੇਜ਼ੀ ਤਾਂ ਬੱਸ ਇਕ ਸੁਪਨਾ ਹੀ ਹੈ। ਇਸ ਵੇਲੇ ਸਾਡੇ ਸਾਹਮਣੇ ਉਦਾਹਰਨ ਹੈ ਕਿ ਆਂਧਰਾ ਦੇ ਮੁੱਖ ਮੰਤਰੀ ਰਾਜ ਦੇ ਵਡੇਰੇ ਹਿਤਾਂ ਲਈ ਕੇਂਦਰ ਵਿਚਲੇ ਆਪਣੇ ਮੰਤਰੀਆਂ ਤੱਕ ਨੂੰ ਵਾਪਸ ਬੁਲਾ ਕੇ ਆਂਧਰਾ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦਿੱਤੇ ਜਾਣ ਦੀ ਮੰਗ 'ਤੇ ਅੜੇ ਹੋਏ ਹਨ। ਇਸ ਨੂੰ ਵੇਖਦਿਆਂ ਅਕਾਲੀ ਦਲ ਨੂੰ ਵੀ ਚਾਹੀਦਾ ਹੈ ਕਿ ਪਹਿਲਾਂ ਉਹ ਅੱਜ ਦੇ ਹਾਲਾਤ 'ਤੇ ਪੰਜਾਬ ਦੇ ਵਡੇਰੇ ਹਿਤਾਂ ਲਈ ਸੋਚ-ਵਿਚਾਰ ਕਰੇ ਤੇ ਫਿਰ ਕੋਈ ਸਪੱਸ਼ਟ ਸਟੈਂਡ ਲਵੇ। ਅਕਾਲੀ ਦਲ ਲਈ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਹੀ ਇਹ ਮੌਕਾ ਹੈ ਨਹੀਂ ਤਾਂ ਫਿਰ ਪਤਾ ਨਹੀਂ ਕਦ ਮੌਕਾ ਆਇਗਾ।

# ਗੁਰੂ ਨਾਨਕ ਸਾਹਿਬ ਅਤੇ ਨਵ-ਸਨਾਤਨੀ ਮਨੋਵਿਗਿਆਨਕ ਹਮਲੇ

**"ਕੁਝ ਲੋਕ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਿੱਖ, ਸਿੱਖ ਨਹੀਂ ਹਨ। ਪ੍ਰੋ. ਜਾਦੂਨਾਥ ਸਰਕਾਰ ਅਤੇ ਸਰ ਰਬਿੰਦਰਨਾਥ ਟੈਗੋਰ ਇਨ੍ਹਾਂ ਵਿਚੋਂ ਮੁੱਖ ਹਨ... ਅਸੀਂ ਅਪਣੀ ਔਕਾਤ ਤੋਂ ਉੱਪਰ ਦੀਆਂ ਵੱਡੀਆਂ ਅਤੇ ਮਹਾਨ ਚੀਜ਼ਾਂ ਨੂੰ ਸਮਝ ਨਹੀਂ ਸਕਦੇ। ਸਰ ਟੈਗੋਰ ਗੁਰੂ ਨਾਨਕ ਨੂੰ ਇਸ ਲਈ ਪਸੰਦ ਕਰਦੇ ਹਨ ਕਿਉਂਕਿ ਉਹ ਗੁਰੂ ਸਾਹਿਬ ਨੂੰ ਇਕ ਮਿੱਠੇ ਸੁਪਨੇ ਲੈਣ ਵਾਲੇ ਸੁਧਾਰਕ ਤੋਂ ਵੱਧ ਜਾਣਦੇ ਹੀ ਨਹੀਂ। ... ਸਰਕਾਰ ਸਿੱਖਾਂ ਨੂੰ ਲੁਟੇਰੇ ਅਤੇ ਰਾਜਨੀਤਕ ਵਿਦਰੋਹੀ ਸਾਬਤ ਕਰਕੇ ਆਪਣੇ ਪਿਆਰੇ ਔਰੰਗਜ਼ੇਬ ਦੀ ਸਿੱਖਾਂ ਨੂੰ ਖਤਮ ਕਰਨ ਦੀ ਨੀਤੀ ਦੀ ਵਡਿਆਈ ਕਰ ਰਹੇ ਹਨ। ਇਸ ਤਰ੍ਹਾਂ ਦਾ ਅਨਿਆ ਤਾਂ ਸਿੱਖਾਂ ਦੇ ਭੈੜੇ ਤੋਂ ਭੈੜੇ ਦੁਸ਼ਮਣ ਨੇ ਵੀ ਨਹੀਂ ਕੀਤਾ।"**

**ਡਾ. ਜਸਵੀਰ ਸਿੰਘ**

ਸਿੱਖ ਕੌਮ ਭਾਰਤੀ ਰਾਜ ਅਤੇ ਸਨਾਤਨੀ ਤਾਕਤਾਂ ਦੇ ਰਾਜਨੀਤਕ ਦਾਬੇ ਦਾ ਸ਼ਿਕਾਰ ਹੈ। ਰਾਜਨੀਤਕ ਦਾਬਾ ਤਿੰਨ ਤਕਨੀਕਾਂ ਰਾਹੀਂ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਪਹਿਲੀ ਤਕਨੀਕ ਫ਼ੌਜੀ ਤਾਕਤ ਅਤੇ ਇਨਾਮ ਦੇਣ ਦੀ ਨੀਤੀ ਰਾਹੀਂ ਵਰਤੋਂ ਵਿਚ ਲਿਆਂਦੀ ਜਾਂਦੀ ਹੈ। ਦੂਜੀ ਤਕਨੀਕ ਦੀ ਵਰਤੋਂ ਕਰਕੇ ਅਧੀਨ ਕੌਮ ਦੇ ਸਮਾਜਕ, ਆਰਥਕ ਅਤੇ ਰਾਜਨੀਤਕ ਸਾਧਨਾਂ ਦੀ ਵੰਡ ਕਰਨ ਵਾਲੇ ਮਹੱਤਵਪੂਰਨ ਢਾਂਚਿਆਂ ਉੱਪਰ ਕਬਜਾ ਕਰ ਲਿਆ ਜਾਂਦਾ ਹੈ। ਰਾਜਨੀਤਕ ਦਾਬੇ ਦੀ ਤੀਜੀ ਤਕਨੀਕ ਬੇਹੱਦ ਖਤਰਨਾਕ ਹੁੰਦੀ ਹੈ, ਜਿਸਨੂੰ ਰਾਜਨੀਤੀ ਵਿਗਿਆਨ ਦੀ ਭਾਸ਼ਾ ਵਿੱਚ ਮਨੁੱਖੀ ਸੋਚ ਉੱਪਰ ਕਬਜਾ ਕਰਨ ਦੀ 'ਵਿਧੀ' ਵੀ ਕਿਹਾ ਜਾਂਦਾ ਹੈ। ਇਸ ਵਿਧੀ ਰਾਹੀਂ ਕਿਸੇ ਕੌਮ ਦੀ ਪਛਾਣ ਨੂੰ ਸਦੀਵੀ ਰੂਪ ਦੇਣ ਵਾਲੇ ਸੋਮਿਆਂ, ਚਿੰਨ੍ਹਾਂ, ਢਾਂਚਿਆਂ, ਹਸਤੀਆਂ, ਧਾਰਮਿਕ ਅਤੇ ਸਭਿਆਚਾਰਕ ਮਹੱਤਤਾ ਵਾਲੀਆਂ ਥਾਵਾਂ, ਲੋਕ-ਗੀਤਾਂ, ਗਿਆਨ ਦੇ ਸੋਮੇ ਗ੍ਰੰਥਾਂ ਅਤੇ ਪੁਰਾਤਨ ਹੱਥ-ਲਿਖਤਾਂ ਤੇ ਹੋਰਨਾਂ ਸਰੋਤਾਂ ਨੂੰ ਖਤਮ ਕੀਤਾ ਜਾਂਦਾ ਹੈ। ਇਨ੍ਹਾਂ ਤਿੰਨਾਂ ਤਕਨੀਕਾਂ ਦੀ ਸਿੱਖਾਂ ਖਿਲਾਫ ਵਰਤੋਂ ਭਾਰਤੀ ਰਾਜ ਅਤੇ ਸਨਾਤਨੀ ਤਾਕਤਾਂ ਵੱਲੋਂ ਲਗਾਤਾਰ ਜਾਰੀ ਹੈ।
ਇੱਥੇ ਸਨਾਤਨੀ ਤਾਕਤਾਂ ਦੀ ਅਸਾਨ ਨਿਸ਼ਾਨਦੇਹੀ ਅਤੇ ਇਨ੍ਹਾਂ ਦੇ ਕੰਮ ਕਰਨ ਦੇ ਢੰਗ-ਤਰੀਕੇ ਅਤੇ ਨਿਸ਼ਾਨਿਆਂ ਨੂੰ ਸਮਝਣ ਲਈ ਇਨ੍ਹਾਂ ਦੀ ਦੋ ਤਰ੍ਹਾਂ ਨਾਲ ਵੰਡ ਕੀਤੀ ਜਾ ਸਕਦੀ ਹੈ। ਇਸ ਵੰਡ ਦਾ ਆਧਾਰ ਇਸ ਵਰਤਾਰੇ ਦੇ ਵਰਤਣ ਦਾ ਸਮਾਂ ਅਤੇ ਇਸ ਦੇ ਨਿਸ਼ਾਨੇ ਹਨ। ਇਹ ਵਰਤਾਰਾ 1947 ਇਸਵੀ ਵਿਚ ਇਸ ਖਿੱਤੇ ਦੀ ਹੋਈ ਵੰਡ ਤੋਂ ਪਹਿਲਾਂ ਵੀ ਮੌਜੂਦ ਸੀ, ਜਿਸਨੂੰ 'ਸਨਾਤਨੀ' ਹਮਲਾ ਕਿਹਾ ਜਾ ਸਕਦਾ ਹੈ। ਇਹ ਵਰਤਾਰਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਵਰਤਣਾ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਸਾਹਿਬ ਨਾਲ ਬਿੱਪਰਵਾਦੀਆਂ ਦੇ ਵਿਵਾਦ ਇਸ ਵਰਤਾਰੇ ਦੇ ਸ਼ੁਰੂਆਤੀ ਲੱਛਣ ਸਨ। ਬਾਅਦ ਵਿਚ ਇਨ੍ਹਾਂ ਤਾਕਤਾਂ ਵੱਲੋਂ ਮੁਗ਼ਲ ਹਾਕਮਾਂ ਨਾਲ ਗੱਠਜੋੜ ਕਰਕੇ ਸਿੱਖਾਂ ਉੱਪਰ ਫ਼ੌਜੀ ਤਾਕਤ ਦੀ ਵਰਤੋਂ ਕਰਨ ਦੇ ਅਮਲ ਇਤਿਹਾਸ ਦਾ ਹਿੱਸਾ ਹਨ। ਸਿੱਖਾਂ ਦੀ ਸੋਚ ਉੱਪਰ ਕਬਜਾ ਕਰਨ ਦਾ ਖਤਰਨਾਕ ਅਮਲ ਸਨਾਤਨੀ ਤਾਕਤਾਂ ਵੱਲੋਂ ਸਿੱਖ ਧਾਰਮਿਕ ਗ੍ਰੰਥਾਂ ਵਿਚ ਰਲਾ ਪਾਉਣ ਤੋਂ ਲੈ ਕੇ ਇਨ੍ਹਾਂ ਦੀ ਸਨਾਤਨੀ ਵਿਆਖਿਆ ਤੱਕ ਫੈਲਿਆ ਹੋਇਆ ਹੈ। ਇਸ ਦੇ ਨਾਲ ਹੀ ਸਿੱਖ ਗਿਆਨ-ਪ੍ਰਬੰਧ ਦੇ ਫੈਲਾਅ, ਅਗਲੀਆਂ ਸਿੱਖ ਪੀੜ੍ਹੀਆਂ ਤੱਕ ਇਸ ਗਿਆਨ-ਪ੍ਰਬੰਧ ਦੀ ਪਹੁੰਚ ਕਰਨ ਵਾਲੇ ਮਹੱਤਵਪੂਰਨ ਧਾਰਮਿਕ ਅਤੇ ਸਮਾਜਕ ਢਾਂਚਿਆਂ ਭਾਵ 'ਸਿੱਖ ਗੁਰਦੁਆਰਿਆਂ' ਉੱਪਰ ਕਬਜਾ ਕਰਨ ਦੀ ਨੀਤੀ ਵੀ ਵਰਤੋਂ ਵਿਚ ਲਿਆਂਦੀ ਗਈ। ਭਾਈ ਕਾਨ੍ਹ ਸਿੰਘ ਨਾਭਾ' ਅਨੁਸਾਰ "ਸਿੱਖ ਰਾਜ ਦੌਰਾਨ 'ਪੰਡਿਤ ਜੱਲਾ' ਜੋ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਥਾਪੇ ਗਏ




ਪ੍ਰਧਾਨ ਮੰਤਰੀ ਧਿਆਨ ਸਿੰਘ' ਦਾ ਧਰਮ ਗੁਰੂ' ਸੀ, ਨੇ ਸਿੱਖ ਗੁਰਦਵਾਰਿਆਂ ਵਿਚ ' ਹਿੰਦੂ ਮਹੰਤ' ਪ੍ਰਬੰਧਕਾਂ ਵਜੋਂ ਲਾਉਣ ਦੀ ਨੀਤੀ ਹੋਂਦ ਵਿੱਚ ਲਿਆਂਦੀ।" ਇਸ ਤੋਂ ਬਾਅਦ ਅੰਗਰੇਜ਼ੀ ਰਾਜ ਸਮੇਂ ਤਾਂ ਸਿੱਖ ਹੋਂਦ ਦਾ ਚਿੰਨ੍ਹ ਅਤੇ ਸਭ ਤੋਂ ਅਹਿਮ ਧਾਰਮਿਕ ਥਾਂ ਦਰਬਾਰ ਸਾਹਿਬ' ਤੱਕ ਬ੍ਰਾਹਮਣੀ ਤਾਕਤਾਂ ਦੇ ਸਿੱਧੇ ਕਬਜੇ ਵਿੱਚ ਆ ਗਈ। ਦਰਬਾਰ ਸਾਹਿਬ ਦੀ ਪਰਕਰਮਾ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖ ਦਿੱਤੀਆਂ ਗਈਆਂ, ਬ੍ਰਾਹਮਣੀ ਵਰਣ-ਵੰਡ ਭਾਵ ਜਾਤੀ ਵੰਡ ਦੀ ਨੀਤੀ ਇੱਥੇ ਲਾਗੂ ਕਰ ਦਿੱਤੀ ਗਈ ਜੋ ਕਿ 'ਸਿੰਘ ਸਭਾ (ਲਾਹੌਰ) ' ਵੱਲੋਂ ਸ਼ੁਰੂ ਕੀਤੀ ਗਈ ਪੰਥ-ਪ੍ਰਸਤ ਲਹਿਰ ਨੇ ਖ਼ਤਮ ਕੀਤੀ।
ਅੰਗਰੇਜੀ ਰਾਜ ਦੌਰਾਨ ਸਿੱਖ ਗਿਆਨ-ਪ੍ਰਬੰਧ ਉੱਪਰ ਸਭ ਤੋਂ ਵੱਧ ਖਤਰਨਾਕ ਮਨੋਵਿਗਿਆਨਕ ਵਾਰ ਹਿੰਦੂ ਰਾਜਨੀਤੀਵਾਨਾਂ, ਵਿਦਵਾਨਾਂ/ਸਕਾਲਰਾਂ ਅਤੇ ਅਕਾਦਮਿਕ ਬੁੱਧੀਜੀਵੀਆਂ ਵੱਲੋਂ ਕੀਤਾ ਗਿਆ। ਇਨ੍ਹਾਂ ਵਿਚੋਂ ਮਹਾਤਮਾ ਗਾਂਧੀ, ਰਬਿੰਦਰਨਾਥ ਟੈਗੋਰ ਅਤੇ ਜਾਦੂਨਾਥ ਸਰਕਾਰ ਮੁੱਖ ਸਨ। ਇਨ੍ਹਾਂ ਵੱਲੋਂ ਸਿੱਖਾਂ ਦੇ ਆਪਣੇ ਗੁਰੂ ਸਾਹਿਬਾਨਾਂ ਅਤੇ ਖਾਸ ਕਰਕੇ 'ਗੁਰੂ ਨਾਨਕ ਸਾਹਿਬ' ਨਾਲ ਅਟੁੱਟ 'ਮਨੋ-ਸਮਾਜਕ ਰਿਸ਼ਤੇ' ਨੂੰ ਤੋੜਨ ਦੇ ਚੇਤੰਨ ਬੌਧਿਕ ਯਤਨ ਸ਼ੁਰੂ ਕੀਤੇ ਗਏ। ਪ੍ਰੋ. ਪੂਰਨ ਸਿੰਘ ਜੀ ਵੱਲੋਂ ਇਨ੍ਹਾਂ ਦੀਆਂ ਲਿਖਤਾਂ ਦੇ ਵਿਰੋਧ ਵਜੋਂ ਲੇਖ ਲਿਖੇ ਗਏ। ਇਕ ਲੇਖ ਵਿੱਚ ਪ੍ਰੋ. ਸਾਹਿਬ ਲਿਖਦੇ ਹਨ:
"ਕੁਝ ਲੋਕ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਿੱਖ, ਸਿੱਖ ਨਹੀਂ ਹਨ। ਪ੍ਰੋ. ਜਾਦੂਨਾਥ ਸਰਕਾਰ ਅਤੇ ਸਰ ਰਬਿੰਦਰਨਾਥ ਟੈਗੋਰ ਇਨ੍ਹਾਂ ਵਿਚੋਂ ਮੁੱਖ ਹਨ... ਅਸੀਂ ਅਪਣੀ ਔਕਾਤ ਤੋਂ ਉੱਪਰ ਦੀਆਂ ਵੱਡੀਆਂ ਅਤੇ ਮਹਾਨ ਚੀਜ਼ਾਂ ਨੂੰ ਸਮਝ ਨਹੀਂ ਸਕਦੇ। ਸਰ ਟੈਗੋਰ ਗੁਰੂ ਨਾਨਕ ਨੂੰ ਇਸ ਲਈ ਪਸੰਦ ਕਰਦੇ ਹਨ ਕਿਉਂਕਿ ਉਹ ਗੁਰੂ ਸਾਹਿਬ ਨੂੰ ਇਕ ਮਿੱਠੇ ਸੁਪਨੇ ਲੈਣ ਵਾਲੇ ਸੁਧਾਰਕ ਤੋਂ ਵੱਧ ਜਾਣਦੇ ਹੀ ਨਹੀਂ। ਸਰਕਾਰ ਸਿੱਖਾਂ ਨੂੰ ਲੁਟੇਰੇ ਅਤੇ ਰਾਜਨੀਤਕ ਵਿਦਰੋਹੀ ਸਾਬਤ ਕਰਕੇ ਆਪਣੇ ਪਿਆਰੇ ਔਰੰਗਜ਼ੇਬ ਦੀ ਸਿੱਖਾਂ ਨੂੰ ਖਤਮ ਕਰਨ ਦੀ ਨੀਤੀ ਦੀ ਵਡਿਆਈ ਕਰ ਰਹੇ ਹਨ। ਇਸ ਤਰ੍ਹਾਂ ਦਾ ਅਨਿਆ ਤਾਂ ਸਿੱਖਾਂ ਦੇ ਭੈੜੇ ਤੋਂ ਭੈੜੇ ਦੁਸ਼ਮਣ ਨੇ ਵੀ ਨਹੀਂ ਕੀਤਾ।"
ਗੁਰੂ ਨਾਨਕ ਸਾਹਿਬ ਦੀ ਹਸਤੀ ਅਤੇ ਇਸ ਦੇ ਸਿੱਖਾਂ ਨਾਲ ਮਨੋ-ਸਮਾਜਕ ਰਿਸ਼ਤੇ ਉੱਪਰ ਗੁੱਝੇ ਹਮਲੇ ਇਸ ਸਮੇਂ ਦੌਰਾਨ ਸ਼ੁਰੂ ਹੋ ਗਏ ਹਨ। ਉਸ ਸਮੇਂ ਇਹ ਬ੍ਰਾਹਮਣੀ ਤਾਕਤਾਂ ਅੰਗਰੇਜ਼ੀ ਰਾਜ ਦੇ ਅਧੀਨ ਸਨ ਅਤੇ ਸਿੱਖਾਂ ਅਤੇ ਸਿੱਖ ਧਰਮ ਉੱਪਰ ਇਨ੍ਹਾਂ ਵੱਲੋਂ ਵਿਢਆ ਇਹ ਬੌਧਿਕ ਹਮਲਾ ਸਿੱਖਾਂ ਦੇ ਵੱਖਰੇ ਗਿਆਨ-ਪ੍ਰਬੰਧ ਦੇ ਪੂਰੇ ਖਾਤਮੇ ਅਤੇ ਸਿੱਖਾਂ ਨੂੰ ਹਿੰਦੂ ਧਰਮ ਵਿਚ ਪੂਰੀ ਤਰ੍ਹਾਂ ਨਾਲ ਰਲਾਉਣ ਦੇ ਨਿਸ਼ਾਨੇ ਵੱਲ ਸੇਧਿਤ ਸੀ।
ਭਾਰਤੀ ਅਜ਼ਾਦੀ ਭਾਵ 1947 ਤੋਂ ਬਾਅਦ ਰਾਜਨੀਤਕ ਹਾਲਾਤ ਬਦਲ ਗਏ। ਰਾਜਨੀਤਕ ਸਰਤਾਜਗੀ (Sovereignty) ਇਨ੍ਹਾਂ ਤਾਕਤਾਂ ਦੇ ਹੱਥ ਆ ਗਈ। ਇੱਥੇ ਸਿੱਖਾਂ ਖਿਲਾਫ਼ ਪਹਿਲੇ

ਬਾਕੀ ਸਫ਼ਾ 30 'ਤੇ

# ਕਲਾ ਦੇ ਓਹਲੇ 'ਚ ਗੁਰੂ ਨਾਨਕ ਦੇ ਇਲਾਹੀ ਨਿਯਮ ਨੂੰ ਮੇਟਣ ਦੀ ਹਿਮਾਕਤ

**ਅਮਰੀਕ ਸਿੰਘ**

ਆਦਿ ਕਾਲ ਤੋ ਹੀ ਕੋਮਲ ਕਲਾਵਾਂ ਦੇ ਮਾਧਿਅਮ ਰਾਹੀ ਮਾਨਵੀ ਜਿਹਨ ਸ੍ਰਿਸ਼ਟੀ ਜਾ ਪ੍ਰਕਿਰਤੀ ਵਿਚਲੇ ਤੱਤ ਸਾਰ ਰੂਪੀ ਸੱਚ ਨਾਲ ਵਾਬਸਤਾ ਹੁੰਦਾ ਆਇਆ ਹੈ। ਪ੍ਰਾਚੀਨ ਸਮਿਆਂ ਤੋ ਕਾਵਿ ਰੂਪ, ਸੰਗੀਤ, ਤੇ ਨਾਟ ਕਲਾ ਆਦਿ ਰਾਹੀਂ ਮਾਨਵੀ ਪ੍ਰਤਿਭਾ ਨੇ ਦਿਸਦੀ ਤੇ ਅਣਦਿਸਦੀ ਰੱਬੀ ਜਾਤ ਦੀ ਕੰਨਸੋਅ ਤੋ ਆਦਮ ਜਾਤ ਨੂ ਜਾਣੂ ਕਰਵਾਇਆ ਹੈ। ਇਸ ਉਦਾਤ ਅਵਸਥਾ ਦੀ ਪਰਿਭਾਸ਼ਾ ਭਾਰਤੀ ਗਿਆਨ ਪਰੰਪਰਾ ਨੇ "ਸਤਅਮ ਸ਼ਿਵਮ ਸੁੰਦਰਮ" ਦੇ ਸੰਕਲਪ ਨਾਲ ਨਿਸਚਿਤ ਕੀਤੀ ਹੈ, ਭਾਵ ਪੂਰਨ ਸੱਚ, ਸੁਹਜ (ਇੰਦਰਿਆਵੀ ਸੰਦਰਭ ਨਹੀਂ) ਅਤੇ ਦੈਵੀ ਹੋਂਦ ਦੀ ਦੇਹ ਰੂਪ ਹਰਕਤ, ਹਰ ਧਰਮ ਦੇ ਪੈਗੰਬਰੀ ਵਰਤਾਰੇ ਦੇ ਸਮੁੱਚੇ ਪਹਿਲੂਆਂ (ਅਮਲੀ ਜੀਵਨ ਤੇ ਕਲਾ ਰੂਪਾਂ ਦਾ ਸਿਧਾਂਤਕ ਵਿਧੀ-ਵਿਧਾਨ) ਦੀ ਆਪਣੀ ਮਰਿਆਦਾ ਹੁੰਦੀ ਹੈ। ਗੈਰ-ਮਜਹਬ ਦੇ ਸਿਧਾਂਤਾਂ ਅਤੇ ਕਲਾ ਰੂਪਾਂ ਦੁਆਰਾ ਕਿਸੇ ਪੈਗੰਬਰੀ ਵਰਤਾਰੇ ਦੇ ਸ਼ੁਧ ਰੂਪ ਨੂੰ ਨਹੀਂ ਦਰਸਾਇਆ ਜਾ ਸਕਦਾ, ਜਿੰਵੇ ਹਿੰਦੂ ਸਹਿਤ ਅਤੇ ਦਰਸ਼ਨ, ਪੱਛਮੀ ਦਰਸ਼ਨ ਅਤੇ ਮਾਰਕਸਵਾਦ ਦੇ ਇਲਾਹੀ ਸਰੋਕਾਰਾਂ ਤੋ ਸੱਖਣੇ ਗਿਆਨ ਦੇ ਅਕਦਾਮਿਕ ਅਭਿਆਸ ਨੇ ਸਿੱਖਾਂ ਨੂੰ ਸਿੱਖੀ ਤੋ ਦੂਰ ਕਰਨ ਤੋਂ ਇਲਾਵਾ ਕੋਈ ਸਾਰਥਿਕ ਯੋਗਦਾਨ ਨਹੀਂ ਦਿੱਤਾ, ਇੰਵੇ ਹੀ ਗੁਰਬਾਣੀ ਵੱਲੋਂ ਰੱਦ ਕੀਤੇ ਗਿਆਨ ਚੋਂ ਵਿਕਸਿਤ ਹੋਏ ਕਲਾ ਰੂਪਾਂ ਰਾਹੀ ਗੁਰਬਾਣੀ ਜਾ ਗੁਰੂ ਜੀਵਨ ਦੀ ਖਾਲਸ ਰਮਜ ਨੂੰ ਅਤੇ ਉਸਦੀ ਮਹਾਨਤਾ ਨੂੰ ਨਹੀਂ ਦਰਸਾਇਆ ਜਾ ਸਕਦਾ। ਜਿੱਥੋਂ ਤੱਕ ਅਕਾਲ ਪੁਰਖ ਗੁਰੂ ਪਾਤਸ਼ਾਹ ਦੇ ਇਲਾਹੀ ਕਰਮ ਨੂੰ ਕਿਸੇ ਕਲਾ ਰੂਪ ਰਾਹੀ ਬਿਆਨ ਕਰਨ ਦਾ ਸੁਆਲ ਹੈ, ਕਾਵਿ ਰੂਪ (ਜੋ ਅਰਥਾਂ ਦੇ ਸੰਦਰਭ ਵਿੱਚ ਬੇਹੱਦ ਪਾਰਦਰਸ਼ੀ, ਬਹੁ ਪਸਾਰੀ, ਸਰੋਦੀ ਅਤੇ




'ਨਾਨਕ ਸ਼ਾਹ ਫਕੀਰ' ਫਿਲਮ ਬੰਦ ਕਰੋ (ਪ੍ਰਤੀਕਾਤਮਕ ਤਸਵੀਰ)

ਮੌਲਿਕ ਹੁੰਦਾ ਹੈ) ਪੰਥ ਪ੍ਰਵਾਨਿਤ ਵਿਧੀ ਰਹੀ ਹੈ, ਇਸਦੀ ਪ੍ਰਵਾਨਗੀ ਖੁਦ ਗੁਰੂ ਪਾਤਸ਼ਾਹ ਨੇ ਹੀ ਭਾਈ ਗੁਰਦਾਸ ਅਤੇ ਨੰਦ ਲਾਲ ਗੋਯਾ ਦੇ ਰੂਪ ਚ ਦੇ ਦਿੱਤੀ ਸੀ।
ਅਧੁਨਿਕ ਯੁੱਗ ਵਿੱਚ ਸਿਨੇਮਾ ਸਭ ਤੋ ਪ੍ਰਭਾਵਸ਼ਾਲੀ ਤੇ ਪ੍ਰਚਲਿਤ ਕਲਾ ਰੂਪ ਹੈ ਜੋ ਕਿ ਪੱਛਮੀ ਵਿਗਆਨ ਦੀ ਖੋਜ ਕੀਤੀ ਤਕਨੀਕ ਹੈ। ਆਪਣੀ ਸਾਰਥਿਕਤਾ ਦੇ ਬਾਵਜੂਦ ਫਿਲਮਾਕਣ ਕਲਾ ਦੇ (ਰੂਹਾਨੀ ਨਿਯਮ ਅਤੇ ਨੁਕਤਾ ਨਿਗਾਹ ਤੋਂ) ਬੁਨਿਆਦੀ ਦੋਸ਼ ਅਤੇ ਸੀਮਾਵਾਂ ਹਨ। ਪਹਿਲਾ ਇਹ ਕਿ ਫਿਲਮਾਕਣ ਸਿਰਜਣਾਤਮਕ ਪ੍ਰਕਿਰਆ ਕਈ ਤਕਨੀਕੀ ਹੁਨਰਮੰਦਾਂ ਦੇ ਅਮਲ ਰਾਹੀ ਨੇਪਰੇ ਚੜਦਾ ਹੈ, ਜਿੰਨਾ ਦੇ ਕਾਰਜ ਕਰਨ ਦੇ ਮਕਸਦ ਪੇਸ਼ੇਵਰ ਹੁੰਦੇ ਹਨ। ਕਾਵਿ ਰਚੇਤਾ (ਸ਼ਾਹ ਹੁਸੈਨ, ਸੁਲਤਾਨ ਬਾਹੂ ਜਿਹਾ ਸੂਫੀ ਦਰਵੇਸ਼ ਹੋਵੇ ਜਾ ਫਿਰਦੌਸੀ ਜਾ ਮਹਿਬੂਬ ਜਿਹਾ ਜਿਹਾਦੀ ਕਿਰਦਾਰ ਵਾਲਾ) ਵਾਂਗ ਉਹ ਅਪਣੇ ਆਵੇਸ਼ ਤੇ ਅਹਿਸਾਸ ਦੇ ਪ੍ਰਗਟਾਵੇ ਲਈ ਬੇਗਾਨੇ ਤਕਨੀਕੀ ਮੁਹਾਰਤ ਵਾਲੇ (ਕੈਮਰਾਮੈਨ, ਡਾਇਰੈਕਟਰ, ਐਕਟਰਜ ਆਦਿ) ਲੋਕਾਂ ਦੇ ਮੁਥਾਜ ਨਹੀਂ ਹੁੰਦੇ। ਦੂਜਾ, ਫਿਲਮਾਕਣ ਦੀ ਦੁਨੀਆ ਦੇ ਜੀਵਨ ਚੋਂ ਫਕੀਰੀ ਤੱਤ ਹਮੇਸ਼ਾ ਗਾਇਬ ਰਹਿੰਦਾ ਹੈ ਅਤੇ ਗਲੈਮਰ ਹੀ ਇਸ ਜਿੰਦਗੀ ਦਾ ਅਸਲੀ ਕਿਰਦਾਰ ਹੁੰਦਾ ਹੈ। ਘੱਟੋ ਘੱਟ ਹੁਣ ਤੱਕ ਦੇ ਸਿਨੇਮਾ ਦੇ ਇਤਿਹਾਸ ਤੋਂ ਤਾ ਇਹੀ ਸਾਬਿਤ ਹੁੰਦਾ ਹੈ। ਹੁਣ ਤਕ ਦੇ ਸਿਨੇਮਾ ਦੇ ਇਤਿਹਾਸ ਦੀਆਂ ਮਹਾਨ ਸਖਸ਼ੀਅਤਾਂ 'ਚ ਹਾਲੀਵੁੱਡ ਦੇ ਜੇਮਸ ਕੈਮਰਾਨ, ਮੈੱਲ ਗਿਬਸਨ, ਇਰਾਨ ਦਾ ਮਾਜਿਦ ਮਜੀਦੀ, ਬਾਲੀਵੁੱਡ ਦੇ ਸੰਜੇ ਲੀਲਾ ਭੰਸਾਲੀ, ਭਾਵਨਾ ਤਲਵਾਰ, ਆਦਿ ਦੇ ਨਾਮ ਅਸੀਂ ਗਿਣਾ ਸਕਦੇ ਹਾਂ। ਇਹਨਾ ਚੋਂ ਕਿਸੇ ਨੇ ਵੀ ਪੈਗੰਬਰੀ ਅਮਲ ਨੂੰ ਚਿਤਰਪਟ 'ਤੇ ਉਤਾਰ ਦੇਣ ਦਾ ਦਾਅਵਾ ਜਾ ਹਿੰਮਤ ਨਹੀ ਕੀਤੀ ਕਿਉਂਕਿ ਉਹ ਲੋਕ ਘੱਟੋ ਘੱਟ ਅਪਣੇ ਹੁਨਰ 'ਚ ਪਰਬੀਨ ਹਨ, ਇਸ ਲਈ ਨਿਰਦੇਸ਼ਨ ਦੀਆਂ ਸੀਮਾਵਾਂ, ਨਿਯਮਾਂ ਅਤੇ ਸਿਰਜਣਾ ਦੇ ਇਖਲਾਕੀ ਪਹਿਲੂ ਤੋਂ ਵਾਕਿਫ ਹਨ, ਅਤੇ ਇਲਾਹੀ ਜਿੰਦਗੀ ਦੀ ਉਚਾਈ ਨੂੰ ਵੀ ਅਤੇ ਅਪਣੀ ਔਕਾਤ ਨੂੰ ਵੀ ਜਾਣਦੇ ਪਛਾਣਦੇ ਹਨ। ਅਜਿਹਾ ਦਾਅਵਾ ਕਈ ਵਾਰ ਹੁਨਰ ਹੀਣ ਜਰੂਰ ਕਰ ਦਿੰਦੇ ਹਨ ਜਿਨ੍ਹਾਂ ਦੇ ਪੱਲੇ ਕਿਸੇ ਵੀ ਕਿਸਮ ਦੀ ਮੌਲਿਕ ਪ੍ਰਤਿਭਾ ਨਹੀਂ ਹੁੰਦੀ, ਕੋਈ ਹੁਨਰ ਨਹੀਂ ਹੁੰਦਾ, ਜਿਨ੍ਹਾਂ ਦੀ ਸਿਨੇਮਾ ਦੇ ਅਤੇ ਜਿੰਦਗੀ ਦੇ ਕਿਸੇ ਵੀ ਹੋਰ ਖੇਤਰ 'ਚ ਕੋਈ ਪ੍ਰਾਪਤੀ ਨਹੀਂ ਹੁੰਦੀ, ਜਿਨ੍ਹਾਂ ਦੀ ਨਾਂ ਸਿਧਾਂਤ ਨਾਲ ਪਰਪੱਕਤਾ ਹੁੰਦੀ ਹੈ ਤੇ ਨਾ ਵਫਾਦਾਰੀ ਤੇ ਨਾ ਸਮਰਪਣ। ਅਜਿਹੇ ਯਤਨ ਸੁਹਜਹੀਣ ਬੁੱਤ ਘੜਨ ਦਾ ਕੁਕਰਮ ਕਰਦੇ ਹਨ ਜਿਹਾ ਕਿ ਨਾਨਾਕ ਸ਼ਾਹ ਫਕੀਰ ਫਿਲਮ ਦੇ ਮਾਮਲੇ ਵਿੱਚ ਹੋ ਰਿਹਾ ਹੈ।
ਇਸ ਫਿਲਮ ਨਾਲ ਜੁੜੀਆਂ ਸਾਜਿਸ਼ਾਂ ਹੀ ਇਸ ਨੂੰ ਬਣਾਉਣ ਪਿਛਲੇ ਖਤਰਨਾਕ ਮਨਸੂਬਿਆਂ ਦੀ ਦੱਸ ਪਾਉਂਦੀਆਂ ਹਨ। ਸ. ਸੁਖਦੇਵ ਸਿੰਘ ਭੌਰ ਨੇ ਫੇਸਬੁੱਕ 'ਤੇ ਇਸ ਫਿਲਮ ਦੇ ਸੰਦਰਭ ਵਿੱਚ ਦੱਸਿਆ ਹੈ ਕਿ ਕਿੰਝ ਇਸ ਫਿਲਮ ਨੂੰ ਪਰਵਾਣ ਕਰਵਾਉਣ ਲਈ ਸਿਆਸੀ ਦਬਾਅ ਦੇ ਦਾਅ ਪੇਚ ਵਰਤੇ ਗਏ ਤੇ ਕਿੰਝ ਬਾਦਲਾਂ ਦੇ ਨਾਵਾਂ ਦਾ ਦਬਾਅ ਪਾ ਕੇ ਫਿਲਮ ਮਨਜੂਰ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ।
ਸ਼ਪਸ਼ਟ ਹੈ ਕਿ ਹਸਤੀ-ਹੀਣ ਵਿਅਕਤੀ, ਸਿੱਖ ਵਿਰੋਧੀ ਮਨਸੂਬਿਆਂ ਦਾ ਵਾਹਕ ਬਣ ਰਿਹਾ ਹੈ, ਜੋ ਪਹਿਲਾ ਤੋਂ ਹੀ ਅਥਾਹ ਤਣਾਅ 'ਚ ਅਤੇ ਅਪਣੀ ਮੌਲਿਕਤਾ ਤੋ ਦੂਰ ਵਿਚਰ ਰਹੀ ਸਿੱਖ ਮਾਨਸਿਕਤਾ ਨੂੰ ਤੜਫਾਅ ਰਿਹਾ ਹੈ।
ਇਹ ਫਿਲਮ ਸਿੱਖਾਂ ਨੂੰ ਬੁੱਤ-ਪ੍ਰਸਤੀ ਵੱਲ ਧੱਕਣ ਦੀ ਇਹ ਹੋਰ ਚਾਲ ਹੈ ਤੇ ਇਸ ਦੇ ਮੱਦੇ ਨਜ਼ਰ ਸਾਨੂੰ ਇਹ ਵੀ ਵਿਚਾਰ ਲੈਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨ ਦੀ ਮਨਘੜਤ ਤਸਵੀਰਾਂ ਦੇ ਪ੍ਰਚੱਲਣ ਨੇ ਅੱਜ ਤੱਕ ਪੰਥ ਦਾ ਕੀ ਸਵਾਰਿਆ ਹੈ। ਬਲਕਿ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਅਜਿਹੇ ਨਾਟਕ-ਚੇਟਕ ਤਿਆਰ ਹੋ ਜਾਣ ਪਿੱਛੇ ਉਨ੍ਹਾਂ ਤਸਵੀਰਾਂ ਨੂੰ ਕਿਸੇ-ਨਾ-ਕਿਸੇ ਹੱਦ ਤੱਕ ਮਾਨਤਾ ਦੇ ਦੇਣ ਵਾਲੀ ਗੱਲ ਵੀ ਖੜ੍ਹੀ ਹੈ। ਯਾਦ ਰਹੇ ਕਿ ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ ਤੇ ਹਰਿੰਦਰ ਸਿੰਘ ਮਹਿਬੂਬ ਜਹੇ ਪਾਰਗਾਮੀ ਦ੍ਰਿਸ਼ਟੀ ਵਾਲੇ ਸਿੱਖ ਵਿਦਵਾਨਾਂ ਨੇ ਗੁਰੂ ਸਾਹਿਬਾਨ ਨੂੰ ਚਿੱਤਰਾਂ ਰਾਹੀਂ ਦਰਸਾਉਣ ਦੀ ਪਿਰਤ ਨੂੰ ਮੂਲੋਂ ਹੀ ਰੱਦ ਕੀਤਾ ਹੈ।
ਤਸਵੀਰਾਂ ਦੀ ਮਾਨਤਾ ਹੋ ਜਾਣ ਕਾਰਨ ਅਜਿਹੀਆਂ ਚਣੌਤੀਆਂ ਦੇ ਦਰਪੇਸ਼ ਹੋਣ ਦਾ ਅਧਾਰ ਪਹਿਲਾਂ ਹੀ ਸਿਰਜਿਆ ਜਾ ਚੁੱਕਾ ਸੀ ਤੇ ਅਧੁਨਿਕ ਯੁੱਗ ਚ ਨਿਤ ਪੈਂਦੇ ਅਜਿਹੇ ਘੋਲਾਂ ਦੇ ਜੇਤੂ ਮੱਲ ਡਾ. ਗੁਰਭਗਤ ਸਿੰਘ ਜੀ ਨੇ ਅਪਣੇ ਲੇਖ "ਜਖਮ ਨੂ ਸੂਰਜ ਬਣਨ ਦਿਉ" ਵਿਚ ਸਿੱਖਾਂ ਨੂੰ ਅਜਿਹੇ ਘੋਲ ਜਿੱਤਣ ਦੇ ਗੁਰ ਸਿਖਾਉਦਿਆਂ ਦੱਸਿਆ ਹੈ ਕਿ ਅਪਣੇ ਹਰ ਦਰਦ ਨੂੰ ਅਪਣੀ ਤਾਕਤ ਬਣਾ ਲੈਣਾ ਹੀ ਹੁਣ ਸਿੱਖਾਂ ਕੋਲ ਇਕੋ ਇਕ ਰਾਹ ਬਚਿਆ ਹੈ। ਭਾਵ ਅਰਥ ਹੈ ਕਿ ਜਿੰਨਾ ਚਿਰ ਸਿੱਖ ਪੰਥਕ ਵੇਹੜੇ 'ਚ ਪਸਰੀ ਬੁੱਤਪਰਸਤੀ ਉਖਾੜ ਨਹੀ ਸੁਟਦੇ, (ਅਜਾਇਬ ਘਰਾਂ ਚੋਂ ਗੁਰੂ ਪਾਤਸ਼ਾਹ ਦੀਆਂ ਫੋਟੋਆਂ ਨਹੀਂ ਹਟਾਉਂਦੇ ਅਤੇ ਰੱਦ ਨਹੀ ਕਰਦੇ) ਉਨਾਂ ਚਿਰ ਉਹਨਾਂ ਦੀ ਜਾਨ ਅਜਿਹੇ ਦੁਖਾਂ ਤੋ ਛੁੱਟਣ ਵਾਲੀ ਨਹੀਂ।
ਆਲਮਾ ਇਕਬਾਲ ਨੇ ਬੁੱਤਪਰਸਤੀ ਦੇ ਇਸ ਵਰਤਾਰੇ ਬਾਰੇ ਕਿਹਾ ਹੈ "ਨੁਕਤਾ ਏ ਤੌਹੀਦ ਸਮਝ ਮੇ ਆ ਤੋ ਸਕਤਾ ਹੈ, ਪਰ ਦਿਮਾਗ ਮੇ ਬੁੱਤਖਾਨਾ ਹੋ ਤੋ ਕਿਆ ਕਹੀਏ" ਅਰਥਾਤ ਰੱਬ ਸਿਰਫ ਤੇ ਸਿਰਫ ਇਕ ਹੈ, ਇਸਦੀ ਸਮਝ ਓਨਾ ਚਿਰ ਨਹੀਂ ਆ ਸਕਦੀ ਜਿੰਨਾ ਚਿਰ ਮਨ 'ਚ ਬੁੱਤਾਂ ਦੀ ਥਾਂ ਹੈ।
ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਅਪਣੀ ਕਿਤਾਬ "ਬਿਪਰ ਸੰਸਕਾਰ" 'ਚ ਗੁਰਬਾਣੀ ਦੇ ਹਵਾਲੇ ਨਾਲ ਦੱਸਿਆ ਹੈ ਕਿ ਦੀਨ ਨਾਲ ਦਗਾਬਾਜੀ ਦਾ ਹੁਨਰ ਗਿਆਨ ਅਥਵਾ ਕਲਾ ਰੂਪਾਂ ਦੁਆਰਾ ਹੀ ਕੌਮਾਂ ਵਿਚ ਪਨਪਦਾ ਤੇ ਉਸਰਦਾ ਹੈ। ਏਸੇ ਕਲਾ ਅਤੇ ਗਿਆਨ ਦੀ ਦੁਹਾਈ ਅਧੁਨਿਕ ਦੀਨ ਵਿਰੋਧੀ ਅਕਦਾਮਿਕ ਟਿੱਡੀਦਲ ਵੱਲੋ ਸਿੱਖਾਂ ਨੂੰ ਦਿੱਤੀ ਜਾਂਦੀ ਹੈ ਜਿਸ ਦੀ ਸ਼ਨਾਖਤ ਚੈਖਵ ਨੇ ਅਪਣੀ ਰਚਨਾ ਬਟਰਫਲਾਈ ਚ ਵੀ ਕੀਤੀ ਹੈ।
(ਸਿੱਖ ਸਿਆਸਤ ਬਿਊਰੋ ਤੋਂ ਧੰਨਵਾਦ ਸਹਿਤ)

# ਸ਼੍ਰੋਮਣੀ ਕਮੇਟੀ ਵਲੋਂ ਪ੍ਰਵਾਨਗੀ ਵਾਪਸ ਲੈਣ ਨਾਲ 'ਨਾਨਕਸ਼ਾਹ ਫਕੀਰ' ਦਾ ਰਿਲੀਜ਼ ਹੋਣਾ ਰੁਕਿਆ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਵਾਦ ਵਿਵਾਦਾਂ ਵਿੱਚ ਘਿਰੀ ਫ਼ਿਲਮ ਨਾਨਕਸ਼ਾਹ ਫਕੀਰ' ਦੇ ਰਿਲੀਜ਼ ਹੋਣ ਤੋਂ ਪਹਿਲਾਂ ਇੱਕ ਵਾਰ ਮੁੜ ਫ਼ਿਲਮ ਖ਼ਿਲਾਫ਼ ਉੱਠੇ ਇਤਰਾਜ਼ਾਂ ਕਾਰਨ ਸ਼੍ਰੋਮਣੀ ਕਮੇਟੀ ਨੇ ਇਸ ਫਿਲਮ ਨੂੰ ਦਿੱਤੇ ਸਮਰਥਨ ਤੋਂ ਮਜਬੂਰਨ ਆਪਣਾ ਹੱਥ ਵਾਪਸ ਖਿੱਚ ਲਿਆ ਹੈ। ਇਸ ਸਥਿਤੀ ਵਿੱਚ ਇਸ ਸਿੱਖ ਵਿਰੋਧੀ ਫਿਲਮ ਦਾ ਰਿਲੀਜ਼ ਹੋਣਾ ਸੰਕਟ ਵਿੱਚ ਪੈ ਗਿਆ ਹੈ।
ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਇੱਕ ਬਿਆਨ ਰਾਹੀਂ ਕਿਹਾ ਹੈ ਕਿ ਫ਼ਿਲਮ ਨਾਨਕਸ਼ਾਹ ਫਕੀਰ' ਉਦੋਂ ਤੱਕ ਰਿਲੀਜ਼ ਨਹੀਂ ਕੀਤੀ ਜਾ ਸਕਦੀ, ਜਦੋਂ ਤੱਕ ਇਸ ਫ਼ਿਲਮ ਸਬੰਧੀ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਸਾਰੇ ਇਤਰਾਜ਼ ਦੂਰ ਨਹੀਂ ਹੋ ਜਾਂਦੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਫ਼ਿਲਮ ਦੀ ਪ੍ਰਵਾਨਗੀ ਸਬੰਧੀ ਪਹਿਲਾਂ ਜਾਰੀ ਕੀਤੇ ਪ੍ਰਵਾਨਗੀ ਪੱਤਰਾਂ 'ਤੇ ਅਮਲ ਕਰਨ 'ਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ 2016 ਵਿੱਚ ਉਸ ਵੇਲੇ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਇਹ ਪ੍ਰਵਾਨਗੀ ਪੱਤਰ ਜਾਰੀ ਕੀਤਾ ਸੀ ਪਰ ਹੁਣ ਫ਼ਿਲਮ ਦੇ ਵੱਖ ਵੱਖ ਚੈਨਲਾਂ 'ਤੇ ਪ੍ਰੋਮੋ ਪ੍ਰਸਾਰਿਤ ਹੋਣ ਤੋਂ ਬਾਅਦ ਸੰਗਤ ਵੱਲੋਂ ਵੱਡੇ ਪੱਧਰ 'ਤੇ ਇਤਰਾਜ਼ ਕੀਤੇ ਗਏ ਹਨ।
ਵਰਨਣਯੋਗ ਹੈ ਕਿ ਸਿੱਖਾਂ ਜਥੇਬੰਦੀਆਂ ਅਤੇ ਸੰਗਤ ਵੱਲੋਂ ਸੋਸ਼ਲ ਮੀਡੀਆ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਨੂੰ ਈਮੇਲ ਸੁਨੇਹੇ ਭੇਜ ਕੇ ਇਸ 'ਤੇ ਰੋਕ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਫ਼ਿਲਮ ਨੂੰ ਮਾਨਤਾ ਦੇਣ ਸਬੰਧੀ ਪਹਿਲਾਂ ਜਾਰੀ ਕੀਤੇ ਗਏ ਪੱਤਰਾਂ 'ਤੇ ਰੋਕ ਲਾ ਦਿੱਤੀ ਹੈ ਅਤੇ ਇਸ ਸਬੰਧੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਸਿੱਖ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਐਲਾਨ ਕੀਤਾ ਕਿ ਜੇਕਰ ਇਹ ਫਿਲਮ ਰਿਲੀਜ਼ ਹੋਈ ਤਾਂ ਇਸ ਨੂੰ ਰੋਕਣ ਦਾ ਹਰ ਹੀਲਾ ਵਸੀਲਾ ਕੀਤਾ ਜਾਵੇਗਾ।




### ਫ਼ਿਲਮ ਨੂੰ ਕਲੀਨ ਚਿੱਟ ਦੇਣ ਵਾਲੇ ਸੰਗਤ ਤੋਂ ਮੁਆਫ਼ੀ ਮੰਗਣ: ਸਰਨਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਇਸ ਗੱਲ ਦਾ ਖ਼ੁਲਾਸਾ ਹੋਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ 'ਨਾਨਕ ਸ਼ਾਹ ਫ਼ਕੀਰ' ਨੂੰ ਦਿੱਤੀ ਕਲੀਨ ਚਿੱਟ ਕਿਹੜੇ ਕਾਰਨਾਂ ਕਰਕੇ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ ਇਸ ਫਿਲਮ ਨੂੰ ਕਲੀਨ ਚਿੱਟ ਦੇਣ ਵਾਲੀ ਟੀਮ ਬਾਰੇ ਜਾਣਕਾਰੀ ਹਾਸਲ ਕਰਨ 'ਤੇ ਖ਼ੁਲਾਸਾ ਹੋਇਆ ਹੈ ਕਿ ਇਹ ਟੀਮ ਪਿਛਲੇ ਲੰਬੇ ਸਮੇਂ ਤੋਂ ਫਿਲਮ ਬਣਾਉਣ ਵਾਲਿਆਂ ਦੇ ਸੰਪਰਕ ਵਿੱਚ ਸੀ। ਉਨ੍ਹਾਂ ਕਿਹਾ ਕਿ ਫ਼ਿਲਮ ਨੂੰ ਕਲੀਨ ਚਿੱਟ ਦੇਣ ਵਾਲੇ ਸੰਗਤ ਤੋਂ ਮੁਆਫ਼ੀ ਮੰਗਣ।

### ਫਿਲਮ ਵਿਸਾਖੀ ਮੌਕੇ ਰਿਲੀਜ਼ ਹੋਵੇਗੀ: ਸਿੱਕਾ

ਚੰਡੀਗੜ੍ਹ/ਬਿਊਰੋ ਨਿਊਜ਼ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਆਧਾਰਿਤ ਫ਼ਿਲਮ ਨਾਨਕਸ਼ਾਹ ਫਕੀਰ' 13 ਅਪਰੈਲ ਨੂੰ ਵਿਸਾਖੀ ਮੌਕੇ ਰਿਲੀਜ਼ ਹੋਵੇਗੀ। ਇਹ ਦਾਅਵਾ ਫ਼ਿਲਮ ਦੇ ਨਿਰਮਾਤਾ ਹਰਿੰਦਰ ਸਿੱਕਾ ਨੇ ਵੀਰਵਾਰ ਨੂੰ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਤਿੰਨ ਸਾਲਾਂ ਬਾਅਦ ਫ਼ਿਲਮ ਦੀ ਰਿਲੀਜ਼ ਦਾ ਰਾਹ ਪੱਧਰਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਜਦੋਂ 2015 ਵਿੱਚ ਫ਼ਿਲਮ ਬਣ ਕੇ ਤਿਆਰ ਹੋਈ ਸੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਵਿੱਚ ਕਾਫ਼ੀ ਖਾਮੀਆਂ ਨਜ਼ਰ ਆਈਆਂ ਸਨ, ਜਿਸ ਪਿੱਛੋਂ ਉਨ੍ਹਾਂ ਫ਼ਿਲਮ ਵਿੱਚ ਕਈ ਸੋਧਾਂ ਕੀਤੀਆਂ ਹਨ। ਪਹਿਲਾਂ ਇਹ ਫ਼ਿਲਮ 2015 ਵਿੱਚ ਰਿਲੀਜ਼ ਹੋਣੀ ਸੀ ਪਰ ਵਿਵਾਦ ਉੱਠਣ ਕਾਰਨ ਅਜਿਹਾ ਨਹੀਂ ਹੋ ਸਕਿਆ। ਸ੍ਰੀ ਸਿੱਕਾ ਨੇ ਜਦੋਂ ਇਹ ਦਾਅਵਾ ਕੀਤਾ ਉਦੋਂ ਸ਼੍ਰੋਮਣੀ ਕਮੇਟੀ ਨੇ ਫਿਲਮ ਨੂੰ ਦਿੱਤੀ ਮਾਨਤਾ ਅਜੇ ਵਾਪਸ ਨਹੀਂ ਲਈ ਸੀ। ਪਰ ਸ਼੍ਰੋਮਣੀ ਕਮੇਟੀ ਦੇ ਫੈਸਲੇ ਬਾਅਦ ਹੁਣ ਫਿਲਮ ਦਾ ਵਿਸਾਖੀ ਮੌਕੇ ਰਿਲੀਜ਼ ਹੋਣਾ ਮੁਸ਼ਕਲ ਹੋਵੇਗਾ।

## ਸ਼੍ਰੋਮਣੀ ਕਮੇਟੀ ਨੇ 'ਨਾਨਕ ਸ਼ਾਹ ਫ਼ਕੀਰ' ਫਿਲਮ ਬਾਰੇ ਘੋਖ ਕਰਨ ਲਈ ਫਿਰ ਕਮੇਟੀ ਬਣਾਈ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ 'ਨਾਨਕ ਸ਼ਾਹ ਫਕੀਰ' ਨੂੰ ਰਿਲੀਜ਼ ਕਰਨ ਸਬੰਧੀ ਹਰੀ ਝੰਡੀ ਦੇਣ ਅਤੇ ਫਿਰ ਫ਼ੈਸਲਾ ਵਾਪਸ ਲੈਣ ਦਾ ਮਾਮਲਾ ਇੱਥੇ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਚਰਚਾ ਦਾ ਵਿਸ਼ਾ ਬਣਿਆ ਰਿਹਾ, ਜਿਸ ਨੂੰ ਲੈ ਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਵਿਚਾਲੇ ਹਲਕਾ ਤਕਰਾਰ ਵੀ ਹੋਇਆ ਹੈ।
ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਅਜਿਹੀਆਂ ਇਤਰਾਜ਼ਯੋਗ ਧਾਰਮਿਕ ਫ਼ਿਲਮਾਂ ਦੇ ਮਾਮਲੇ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਮੇਟੀ ਬਣਾਈ ਗਈ ਹੈ, ਜੋ ਸਿਰਫ਼ ਸਿੱਖ-ਸਿਧਾਂਤਾਂ ਮੁਤਾਬਿਕ ਬਣੀਆਂ ਫ਼ਿਲਮਾਂ ਨੂੰ ਹੀ ਹਰੀ ਝੰਡੀ ਦੇਵੇਗੀ। ਅੱਜ ਇੱਥੇ ਬਜਟ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਭੌਰ, ਜੋ ਪਹਿਲਾਂ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ, ਨੇ ਇਹ ਮਾਮਲਾ ਉਠਾਇਆ। ਉਨ੍ਹਾਂ ਆਖਿਆ ਕਿ ਅਜਿਹੇ ਫ਼ੈਸਲਿਆਂ ਨਾਲ ਸ਼੍ਰੋਮਣੀ ਕਮੇਟੀ ਦੀ ਸਾਖ਼ ਨੂੰ ਵੀ ਢਾਹ ਲੱਗਦੀ ਹੈ ਅਤੇ ਸੰਗਤਾਂ ਵਿੱਚ ਵੀ ਦੁਚਿੱਤੀ ਵਾਲਾ ਮਾਹੌਲ ਬਣਦਾ ਹੈ। ਉਨ੍ਹਾਂ ਆਖਿਆ ਕਿ ਇਸ ਫ਼ਿਲਮ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਸਹਿਮਤੀ ਦਿੱਤੀ ਗਈ ਸੀ। ਇਸ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਥਿਤੀ ਸਪੱਸ਼ਟ ਕਰਦਿਆਂ ਆਖਿਆ ਕਿ ਅਕਾਲ ਤਖ਼ਤ ਵੱਲੋਂ ਫ਼ਿਲਮ ਦੇ ਨਿਰਮਾਤਾ ਨੂੰ ਕੋਈ ਹਰੀ ਝੰਡੀ ਨਹੀਂ ਦਿੱਤੀ ਗਈ। ਦੂਜੇ ਪਾਸੇ, ਸ੍ਰੀ ਭੌਰ ਨੇ ਆਖਿਆ ਕਿ ਉਨ੍ਹਾਂ ਕੋਲ ਉਹ ਪੱਤਰ ਮੌਜੂਦ ਹੈ, ਜਿਸ ਵਿੱਚ ਇਸ ਫ਼ਿਲਮ ਦੇ ਸੋਹਲੇ ਗਾਏ ਗਏ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਭਵਿੱਖ ਵਿੱਚ ਅਜਿਹਾ ਨਾ ਵਾਪਰੇ, ਇਸ ਲਈ ਠੋਸ ਪ੍ਰਬੰਧ ਕੀਤੇ ਜਾਣਗੇ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਜੇਕਰ ਫਿਲਮ ਨਿਰਮਾਤਾ ਵੱਲੋਂ ਵਿਸਾਖੀ ਮੌਕੇ ਫ਼ਿਲਮ ਰਿਲੀਜ਼ ਕਰਨ ਦਾ ਯਤਨ ਕੀਤਾ ਗਿਆ ਤਾਂ ਉਸ ਵੇਲੇ ਵੀ ਸੰਗਤਾਂ ਦੀਆਂ ਭਾਵਨਾਵਾਂ ਮੁਤਾਬਕ ਹੀ ਫ਼ੈਸਲਾ ਕੀਤਾ ਜਾਵੇਗਾ।
ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਜਿਨ੍ਹਾਂ ਦੇ ਦਸਤਖ਼ਤਾਂ ਹੇਠ 13 ਮਈ 2016 ਨੂੰ ਕੋਈ ਇਤਰਾਜ਼ ਨਹੀਂ, ਸਬੰਧੀ ਫਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੂੰ ਪੱਤਰ ਦਿੱਤਾ ਗਿਆ ਸੀ, ਬਾਰੇ ਆਖਿਆ ਕਿ ਕਮੇਟੀ ਦੇ ਅਧਿਕਾਰੀ ਇਸ ਸਬੰਧੀ ਸੱਚ ਸੰਗਤ ਕੋਲੋਂ ਛੁਪਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਉਸ ਵੇਲੇ ਪੜਤਾਲ ਵਾਸਤੇ ਕਮੇਟੀ ਬਣਾਈ ਗਈ ਸੀ। ਫਿਲਮ ਦੇਖਣ ਲਈ ਉਹ ਮੁੰਬਈ ਵਿੱਚ ਹਰਿੰਦਰ ਸਿੰਘ ਸਿੱਕਾ ਦੇ ਘਰ ਵੀ ਗਏ ਸਨ ਤੇ ਫਿਲਮ ਤੇ ਲਗਪਗ 31 ਇਤਰਾਜ਼ ਲਾਏ ਸਨ। ਮਗਰੋਂ ਨਿਰਮਾਤਾ ਨੇ ਇਤਰਾਜ਼ ਦੂਰ ਕਰਨ ਦਾ ਦਾਅਵਾ ਕੀਤਾ ਸੀ। ਇਸ ਤੋਂ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 22 ਜਨਵਰੀ 2015 ਨੂੰ ਫਿਲਮ ਦੇ ਨਿਰਮਾਤਾ ਨੂੰ ਪੱਤਰ ਜਾਰੀ ਕੀਤਾ ਗਿਆ ਸੀ।

# 'ਨਾਨਕ ਸ਼ਾਹ ਫਕੀਰ' ਫ਼ਿਲਮ ਦਾ ਵਿਰੋਧ ਕਿਉਂ ?

**ਸਨਦੀਪ ਸਿੰਘ ਤੇਜਾ**

ਵਿਰੋਧ ਦਾ ਸਭ ਤੋਂ ਵੱਡਾ ਕਾਰਨ ਇਹੋ ਏ ਕਿ ਇਹ ਫਿਲਮ ਸਾਡੀ ਲੋੜ ਨਹੀਂ।
ਪਹਿਲੀ ਗੱਲ ਤਾਂ ਇਹ ਹੈ ਕਿ ਸਿੱਖ ਧਰਮ ਦਾ ਪ੍ਰਚਾਰ ਇੱਦਾਂ ਹੋ ਹੀ ਨਹੀਂ ਸਕਦਾ। ਨਾ ਸਿੱਖ ਇੱਦਾਂ ਕਰਨਾ ਚਾਹੁੰਦੇ ਆ। ਜੇ ਚਾਹੁੰਦੇ ਹੋਣ ਤਾਂ ਅੱਜ ਦੀ ਤਰੀਕ ਚ ਉਹਨਾਂ ਨੂੰ ਹਿੰਦੀ ਸਿਨਮੇ ਵੱਲ ਵੇਖਣ ਦੀ ਜਰੂਰਤ ਨਹੀਂ। ਉਹ ਇਹ ਕੰਮ ਆਪ ਕਰ ਸਕਦੇ ਹਨ ਸਾਡੇ ਕੋਲ ਇਹ ਸਭ ਸਾਧਨ ਮੌਜੂਦ ਨੇ। ਹਿੰਦੋਸਤਾਨੀ ਸਿਨਮੇ ਨੂੰ ਇਹ ਖੇਚਲ ਕਰਨ ਦੀ ਲੋੜ ਨਹੀਂ।
ਨੁਕਤਾ ਇਹ ਹੈ ਕਿ ਸਿੱਖੀ ਦਾ ਪ੍ਰਚਾਰ ਸਿਰਫ "ਗੁਰਬਾਣੀ" ਕਰ ਸਕਦੀ ਹੈ। ਗੁਰੂ ਸਾਹਿਬਾਨ ਵੀ ਇਵੇਂ ਹੀ ਕਰਦੇ ਰਹੇ ਹਨ ਹੁਣ ਤੱਕ ਗੁਰਬਾਣੀ ਨਾਲ ਹੀ ਪ੍ਰਚਾਰ ਹੁੰਦਾ ਆਇਆ ਹੈ। ਸਗੋਂ ਗੁਰਬਾਣੀ ਦਾ ਸਹਾਰਾ ਲੈ ਕੇ ਕਈ ਡੇਰੇਦਾਰਾਂ ਆਪਣੀਆਂ ਹੱਟਾਂ ਚਲਾਈਆਂ ਹੋਈਆਂ ਨੇ। ਇਸ ਤੋਂ ਇਲਾਵਾ ਸਿੱਖਾਂ ਦਾ 'ਅਕਸ' ਤੇ 'ਕਿਰਦਾਰ' ਹੀ ਦੂਜਾ ਪ੍ਰਚਾਰ ਦਾ ਸਾਧਨ ਹੈ।
ਫਿਲਮਾਂ ਜਾਣਕਾਰੀ ਤਾਂ ਦੇ ਸਕਦੀਆਂ ਹਨ ਪਰ ਇੱਕ ਤਿੰਨ ਘੰਟੇ ਦੀ ਫਿਲਮ ਗੁਰੂ ਨਾਨਕ ਸਾਹਿਬ ਬਾਰੇ ਕੁੱਝ ਨਹੀਂ ਦੱਸ ਸਕਦੀ। ਉਹ ਕਹਿਣ ਕਥਨ ਤੋਂ ਬਾਹਰ ਹਨ। ਉਹ ਆਖਿਆ ਨਹੀਂ ਜਾ ਸਕਦਾ। ਗੁਰੂ ਨਾਨਕ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਹੀ ਜਾਣ ਸਕਦੇ ਨੇ। ਅਸੀਂ ਇਹ ਜੁਰਤ ਨਹੀਂ ਕਰਨੀ। ਗੁਰੂ ਨਾਨਕ ਸਾਹਿਬ ਨੂੰ ਜਿੰਨੇ ਖੋਜਿਆ ਤਿਨੇ ਪਾਇਆ। ਇਹ ਗਿਆਨ ਕੋਈ ਪੁੜੀ ਬੰਨ ਕੇ ਦੇਣ ਵਾਲੀ ਸ਼ੈਅ ਨਹੀਂ।
ਰਹੀ ਗੱਲ ਫਿਲਮ ਦੀ ਤੇ ਦੱਸਾਂ ਕਿ ਕੋਈ ਫਿਲਮ ਦਸ ਬਟਾ ਦਸ ਨਹੀਂ ਹੁੰਦੀ। ਹਜਾਰਾਂ ਖਾਮੀਆਂ ਰਹਿ ਜਾਂਦੀਆਂ ਹਨ। ਇਹੋ ਜਹੇ ਵਿਸ਼ੇ ਚ ਕੋਈ ਇੱਕ ਖਾਮੀ ਵੀ ਬੇਹੱਦ ਨਿਰਾਸ਼ ਕਰ ਸਕਦੀ ਹੈ।
**ਦੂਜਾ ਪੱਖ...**
ਇਸ ਫਿਲਮ ਦੇ ਮੰਡੀ ਚ ਆਉਣ ਦੇ ਨੁਕਸਾਨ ਬੜੇ ਨੇ। ਸਭ ਤੋਂ ਪਹਿਲਾਂ ਇਹ ਕਿ ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਸਾਖੀ ਨਾਲ ਛੇੜਛਾੜ ਭਾਵ ਗਲਤ ਬਿਆਨੀ ਹੋ ਸਕਦੀ ਹੈ। ਸਕ੍ਰਿਪਟ ਚ ਗਲਤੀ ਹੋਈ ਜਾਂ ਸਾਖੀ ਚ ਤਾਂ ਇਹ ਪੱਕਾ ਸਬੂਤ ਘੜਿਆ ਜਾਊ। ਉਦਾਂ ਵੀ ਇਹ ਵੇਖਣ ਵਾਲਿਆਂ ਦੇ ਮਨ ਚ ਪੱਕੀ ਵਸ ਜਾਊ।
ਦੂਜਾ ਇਹ ਉਹਨਾਂ ਦਾ ਕਿਰਦਾਰ ਆਪਣੀ ਸਮਝ ਮੁਤਾਬਕ ਪੇਸ਼ ਕਰਨਗੇ। ਸਮਝ ਜੋ ਕਦੇ ਪੂਰੀ ਨਹੀਂ ਹੁੰਦੀ ਤੇ ਉਮਰ ਦੇ ਹਰ ਲਮਹੇ ਨਾਲ ਵਧਦੀ ਹੈ । ਸੋ ਗੁਰੂ ਸਾਹਿਬਾਨ ਦੀ ਜਿੰਦਗੀ ਨੂੰ ਪਰਦੇ ਤੇ ਉਹਨਾਂ ਨੂੰ ਉਤਾਰਨਾ ਮਖੌਲ ਕਰਨ ਨਿਆਂਈ ਹੈ।
ਤੀਜਾ ਇਹ ਗੁਰੂ ਨਾਨਕ ਸਾਹਿਬ ਦੇ ਅਕਸ ਨੂੰ ਖਰਾਬ ਕਰਨ ਦੀ ਸੋਚੀ ਸਮਝੀ ਚਾਲ ਵੀ ਹੋ ਸਕਦੀ ਹੈ। ਉਹ ਉਹਨਾਂ ਦੀ ਵਿਚਾਰਧਾਰਾ ਨੂੰ ਆਪਣੇ ਰਾਜਨੀਤਿਕ ਤੇ ਹੋਰ ਮੁਫਾਦਾਂ ਲਈ ਮੋੜਨ ਤੋੜਨ ਦੀ ਕੋਸ਼ਿਸ਼ ਕਰ ਸਕਦੇ ਨੇ। ਇਹ ਸਿੱਖੀ ਦੇ ਵਿਖਿਆਨ ਚ ਸਦਾ ਲਈ ਕੋਹਜ ਬਣ ਨਿੱਬੜੂ।
ਚੌਥਾ ਇਹ ਗਲਤ ਪਿਰਤ ਪਊਗੀ। ਇਸ ਤੋਂ ਬਾਅਦ ਦਸ ਹੋਰ ਫਿਲਮਾਂ ਤਿਆਰ ਹੋਣਗੀਆਂ। ਉਹਨਾਂ ਸਾਰੀਆਂ ਤੇ ਚੈੱਕ ਰੱਖਣਾ ਕੌਮ ਲਈ ਨਵੀਂ ਪ੍ਰੇਸ਼ਾਨੀ ਦਾ ਸਬੱਬ ਬਣੂ। ਕੌਮ ਤੇ ਫਿਲਮਾਂ ਸਹੀ ਕਰਾਉਣ ਜੋਗੀ ਹੀ ਰਹਿ ਜਾਊ।
ਪੰਜਵਾਂ ਇਹ ਕਿ ਇਸ ਤੋਂ ਬਾਅਦ ਨਾਟਕ ਵੀ ਸ਼ੁਰੂ ਹੋ ਸਕਦੇ ਨੇ। ਤੇ ਤੁਹਾਨੂੰ ਕੋਈ ਗੁਰੂ ਨਾਨਕ ਸਾਹਿਬ ਬਣਿਆ ਕਲਾਕਾਰ ਵਿਹਲੇ ਵਕਤ ਨਸ਼ੇ ਕਰਦਾ ਵੀ ਨਜ਼ਰ ਆ ਸਕਦਾ ਹੈ। ਮੋਟਰਸਾਈਕਲ ਸਵਾਰ ਹੋਇਆ ਵੀ ਨਜ਼ਰੀਂ ਪੈ ਸਕਦਾ ਹੈ।
ਰਹੀ ਗੱਲ ਕਿਰਦਾਰ ਨਿਭਾਉਣ ਦੀ ਤਾਂ ਇਹ ਗੱਲ ਪੱਕੀ ਹੈ ਕਿ ਤੁਹਾਡਾ ਦਾਨੇ ਤੋਂ ਦਾਨਾਂ ਕਲਾਕਾਰ ਵੀ ਅਸੀਂ ਇਸ ਕਾਬਲ ਨਹੀਂ ਸਮਝਦੇ ਕਿ ਉਹ ਗੁਰੂ ਕੀ ਨਗਰੀ ਦੇ ਚੌਕੀਦਾਰ ਦਾ ਕਿਰਦਾਰ ਨਿਭਾ ਲਵੇ।
ਅੱਗੇ ਤਸਵੀਰਾਂ ਅਪਨਾਅ ਚੁੱਕੀ ਕੌਮ ਦੇ ਹੋਰ ਨਿੱਘਰ ਜਾਣ ਦੇ ਸਵੱਬ ਵੀ ਇਸ ਚੋਂ ਲੱਭੇ ਜਾ ਸਕਦੇ ਨੇ। ਸਭ ਤੋਂ ਖਤਰਨਾਕ ਇਹ ਹੋਊ ਕਿ ਤੁਸੀਂ ਮੋਬਾਈਲ ਤੇ "ਡੱਬ" ਹੋਈਆਂ ਗੁਰੂ ਨਾਨਕ ਸਾਹਿਬ ਦੀਆਂ ਕਲਿੱਪਾਂ ਵੀ ਵੇਖਿਆ ਕਰੋਗੇ ਜਿਸ ਵਿਚ ਗੁਰੂ ਨਾਨਕ ਸਾਹਿਬ ਚੁਟਕਲੇ ਸੁਣਾਇਆ ਕਰਨਗੇ।
ਅਸੀਂ ਗਰਕਦੇ ਗਰਕਦੇ ਗਰਕ ਜਾਵਾਂਗੇ। ਸਾਡੇ ਲਈ, ਸਿੱਖੀ ਲਈ ਸਿਰ ਵਢਾਉਣ ਤੇ ਤਨ ਚਿਰਾਉਣ ਵਾਲਿਆਂ ਨੂੰ ਮੂੰਹ ਵਿਖਾਉਣ ਦੇ ਕਾਬਲ ਨਹੀਂ ਰਵਾਂਗੇ। ਸਾਡੇ ਕਰਮਾਂ ਚ ਨਿੱਤ ਦੀ ਜੰਗ ਲਿਖੀ ਹੈ। ਆਪਣਾ ਆਪਣਾ ਰੋਲ ਨਿਭਾਅ ਕੇ ਇਸ ਬੜੇ ਤੋਂ ਉਤਰਦੇ ਹੋਈਏ।
(ਸਿੱਖ ਸਿਆਸਤ ਬਿਊਰੋ ਤੋਂ ਧੰਨਵਾਦ ਸਹਿਤ)

### 'ਨਾਨਕ ਸ਼ਾਹ ਫਕੀਰ' ਖਿਲਾਫ ਸਿੱਖਾਂ ਵਲੋਂ ਰੋਸ ਮੁਜ਼ਾਹਰੇ

ਸਫ਼ ਇਕ ਦਾ ਬਾਕੀ
ਪਰਦਿਆਂ ਉੱਤੇ ਨਹੀਂ ਲੱਗਣ ਦੇਣਗੇ ਤੇ ਜੇ ਸਿੱਖਾਂ ਦੇ ਰੋਸ ਨੂੰ ਦਰਕਿਨਾਰ ਕਰਦਿਆਂ ਇਹ ਫਿਲਮ ਰਿਲੀਜ਼ ਕੀਤੀ ਗਈ ਤਾਂ ਵਿਗੜੇ ਹਾਲਾਤਾਂ ਲਈ ਫਿਲਮ ਦੇ ਨਿਰਮਾਤਾ ਅਤੇ ਸਰਕਾਰਾਂ ਜਿੰਮੇਵਾਰ ਹੋਣਗੀਆਂ। ਇਸ ਦੌਰਾਨ ਸਿੱਖ ਨੁਮਾਇੰਦਿਆਂ ਵਲੋਂ ਜਲੰਧਰ ਦੇ ਸਿਨੇਮਾ ਮਾਲਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਇਸ ਫਿਲਮ ਪ੍ਰਤੀ ਇਤਰਾਜ਼ ਬਾਰੇ ਜਾਣੂ ਕਰਵਾਇਆ ਗਿਆ ਤੇ ਸਿਨਮਿਆਂ ਵਿਚ ਲੱਗੇ ਨਾਨਕ ਸ਼ਾਹ ਫਕੀਰ ਫਿਲਮ ਦੇ ਪੋਸਟਰ ਉਤਰਵਾਏ ਗਏ। ਮਨਜੀਤ ਸਿੰਘ ਨੇ ਕਿਹਾ ਕਿ ਸਿਨੇਮਾ ਮਾਲਕਾਂ ਨੇ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਹੈ ਕਿ ਉਹ ਇਸ ਫਿਲਮ ਨੂੰ ਆਪਣੇ ਸਿਨਮਿਆਂ ਵਿਚ ਨਹੀਂ ਚਲਾਉਣਗੇ।

## 'ਨਾਨਕ ਸ਼ਾਹ ਫਕੀਰ' ਫਿਲਮ ਬਰਦਾਸ਼ਤ ਨਹੀਂ ਕਰਾਂਗੇ: ਸਿੱਖ ਨੌਜਵਾਨ


ਫਿਲਮ ਦਾ ਵਿਰੋਧ ਕਰਦੇ ਹੋਏ ਸਿੱਖ ਨੌਜਵਾਨ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:**
ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੀ ਅਗਵਾਈ 'ਚ ਪੰਥ ਦਰਦੀ ਸਿੱਖ ਨੌਜਵਾਨਾਂ ਦੀ ਹੋਈ ਇਕੱਤਰਤਾ ਦੌਰਾਨ ਨਾਨਕ ਸ਼ਾਹ ਫਕੀਰ ਫਿਲਮ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ ਅਤੇ ਫਿਲਮ ਉੱਤੇ ਪੱਕੀ ਰੋਕ ਲਗਾਉਣ ਸਬੰਧੀ ਆਵਾਜ਼ ਬੁਲੰਦ ਕੀਤੀ ਗਈ ਹੈ। ਨੌਜਵਾਨਾਂ ਨੇ ਕਿਹਾ ਕਿ ਸਿੱਖ ਧਰਮ ਦੇ ਸਿਧਾਂਤਾਂ ਨਾਲ ਖਿਲਵਾੜ ਕਰਦੀ ਨਾਨਕ ਸ਼ਾਹ ਫਕੀਰ ਫਿਲਮ ਨੂੰ ਅਸੀਂ ਬਰਦਾਸ਼ਤ ਨਹੀਂ ਕਰਾਂਗੇ ਤੇ ਸਮੁੱਚੀ ਸਿੱਖ ਕੌਮ ਫਿਲਮ ਦਾ ਡੱਟ ਕੇ ਵਿਰੋਧ ਕਰੇਗੀ।
ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਫਿਲਮ ਨੂੰ ਹਰੀ ਝੰਡੀ ਦੇ ਕੇ ਖ਼ਾਲਸਾ ਪੰਥ ਦੇ ਹਿਰਦੇ ਵਲੂੰਧਰੇ ਹਨ। ਭਾਵੇਂ ਕਿ ਦੇਸ਼ ਵਿਦੇਸ਼ਾਂ ਦੀਆਂ ਸੰਗਤਾਂ ਦੇ ਜਬਰਦਸਤ ਵਿਰੋਧ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਯੂ-ਟਰਨ ਮਾਰਿਆ ਹੈ ਪਰ ਕਮੇਟੀ ਅਤੇ ਜਥੇਦਾਰਾਂ ਦੇ ਗਲਤ ਫੈਸਲਿਆਂ ਕਾਰਨ ਹੁਕਮਨਾਮਿਆਂ ਦਾ ਅਤੇ ਸਾਡੀਆਂ ਮਹਾਨ ਸੰਸਥਾਵਾਂ ਦਾ ਸਨਮਾਨ ਘੱਟ ਰਿਹਾ ਹੈ ਜਿਸ ਤੋਂ ਅਸੀਂ ਕਾਫੀ ਚਿੰਤਤ ਹਾਂ।
ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਸਿਨੇਮਾਂ ਘਰਾਂ ਚ ਫਿਲਮ ਰਿਲੀਜ ਹੋਣ ਕਾਰਨ ਪੰਜਾਬ ਦੇ ਸ਼ਾਂਤ ਮਾਹੌਲ 'ਚ ਗੜਬੜ ਹੋ ਸਕਦੀ ਹੈ। ਇਸ ਲਈ ਫਿਲਮ ਦੇ ਨਿਰਮਾਤਾ ਹਰਿੰਦਰ ਸਿੱਕਾ ਸਮੇਤ ਪੂਰੀ ਟੀਮ 'ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਪਰਚਾ ਦਰਜ ਹੋਵੇ। ਨੌਜਵਾਨਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ, ਸੈਂਸਰ ਬੋਰਡ, ਕੇਂਦਰ ਅਤੇ ਸੂਬਾ ਸਰਕਾਰ ਫਿਲਮ ਨੂੰ ਤੁਰੰਤ ਬੰਦ ਕਰਨ ਦਾ ਐਲਾਨ ਕਰਨ। ਇਸ ਮੌਕੇ ਕਰਤਾਰ ਸਿੰਘ ਖ਼ਾਲਿਸਤਾਨੀ, ਰਾਜਿੰਦਰ ਸਿੰਘ ਨਿਹੰਗ, ਕਰਨ ਸਿੰਘ ਨਿਹੰਗ, ਕਰਤਾਰ ਸਿੰਘ ਨਿਹੰਗ, ਲਖਬੀਰ ਸਿੰਘ ਨਿਹੰਗ, ਗੁਰਸਾਹਿਬ ਸਿੰਘ ਕਵੀਸ਼ਰ, ਰਾਜਬੀਰ ਸਿੰਘ ਨਿਹੰਗ, ਗੁਰਲੀਨ ਸਿੰਘ, ਮਨਿੰਦਰ ਸਿੰਘ, ਜਸਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਹਰਪ੍ਰੀਤ ਸਿੰਘ ਆਦਿ ਤੀਹ ਦੇ ਕਰੀਬ ਨੌਜਵਾਨ ਹਾਜਰ ਸਨ।
**ਯਮੁਨਾਨਗਰ/ਹਰਪ੍ਰੀਤ ਸਿੰਘ:** ਪਿਛਲੇ ਕਾਫੀ ਸਮੇਂ ਤੋਂ ਵਿਵਾਦਾਂ 'ਚ ਘਿਰੀ ਧਾਰਮਿਕ ਫਿਲਮ ਨਾਨਕ ਸ਼ਾਹ ਫਕੀਰ' ਨੂੰ ਲੈਕੇ ਸੰਗਤਾਂ ਵਿੱਚ ਕਾਫੀ ਰੋਹ ਪਾਇਆ ਜਾ ਰਿਹਾ ਹੈ।ਇਸ ਸਬੰਧ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਗੁਰੂ ਮਾਨਿਓ ਗ੍ਰੰਥ ਸੇਵਾ ਸੋਸਾਇਟੀ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਦਸਿਆਂ ਕਿ ਆਗਾਮੀ 13 ਅਰੈਲ ਰੀਲੀਜ਼ ਹੋਣ ਜਾ ਰਹੀ ਫਿਲਮ ਤੇ ਪਾਬੰਦੀ ਲਗਾਣੀ ਚਾਹੀਦੀ ਹੈ, ਕਿਉਕਿ ਇਸ ਫਿਲਮ ਦੇ ਕਈ ਸੀਨਾਂ ਵਿੱਚ ਸਿੱਖ ਸਿਧਾਂਤਾਂ ਨਾਲ ਖਿਲਵਾੜ ਕੀਤਾ ਗਿਆ ਹੈ।
ਉਹਨਾਂ ਦਸਿਆ ਕਿ ਜਿਵੇਂ ਕਿ ਮੀਡਿਆ ਅਤੇ ਸ਼ੋਸ਼ਲ ਮੀਡੀਆਂ ਤੇ ਖ਼ਬਰਾਂ ਆ ਰਹੀਆਂ ਹਨ ਕਿ ਪ੍ਰੋਡਿਊਸਰ ਹਰਿੰਦਰ ਸਿੱਕਾ ਨੇ ਇਸ ਫਿਲਮ ਵਿੱਚ ਬੇਬੇ ਨਾਨਕੀ ਦਾ ਰੋਲ ਅਪਣੀ ਬੇਟੀ ਤੋਂ ਕਰਵਾਇਆ ਹੈ ਇਨਾਂ ਹੀ ਨਹੀਂ ਮਾਤਾ ਤ੍ਰਿਪਤਾ

ਬਾਕੀ ਸਫ਼ਾ 32 'ਤੇ

# ਹੁਣ ਅੰਬੇਡਕਰ ਦੇ ਭਗਵੇਂਕਰਨ ਦੀ 'ਭਾਜਪਾਈ ਚਾਲ'

- **ਯੂਪੀ 'ਚ ਯੋਗੀ ਸਰਕਾਰ ਹੁਣ ਅੰਬੇਡਕਰ ਦਾ ਨਾਮ ਰੱਖੇਗੀ ਡਾ. ਭੀਮ ਰਾਓ ਰਾਮ ਜੀ ਅੰਬੇਡਕਰ**
- **ਡਾ. ਅੰਬੇਡਕਰ ਦੇ ਪਿਤਾ ਦਾ ਨਾਮ ਸੀ ਰਾਮ ਜੀ**
- **ਡਾ. ਅੰਬੇਡਕਰ ਨੂੰ ਰਾਮ ਨਾਮ ਨਾਲ ਜੋੜਨਾ ਉਸ ਦੀਆਂ 22 ਪ੍ਰਤਿੱਗਿਆਵਾਂ ਨੂੰ ਖ਼ਤਮ ਕਰਨ ਦੀ ਸਾਜ਼ਿਸ਼**
- **ਗੁਰਦੁਆਰਿਆਂ 'ਚ ਗੁਰੂ ਸਾਹਿਬਾਨਾਂ ਦੇ ਬੁੱਤ ਲੱਗਣੇ ਆਰ ਐਸ ਐਸ ਦੀ ਭਗਵੇਂਵਾਦੀ ਨੀਤੀ ਦਾ ਨਤੀਜਾ**



### ਫੋਕਾ ਵਿਖਾਵਾ-ਬਸਪਾ

ਬਸਪਾ ਮੁਖੀ ਮਾਇਆਵਤੀ ਨੇ ਵੀ ਸੂਬਾ ਸਰਕਾਰ ਦੇ ਇਸ ਕਦਮ ਨੂੰ 'ਦਿਖਾਵੇ' ਵਾਲੀ 'ਸਸਤੀ ਲੋਕਪ੍ਰਿਅਤਾ' ਹਾਸਲ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਲੋਕ ਦਲਿਤਾਂ ਦੇ ਵੋਟ ਦੇ ਸਵਾਰਥ ਖ਼ਾਤਰ ਆਪਣੇ ਦਿਲ 'ਤੇ ਪੱਥਰ ਰੱਖ ਕੇ ਅੰਬੇਡਕਰ ਦਾ ਨਾਂ ਲੈਂਦੇ ਰਹਿੰਦੇ ਹਨ ਤੇ ਉਨ੍ਹਾਂ ਦੇ ਨਾਂ 'ਤੇ ਤਰ੍ਹਾਂ-ਤਰ੍ਹਾਂ ਦੀ ਨਾਟਕਬਾਜ਼ੀ ਕਰਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਨੂੰ ਕੋਈ ਉਨ੍ਹਾਂ ਦੇ ਪੂਰੇ ਨਾਂ ਨਾਲ ਸੰਬੋਧਤ ਨਹੀਂ ਕਰਦਾ। ਕੀ ਭਾਜਪਾ ਸਰਕਾਰੀ ਇਸ਼ਤਿਹਾਰਾਂ ਵਿਚ ਪ੍ਰਧਾਨ ਮੰਤਰੀ ਮੋਦੀ ਦਾ ਪੂਰਾ ਨਾਂ ਲਿਖਦੀਆਂ ਹਨ? ਅਜਿਹੇ ਵਿਚ ਸਿਰਫ਼ ਬਾਬਾ ਸਾਹਿਬ ਦੇ ਨਾਂ 'ਤੇ ਹੀ ਸਵਾਰਥ ਦੀ ਰਾਜਨੀਤੀ ਕਿਉਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰ ਐਸ ਐਸ ਬਾਬਾ ਸਾਹਿਬ ਨੂੰ ਭਗਵੇਂਵਾਦ ਦੇ ਰੰਗ ਵਿਚ ਰੰਗਣਾ ਚਾਹੁੰਦੀ ਹੈ, ਜਿਸ ਨੂੰ ਬਹੁਜਨ ਸਮਾਜ ਬਰਦਾਸ਼ਤ ਨਹੀਂ ਕਰੇਗਾ।

## ਡਾ. ਅੰਬੇਡਕਰ ਦੇ ਪੋਤਿਆਂ ਨੇ ਲਾਇਆ ਯੋਗੀ ਸਰਕਾਰ 'ਤੇ ਨਿਸ਼ਾਨਾ

### *2019 ਤੋਂ ਪਹਿਲਾਂ ਭਾਜਪਾ ਕਹੇਗੀ ਕਿ ਅੰਬੇਡਕਰ ਰਾਮ ਭਗਤ ਸਨ*

ਉੱਤਰ ਪ੍ਰਦੇਸ਼ਂ ਦੇ ਸਰਕਾਰੀ ਰਿਕਾਰਡ ਵਿਚ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦਾ ਨਾਂ ਹੁਣ 'ਭੀਮਰਾਓ ਰਾਮਜੀ ਅੰਬੇਡਕਰ' ਦੇ ਤੌਰ 'ਤੇ ਦਰਜ ਕੀਤਾ ਜਾਵੇਗਾ। ਸੂਬਾ ਸਰਕਾਰ ਨੇ ਇਸ ਸੰਬੰਧ ਵਿਚ ਹੁਕਮ ਜਾਰੀ ਕੀਤਾ ਹੈ। ਯੋਗੀ ਸਰਕਾਰ ਦੇ ਇਸ ਫ਼ੈਸਲੇ ਦੀ ਜਿੱਥੇ ਵਿਰੋਧੀ ਧਿਰ ਨੇ ਆਲੋਚਨਾ ਤਾਂ ਕੀਤੀ ਹੀ ਹੈ, ਉੱਥੇ ਬੀ.ਆਰ ਅੰਬੇਡਕਰ ਦੇ ਪੋਤਿਆਂ ਪ੍ਰਕਾਸ਼ ਤੇ ਆਨੰਦ ਅੰਬੇਡਕਰ ਨੇ ਵੀ ਇਸ ਨੂੰ ਸਿਰਫ਼ ਵੋਟ ਬੈਂਕ ਕਰਾਰ ਦਿੱਤਾ ਹੈ। ਪ੍ਰਕਾਸ਼ ਅੰਬੇਡਕਰ ਨੇ ਕਿਹਾ ਕਿ ਭਾਜਪਾ ਸਾਲ 2019 ਦੀਆਂ ਚੋਣਾਂ ਤੋਂ ਪਹਿਲਾਂ ਆਪਣਾ ਏਜੰਡਾ ਚਾਹੁੰਦੀ ਹੈ ਤੇ ਇਹ ਸਾਰਾ ਕੰਮ ਸਿਰਫ਼ ਵੋਟ ਬੈਂਕ ਲਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੇਰੀ ਸੋਚ ਕਹਿੰਦੀ ਹੈ ਕਿ ਚੋਣਾਂ ਆਉਂਦੇ-ਆਉਂਦੇ ਹ ਲੋਕ ਵੋਟਰਾਂ ਨੂੰ ਕਹਿ ਸਕਦੇ ਹਨ ਕਿ ਅੰਬੇਡਕਰ ਵੀ ਰਾਮਭਗਤ ਸਨ।"

ਆਨੰਦ ਅੰਬੇਡਕਰ ਨੇ ਕਿਹਾ ਕਿ ਯੂਪੀ ਸਰਕਾਰ ਸਾਡੇ ਪਰਿਵਾਰ ਨਾਲ ਸੰਪਰਕ ਕਰਨ ਤੋਂ ਬਿਨਾਂ ਬਾਬਾ ਸਾਹਿਬ ਦਾ ਨਾਮ ਕਿਵੇਂ ਬਦਲ ਸਕਦੀ ਹੈ? ਉਨ੍ਹਾਂ ਕਿਹਾ ਕਿ ਉਹ ਯੂਪੀ ਸਰਕਾਰ ਦਾ ਡਰਾਫਟ ਕਾਪੀ ਪੜ੍ਹਨ ਤੋਂ ਬਾਅਦ ਅਗਲੀ ਕਾਰਵਾਈ 'ਤੇ ਫ਼ੈਸਲਾ ਕਰਨਗੇ। ਆਨੰਦ ਅੰਬੇਡਕਰ ਨੇ ਕਿਹਾ ਕਿ ਉਨ੍ਹਾਂ ਦੇ ਨਾਂ ਵਿਚ ਹੁਣ ਰਾਮਜੀ ਕਿਉਂ ਲਾਇਆ ਜਾ ਰਿਹਾ ਹੈ, ਇਸ ਦੇ ਪਿੱਛੇ ਕੀ ਰਾਜਨੀਤਕ ਉਦੇਸ਼ ਹੈ। ਭਾਜਪਾ ਸਾਂਸਦ ਤੇ ਦਲਿਤ ਨੇਤਾ ਉਦਿਤ ਰਾਜ ਨੇ ਵੀ ਕਿਹਾ ਕਿ ਉਨ੍ਹਾਂ ਦੀ ਮੌਤ ਦੇ ਇੰਨੇ ਸਾਲਾਂ 'ਤੇ ਨਾਮ ਬਦਲਣ ਦਾ ਕੋਈ ਮਤਲਬ ਨਹੀਂ ਹੈ।

**ਪਰਮਿੰਦਰਪਾਲ ਸਿੰਘ ਖਾਲਸਾ**

ਉਤਰ ਪ੍ਰਦੇਸ਼ ਦੇ ਸਾਰੇ ਰਿਕਾਰਡਾਂ ਵਿਚ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਨਾਮ ਦੇ ਨਾਲ 'ਰਾਮ ਜੀ' ਜੋੜਿਆ ਜਾਵੇਗਾ। ਬੀਤੇ ਦਿਨੀਂ ਯੋਗੀ ਸਰਕਾਰ ਨੇ ਰਾਜਪਾਲ ਰਾਮ ਨਾਇਕ ਦੀ ਸਲਾਹ ਤੋਂ ਬਾਅਦ ਡਾ. ਭੀਮ ਰਾਓ ਅੰਬੇਡਕਰ ਦਾ ਨਾਮ ਬਦਲ ਕੇ ਡਾ. ਭੀਮ ਰਾਓ ਰਾਮ ਜੀ ਅੰਬੇਡਕਰ ਕਰਨ ਦਾ ਨਿਰਦੇਸ਼ ਜਾਰੀ ਕੀਤਾ ਹੈ। ਯੂਪੀ ਸਰਕਾਰ ਦਾ ਤਰਕ ਹੈ ਕਿ ਰਾਮ ਜੀ ਡਾ. ਅੰਬੇਡਕਰ ਦੇ ਪਿਤਾ ਦਾ ਨਾਂ ਸੀ ਤੇ ਮਹਾਂਰਾਸ਼ਟਰ ਦੀ ਪਰੰਪਰਾ ਅਨੁਸਾਰ ਉਹ ਆਪਣਾ ਪੂਰਾ ਨਾਂ 'ਭੀਮਰਾਵ ਰਾਮ ਜੀ ਅੰਬੇਡਕਰ' ਲਿਖਦੇ ਸਨ। ਇਹੀ ਉਸ ਨੇ ਬਹਾਨਾ ਬਣਾ ਕੇ ਬਾਬਾ ਸਾਹਿਬ ਅੰਬੇਡਕਰ ਦਾ ਭਗਵਾਂਕਰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਸਰਕਾਰ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਅੱਖੋਂ ਪਰੋਖੇ ਕਰਕੇ 'ਰਾਮਨਾਮ ਵਾਲੇ ਬਾਬਾ ਸਾਹਿਬ' ਦਾ ਬੁੱਤ ਉਸਾਰਨਾ ਚਾਹੁੰਦੀ ਹੈ, ਜਿਸ 'ਤੇ ਸਾਰੇ ਲੋਕ ਮਾਲਾ ਪਹਿਨਾਉਣ। ਅਸੀਂ ਯਾਦ ਕਰਵਾ ਦੇਈਏ ਕਿ ਡਾ. ਅੰਬੇਡਕਰ ਦੀਆਂ ਰਚਨਾਵਾਂ ਦਾ ਪ੍ਰਕਾਸ਼ਨ ਖ਼ੁਦ ਭਾਰਤ ਸਰਕਾਰ ਨੇ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਵਾਰ-ਵਾਰ ਹਿੰਦੂ ਧਰਮ ਨੂੰ ਮਨੁੱਖਤਾ ਵਿਰੋਧੀ ਤੇ ਸ਼ੂਦਰਾਂ ਦਾ ਦੁਸ਼ਮਣ ਕਰਾਰ ਦਿੱਤਾ ਹੈ। ਇੱਥੇ ਤੱਕ ਕਿ ਜਦੋਂ ਸੰਨ 1956 ਵਿਚ ਉਨ੍ਹਾਂ ਨੇ ਹਿੰਦੂ ਧਰਮ ਛੱਡ ਕੇ ਬੁਧ ਧਰਮ ਸਵੀਕਾਰ ਕੀਤਾ ਸੀ ਤਾਂ ਸ਼ਰਧਾਲੂਆਂ ਨੂੰ 22 ਪ੍ਰਤਿੱਗਿਆਵਾਂ ਕਰਵਾਈਆਂ ਸਨ, ਜੋ ਭਗਵੇਂਵਾਦ ਦੇ ਫਲਸਫੇ ਵਿਰੁੱਧ ਸਨ! ਫਿਲਹਾਲ ਯੂਪੀ ਦੀ ਯੋਗੀ ਸਰਕਾਰ ਜੋ ਕਰ ਰਹੀ ਹੈ, ਉਹ ਆਰ ਐੱਸ ਐੱਸ ਦੇ ਭਗਵੇਂ ਰਾਸ਼ਟਰਵਾਦ ਦੇ ਪ੍ਰੋਜੈਕਟ ਦਾ ਹਿੱਸਾ ਹੈ। ਜਿਸ ਬਾਰੇ ਡਾ. ਅੰਬੇਡਕਰ ਨੇ ਲਿਖਿਆ ਸੀ-'ਜੇਕਰ ਹਿੰਦੂ-ਰਾਸ਼ਟਰ ਸੱਚਮੁੱਚ ਇਕ ਅਸਲੀਅਤ ਬਣ ਜਾਂਦਾ ਹੈ, ਤਾਂ ਇਸ ਵਿਚ ਸ਼ੱਕ ਨਹੀਂ ਕਿ ਇਹ ਦੇਸ ਲਈ ਭਿਆਨਕ ਮੁਸ਼ਕਲ ਹੋਵੇਗੀ, ਕਿਉਂਕਿ ਇਹ ਗੁਲਾਮੀ, ਏਕਤਾ ਤੇ ਭਾਈਚਾਰੇ ਲਈ ਖ਼ਤਰਾ ਹੈ। ਇਸ ਦ੍ਰਿਸ਼ਟੀਕੋਣ ਤੋਂ ਇਹ ਲੋਕਤੰਤਰ ਨਾਲ ਮੇਲ ਨਹੀਂ ਖਾਂਦਾ। ਹਿੰਦੂ ਰਾਜ ਨੂੰ ਹਰ ਕੀਮਤ 'ਤੇ ਰੋਕਣਾ ਚਾਹੀਦਾ ਹੈ।

(ਡਾ. ਅੰਬੇਡਕਰ, ਪਾਕਿਸਤਾਨ ਆਰ ਦਿ ਪਾਰਟੀਸ਼ਨ ਆਫ ਇੰਡੀਆ 1946, ਮੁੰਬਈ, ਸਫ਼ਾ 358)

ਅਸਲ ਵਿਚ, ਆਰ. ਐੱਸ. ਐੱਸ. ਦੇ 'ਹਿੰਦੂਵਾਦ' ਤੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਵਿਚ ਸਭ ਤੋਂ ਵੱਡੀ ਬੌਧਿਕ ਰੁਕਾਵਟ ਡਾ. ਅੰਬੇਡਕਰ ਦੀ ਵਿਚਾਰਧਾਰਾ ਤੇ ਉਨ੍ਹਾਂ ਦਾ ਰਚਿਆ ਸੰਵਿਧਾਨ ਹੈ। ਇਹੀ ਕਾਰਨ ਹੈ ਕਿ ਆਰ. ਐੱਸ. ਐੱਸ. ਤੇ ਉਸ ਨਾਲ ਜੁੜੇ ਸਾਰੇ ਸੰਗਠਨ ਡਾ. ਅੰਬੇਡਕਰ ਨੂੰ ਵਿਚਾਰ ਮੁਕਤ 'ਦੇਵਤਾ' ਬਣਾ ਕੇ ਪੂਜਣ ਦੀ ਮੁਹਿੰਮ ਚਲਾ ਰਹੇ ਹਨ ਤੇ ਸੰਵਿਧਾਨ ਵਿਚ ਤਬਦੀਲੀਆਂ ਕਰਕੇ ਭਗਵਾਂ ਰਾਸ਼ਟਰਵਾਦ ਸਿਰਜਣਾ ਚਾਹੁੰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜਦੋਂ ਕਿਸੇ ਮਹਾਪੁਰਸ਼ ਦਾ ਬੁੱਤ ਘੜ ਕੇ ਮੰਦਰ ਬਣਾ ਦਿੱਤੇ ਜਾਣ ਤੇ ਲੋਕਾਂ ਨੂੰ ਮਹਾਂਪੁਰਖ ਦੀ ਪੂਜਾ ਪਾਠ ਨਾਲ ਜੋੜ ਦਿੱਤਾ ਜਾਵੇ ਤਾਂ ਲੋਕ ਮਹਾਂਪੁਰਖ ਦੇ ਵਿਚਾਰ ਭੁੱਲ ਜਾਂਦੇ ਹਨ।

ਗੌਤਮ ਬੁੱਧ ਤੇ ਗੁਰੂ ਸਾਹਿਬਾਨਾਂ ਦੇ ਨਾਲ ਇਹ ਹੋ ਚੁੱਕਾ ਹੈ। ਬੁੱਧ ਤੇ ਗੁਰੂ ਸਾਹਿਬਾਨ ਤਰਕ ਦੀ ਗੱਲ ਕਰਦੇ ਸਨ ਤੇ ਉਨ੍ਹਾਂ ਦੇ ਵਿਚਾਰ ਮਨੁੱਖਤਾ ਲਈ ਰਾਹ ਦਸੇਰਾ ਹਨ, ਉਹ ਮੂਰਤੀ ਪੂਜਾ ਦੇ ਵਿਰੋਧੀ ਸਨ, ਪਰ ਉਨ੍ਹਾਂ ਨੂੰ ਵਿਸ਼ਨੂੰ, ਰਾਮ ਤੇ ਹੋਰ ਭਗਵਾਨਾਂ ਦਾ ਅਵਤਾਰ ਐਲਾਨਿਆ ਜਾ ਰਿਹਾ ਹੈ। ਮੂਰਤੀ ਪੂਜਾ ਵਿਰੋਧੀ ਬੁੱਧ, ਗੁਰੂ ਨਾਨਕ ਸਾਹਿਬ ਦੀ ਅੱਜ ਸਭ ਤੋਂ ਵੱਧ ਮੂਰਤੀਆਂ ਮਿਲਦੀਆਂ ਹਨ। ਪੰਜਾਬ ਦੇ ਕਈ ਗੁਰਦੁਆਰਿਆਂ ਵਿਚ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਬੁੱਤ ਲੱਗ ਚੁੱਕੇ ਹਨ। ਇਸ ਸੰਬੰਧ ਵਿਚ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਸਾਹਿਬ ਨੇ ਕੋਈ ਕਾਰਵਾਈ ਨਹੀਂ ਕੀਤੀ। ਇਹ ਭਗਵੇਂਵਾਦੀ ਨੀਤੀ ਦਾ ਇਕ ਹਿੱਸਾ ਹੈ ਤਾਂ ਜੋ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਅੰਗ ਬਣਾਇਆ ਜਾ ਸਕੇ।

ਹੁਣ ਆਰ ਐੱਸ ਐੱਸ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਬਹੁਜਨ ਸਮਾਜ ਦਾ ਪੜ੍ਹਿਆ ਲਿਖਿਆ ਵਰਗ ਹੈ, ਜੋ ਬਾਬਾ ਸਾਹਿਬ ਅੰਬੇਡਕਰ ਦੇ ਵਿਚਾਰਾਂ ਤੇ ਪੁਸਤਕਾਂ ਨੂੰ ਭਾਰਤੀ ਭਾਸ਼ਾਵਾਂ ਵਿਚ ਪਿੰਡ-ਪਿੰਡ ਪਹੁੰਚਾ ਰਿਹਾ ਹੈ। ਇਨ੍ਹਾਂ ਨੂੰ ਪੜ੍ਹ ਕੇ ਖ਼ਾਸ ਕਰਕੇ ਆਰੀਅਨ ਵਰਣ-ਵਿਵਸਥਾ ਵਿਚ ਸ਼ੂਦਰ ਕਰਾਰ ਦਿੱਤੀਆਂ ਜਾਤਾਂ ਵਿਚ ਬ੍ਰਾਹਮਣਵਾਦੀ ਪ੍ਰਬੰਧ ਦੇ ਵਿਰੁੱਧ ਰੋਸ ਪੈਦਾ ਹੁੰਦਾ ਹੈ ਤੇ ਉਹ ਸਿਆਸੀ ਦਖ਼ਲਅੰਦਾਜ਼ੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ 'ਹਿੰਦੂਤਵ' ਲਈ ਵੱਡੀ ਚੁਣੌਤੀ ਹੈ। ਡਾ. ਅੰਬੇਡਕਰ ਨੇ ਵਰਨ ਵਿਵਸਥਾ ਤੇ ਜਾਤ ਲਈ ਪਰੇਸ਼ਾਨੀ ਨੂੰ ਲੈ ਕੇ ਹਿੰਦੂ ਧਰਮ ਦੀ ਤਿੱਖੀ ਆਲੋਚਨਾ ਕੀਤੀ ਹੈ। ਸਨਾਤਨਵਾਦੀ ਆਗੂਆਂ ਨੇ ਇਸ ਲਈ ਉਨ੍ਹਾਂ ਦੀ ਨਿੰਦਾ ਕੀਤੀ ਤੇ ਉਨ੍ਹਾਂ ਦੇ ਹਰ ਵਿਚਾਰ ਦਾ ਵਿਰੋਧ ਕੀਤਾ। ਮਹਾਤਮਾ ਗਾਂਧੀ ਵੱਲੋਂ ਬਾਬਾ ਸਾਹਿਬ ਅੰਬੇਡਕਰ ਦਾ ਵਿਰੋਧ ਇਸੇ ਸਨਾਤਨੀ ਵਿਚਾਰਧਾਰਾ ਦੀ ਸਾਜ਼ਿਸ਼ ਸੀ ਤਾਂ ਜੋ ਬਹੁਜਨ ਸਮਾਜ ਦੇ ਲੋਕਾਂ ਨੂੰ ਧਰਮ ਬਦਲੀ ਨਾ ਕਰਨ ਦਿੱਤਾ ਜਾਵੇ ਤੇ ਨਾ ਹੀ ਮਨੂੰਵਾਦੀ ਸਿਸਟਮ ਨੂੰ ਬਦਲਣ ਦਿੱਤਾ ਜਾਵੇ।

ਅੰਗਰੇਜ਼ਾਂ ਤੋਂ ਮਾਫੀ ਮੰਗਣ ਤੋਂ ਬਾਅਦ ਸਾਵਰਕਰ ਨੇ ਕਿਤਾਬ 'Essentials of Hindutva by Vinayak Damodar' ਲਿਖੀ ਸੀ, ਜੋ ਸੰਨ 1923 ਵਿਚ ਸਾਹਮਣੇ ਆਈ) ਤੇ ਆਰ. ਐੱਸ. ਐੱਸ. ਦੇ ਪੂਜਣਯੋਗ 'ਵੀਰ' ਸਾਵਰਕਰ ਨੇ ਲਿਖਿਆ ਹੈ ਕਿ 'ਜਿਸ ਦੇਸ ਵਿਚ ਵਰਣ ਵਿਵਸਥਾ ਨਹੀਂ ਹੈ, ਉਸ ਨੂੰ ਮਲੇਛ ਦੇਸ ਮੰਨਿਆ ਜਾਵੇ।

### ਸਮਾਜਵਾਦੀ ਪਾਰਟੀ ਵੱਲੋਂ ਨਿਖੇਧੀ

ਸਰਕਾਰ ਦੀ ਇਸ ਮੁਹਿੰਮ ਵਿੱਚੋਂ ਵਿਰੋਧੀ ਧਿਰ ਸਮਾਜਵਾਦੀ ਪਾਰਟੀ ਨੂੰ 2019 ਵਿੱਚ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰਾਜਸੀ ਲਾਹਾ ਲਏ ਜਾਣ ਦੀ ਬੋਅ ਆ ਰਹੀ ਹੈ। ਸਮਾਜਵਾਦੀ ਪਾਰਟੀ ਦੇ ਆਗੂ ਅਨੁਰਾਗ ਭਦੌਰੀਆਂ ਨੇ ਕਿਹਾ ਹੈ ਕਿ ਭਾਜਪਾ 'ਦਲਿਤਾਂ ਦੇ ਮਸੀਹਾ' ਦੇ ਨਾਂਅ ਨਾਲ ਰਾਜਨੀਤੀ ਕਰ ਰਹੀ ਹੈ। ਦੂਜੇ ਪਾਸੇ ਉੱਤਰ ਪ੍ਰਦੇਸ਼ ਸਰਕਾਰ ਦੇ ਕੈਬਨਿਟ ਮੰਤਰੀ ਸਵਾਮੀ ਪ੍ਰਸਾਦ ਮੌਰੀਆ ਨੇ ਕਿਹਾ ਕਿ ਇਸ ਤਬਦੀਲੀ ਪਿੱਛੇ ਕਿਸੇ ਪ੍ਰਕਾਰ ਦੀ ਰਾਜਨੀਤੀ ਨਹੀਂ ਹੈ। ਰਾਮਜੀ, ਸ੍ਰੀ ਅੰਬੇਦਕਰ ਦੇ ਪਿਤਾ ਦਾ ਨਾਂ ਸੀ। ਮੈਨਪੁਰੀ ਵਿੱਚ ਸਮਾਜਵਾਦੀ ਪਾਰਟੀ ਦੇ ਆਗੂ ਨੇ ਕਿਹਾ ਕਿ ਅੰਬੇਦਕਰ ਦੇ ਨਾਂਅ ਦੀ ਉਧੇੜਬੁਣ ਕਰਨ ਦੀ ਥਾਂ ਉਨ੍ਹਾਂ ਵੱਲੋਂ ਪਾਏ ਪੂਰਨਿਆਂ ਉੱਤੇ ਚੱਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਵੀ ਜ਼ਰੂਰੀ ਹੈ ਕਿ ਮੁੱਖ ਮੰਤਰੀ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵੀ ਪੜ੍ਹਨੀ ਚਾਹੀਦੀ ਹੈ।

ਇਹੀ ਨਹੀਂ ਸਾਵਰਕਰ ਨੇ ਦਲਿਤਾਂ ਤੇ ਔਰਤਾਂ ਨੂੰ ਹਰ ਹਾਲਤ ਵਿਚ ਗੁਲਾਮ ਬਣਾਈ ਰੱਖਣ ਦੀ ਸਮਝ ਦੇਣ ਵਾਲੀ ਮਨੂੰ ਸਿਮਰਤੀ ਨੂੰ ਵੇਦਾਂ ਦੇ ਬਾਅਦ ਸਭ ਤੋਂ ਪਾਵਨ ਗਰੰਥ ਐਲਾਨਿਆ ਸੀ, ਉਹ ਲਿਖਦੇ ਹਨ...' ਇਹੀ ਗ੍ਰੰਥ ਸਦੀਆਂ ਤੋਂ ਸਾਡੇ ਦੇਸ ਦੀ ਪਾਰਲੌਕਿਕ ਯਾਤਰਾ ਦਾ ਨਿਯਮ ਦੱਸਦਾ ਆਇਆ ਹੈ। ਅੱਜ ਵੀ ਕਰੋੜਾਂ ਹਿੰਦੂ ਇਨ੍ਹਾਂ ਨਿਯਮਾਂ ਦੇ ਅਨੁਸਾਰ ਜੀਵਨ ਗੁਜਾਰ ਰਹੇ ਹਨ। ਅੱਜ ਵੀ ਮਨੂੰ ਸਿਮਰਤੀ ਹੀ ਹਿੰਦੂ ਲਈ ਸੰਵਿਧਾਨਕ ਨਿਯਮ ਹੈ।'

ਇੱਥੇ ਇਹ ਯਾਦ ਕਰਨਾ ਜ਼ਰੂਰੀ ਹੈ ਕਿ ਡਾ. ਅੰਬੇਡਕਰ ਨੇ ਮਨੂੰ ਸਿਮਰਤੀ ਨੂੰ ਜਨਤਕ ਤੌਰ 'ਤੇ ਸਾੜਿਆ ਸੀ। ਔਰਤਾਂ ਨੂੰ ਹੱਕ ਦੇਣ ਵਾਲੇ ਹਿੰਦੂ ਕੋਡ ਬਿਲ ਦਾ ਆਰ. ਐੱਸ. ਐੱਸ. ਤੇ ਜਨਸੰਘ ਨੇ ਜਿਹਾ ਤਿੱਖਾ ਵਿਰੋਧ ਕੀਤਾ ਤੇ ਬਾਬਾ ਸਾਹਿਬ ਅੰਬੇਡਕਰ ਦੇ ਖ਼ਿਲਾਫ਼ ਮੁਹਿੰਮ ਚਲਾਈ, ਉਸ ਨਾਲ ਡਾ. ਅੰਬੇਡਕਰ ਇਸ ਨਤੀਜੇ 'ਤੇ ਪਹੁੰਚ ਗਏ ਕਿ ਹਿੰਦੂ ਧਰਮ ਵਿਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸੇ ਲਈ ਉਨ੍ਹਾਂ ਨੇ 14 ਅਕਤੂਬਰ 1956 ਨੂੰ ਆਪਣੇ ਲੱਖਾਂ ਸ਼ਰਧਾਲੂਆਂ ਦੇ ਨਾਲ ਹਿੰਦੂ ਧਰਮ ਛੱਡ ਕੇ ਨਾਗਪੁਰ ਦੀ ਦੀਖਿਆ ਭੂਮੀ ਵਿਚ ਬੁੱਧ ਧਰਮ ਗ੍ਰਹਿਣ ਕਰ ਲਿਆ। ਉਨ੍ਹਾਂ ਨੇ ਸਿਰਫ਼ ਧਰਮ ਹੀ ਨਹੀਂ ਬਦਲਿਆ, ਇਸ ਮੌਕੇ 'ਤੇ ਆਪਣੇ ਸ਼ਰਧਾਲੂਆਂ ਨੂੰ 22 ਪ੍ਰਤਿੱਗਿਆਵਾਂ ਵੀ ਗ੍ਰਹਿਣ ਕਰਵਾਈਆਂ।

ਇਹ 22 ਪ੍ਰਤਿੱਗਿਆਵਾਂ ਭਗਵੇਂਵਾਦੀਆਂ ਦੀਆਂ ਅੱਖਾਂ ਵਿਚ ਰੜਕਦੀਆਂ ਹਨ। ਦੀਖਿਆ ਭੂਮੀ ਤੋਂ ਇਨ੍ਹਾਂ ਨੂੰ ਹਟਾਉਣ ਦੀ ਮੰਗ ਭਾਜਪਾ ਨੇਤਾ ਕਰਨ ਲੱਗੇ ਹਨ। ਇਹ ਸਾਫ਼ ਦਿਸ ਰਿਹਾ ਹੈ ਕਿ ਆਰ. ਐੱਸ. ਐੱਸ. ਤੇ ਭਾਜਪਾ ਇਕ ਪਾਸੇ ਤਾਂ ਡਾ. ਅੰਬੇਡਕਰ ਨੂੰ ਪੂਜਣਯੋਗ ਦੱਸਣ ਦੀ ਮੁਹਿੰਮ ਚਲਾ ਰਹੇ ਹਨ, ਤਾਂ ਦੂਜੇ ਪਾਸੇ ਉਨ੍ਹਾਂ ਦੇ ਵਿਚਾਰਾਂ ਨੂੰ ਦਫ਼ਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਜਪਾ ਵੱਲੋਂ ਅੰਬੇਡਕਰਵਾਦੀ ਨੇਤਾਵਾਂ ਨੂੰ ਸਾਂਸਦ ਤੇ ਮੰਤਰੀ ਬਣਾ ਕੇ 'ਚੁੱਪ' ਕਰਾਉਣ ਦੀ ਗੁਪਤ ਸਾਜ਼ਿਸ਼ ਕਿਸੇ ਤੋਂ ਲੁਕੀ ਨਹੀਂ ਹੈ। ਕੌਣ ਸੋਚ ਸਕਦਾ ਸੀ ਕਿ ਪਰਖਰ ਅੰਬੇਡਕਰਵਾਦੀ ਤੇ ਜਸਟਿਸ ਪਾਰਟੀ ਬਣਾ ਕੇ ਮਾਇਆਵਤੀ ਤੇ ਅੰਬੇਡਕਰ ਦੇ ਵਿਚਾਰਾਂ ਨੂੰ ਛੱਡਣ ਦਾ ਦੋਸ਼ ਲਗਾਉਣ ਵਾਲੇ ਉਦਿਤਰਾਜ (ਰਾਮਰਾਜ ਨਾਂ ਸੀ, ਬੁੱਧ ਧਰਮ ਸਵੀਕਾਰ ਕਰਕੇ ਉਦਿਤਰਾਜ ਬਣੇ) ਭਾਜਪਾ ਦੇ ਸਾਂਸਦ ਬਣ ਜਾਣਗੇ।

ਯੋਗੀ ਆਦਿਤਿਯਾ ਨਾਥ ਦੀ ਕੋਸ਼ਿਸ਼ ਵੀ ਇਸੇ ਮੁਹਿੰਮ ਦੀ ਇਕ ਹਿੱਸਾ ਹੈ। ਅਟਲ ਬਿਹਾਰੀ ਵਾਜਪਈ ਦੀ ਸਰਕਾਰ ਦੌਰਾਨ ਕੰਪਿਊਟਰ ਕਲਾਕਾਰੀ ਨਾਲ ਬਲਦ ਨੂੰ ਘੋੜਾ ਬਣਾਉਣ ਦੀ ਕਲਾਕਾਰੀ ਹੋ ਚੁੱਕੀ ਹੈ, ਤਾਂ ਕਿ ਹੜੱਪਾ ਸੱਭਿਅਤਾ ਵਿਚ ਘੋੜੇ ਦੀ ਹਾਜ਼ਰੀ ਦਿਖਾਈ ਜਾ ਸਕੇ, ਜਿਸ ਤੋਂ ਸਾਬਤ ਹੋ ਸਕੇ ਕਿ ਉਹ ਆਰੀਆ ਸੱਭਿਅਤਾ ਸੀ। ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਰਾਮ ਦੇ ਨਾਲ ਜੋੜਿਆ ਜਾ ਰਿਹਾ ਹੈ, ਤਾਂ ਇਹ ਯਾਦ ਕਰਨਾ ਵਾਰ-ਵਾਰ ਜ਼ਰੂਰੀ ਹੈ ਕਿ ਬਾਬਾ ਸਾਹਿਬ ਨੇ ਰਾਮ ਨੂੰ ਛੱਡਿਆ ਸੀ। ਇਹ ਗੱਲ ਸਭ ਤੋਂ ਬਿਹਤਰ ਢੰਗ ਨਾਲ ਉਨ੍ਹਾਂ ਦੀਆਂ 22 ਪ੍ਰਤਿੱਗਿਆਵਾਂ ਤੋਂ ਸਮਝੀਆਂ ਜਾ ਸਕਦੀਆਂ ਹਨ। ਇਹ ਪ੍ਰਤਿੱਗਿਆਵਾਂ ਹਨ-

1. ਮੈਂ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਵਿਚ ਕੋਈ ਵਿਸ਼ਵਾਸ ਨਹੀਂ ਕਰਾਂਗਾ ਤੇ ਨਾ ਹੀ ਮੈਂ ਉਨ੍ਹਾਂ ਦੀ ਪੂਜਾ ਕਰਾਂਗਾ।
2. ਮੈਂ ਰਾਮ ਤੇ ਕ੍ਰਿਸ਼ਨ, ਜੋ ਭਗਵਾਨ ਦੇ ਅਵਤਾਰ ਮੰਨੇ ਜਾਂਦੇ ਹਨ, ਮੈਂ ਕੋਈ ਵਿਸ਼ਵਾਸ ਨਹੀਂ ਰੱਖਾਂਗਾ ਤੇ ਨਾ ਹੀ ਮੈਂ ਉਨ੍ਹਾਂ ਦੀ ਪੂਜਾ ਕਰਾਂਗਾ।
3. ਮੈਂ ਗੌਰੀ, ਗਣਪਤੀ ਤੇ ਹਿੰਦੂਆਂ ਦੇ ਹੋਰ ਦੇਵੀ-ਦੇਵਤਿਆਂ ਵਿਚ ਆਸਥਾ ਨਹੀਂ ਰੱਖਾਂਗਾ ਤੇ ਨਾ ਹੀ ਮੈਂ ਉਨ੍ਹਾਂ ਦੀ ਪੂਜਾ ਕਰਾਂਗਾ।
4. ਭਗਵਾਨ ਦੇ ਅਵਤਾਰ ਵਿਚ ਵਿਸ਼ਵਾਸ ਨਹੀਂ ਕਰਦਾ ਹਾਂ।
5. ਮੈਂ ਇਹ ਨਹੀਂ ਮੰਨਦਾ ਤੇ ਨਾ ਕਦੇ ਮੰਨਾਂਗਾ ਕਿ ਭਗਵਾਨ ਬੁੱਧ ਵਿਸ਼ਨੂੰ ਦੇ ਅਵਤਾਰ ਸਨ। ਮੈਂ ਇਸ ਨੂੰ ਪਾਗਲਪਣ ਤੇ ਝੂਠਾ ਪ੍ਰਚਾਰ-ਪਸਾਰ ਮੰਨਦਾ ਹਾਂ।
6. ਮੈਂ ਸ਼ਰਧਾ (ਸ਼ਰਾਧ) ਵਿਚ ਹਿੱਸਾ ਨਹੀਂ ਲਵਾਂਗਾ ਤੇ ਨਾ ਹੀ ਪਿੰਡ ਦਾਨ ਦਿਆਂਗਾ।
7. ਮੈਂ ਬੁੱਧ ਦੇ ਸਿਧਾਂਤਾਂ ਤੇ ਉਪਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਤਰੀਕੇ ਨਾਲ ਕੰਮ ਨਹੀਂ ਕਰਾਂਗਾ।
8. ਮੈਂ ਬ੍ਰਾਹਮਣਾਂ ਵੱਲੋਂ ਕਰਵਾਏ ਜਾਣ ਵਾਲੇ ਕਿਸੇ ਵੀ ਸਮਾਗਮ ਨੂੰ ਸਵੀਕਾਰ ਨਹੀਂ ਕਰਾਂਗਾ।
9. ਮੈਂ ਮਨੁੱਖ ਦੀ ਸਮਾਨਤਾ ਵਿਚ ਵਿਸ਼ਵਾਸ ਕਰਦਾ ਹਾਂ।
10. ਮੈਂ ਸਮਾਨਤਾ ਸਥਾਪਿਤ ਕਰਨ ਦੀ ਕੋਸ਼ਿਸ਼ ਕਰਾਂਗਾ।
11. ਮੈਂ ਬੁੱਧ ਦੇ ਅਸ਼ਟਾਂਗਿਕ ਮਾਰਗ ਦਾ ਪਾਲਣ ਕਰਾਂਗਾ।
12. ਮੈਂ ਬੁੱਧ ਵੱਲੋਂ ਨਿਰਧਾਰਿਤ ਨਿਯਮਾਂ ਦਾ ਪਾਲਣ ਕਰਾਂਗਾ।
13. ਮੈਂ ਸਾਰੇ ਜਿਊਂਦੇ ਪ੍ਰਾਣੀਆਂ ਦੇ ਪ੍ਰਤੀ ਦਇਆ ਤੇ ਪਿਆਰ ਭਰੀ ਦਿਆਲਤਾ ਰੱਖਾਂਗਾ ਤੇ ਉਨ੍ਹਾਂ ਦੀ ਰੱਖਿਆ ਕਰਾਂਗਾ।
14. ਮੈਂ ਚੋਰੀ ਨਹੀਂ ਕਰਾਂਗਾ।
15. ਮੈਂ ਝੂਠ ਨਹੀਂ ਬੋਲਾਂਗਾ।
16. ਮੈਂ ਕਾਮੁਕ ਪਾਪਾਂ ਨੂੰ ਨਹੀਂ ਕਰਾਂਗਾ।
17. ਮੈਂ ਸ਼ਰਾਬ, ਡਰੱਗਸ ਜਿਹੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਾਂਗਾ।
18. ਮੈਂ ਮਹਾਨ ਆਸ਼ਟਾਂਗਿਕ ਮਾਰਗ ਦੇ ਪਾਲਣ ਦੀ ਕੋਸ਼ਿਸ਼ ਕਰਾਂਗਾ। ਹਮਦਰਦੀ ਤੇ ਪਿਆਰ ਭਰੀ ਦਿਆਲਤਾ ਦਾ ਰੋਜ਼ਾਨਾ ਜੀਵਨ ਵਿਚ ਅਭਿਆਸ ਕਰਾਂਗਾ।
19. ਮੈਂ ਹਿੰਦੂ ਧਰਮ ਦਾ ਤਿਆਗ ਕਰਦਾ ਹਾਂ ਜੋ ਮਨੁੱਖਤਾ ਲਈ ਹਾਨੀਕਾਰਕ ਹੈ ਤੇ ਤਰੱਕੀ ਤੇ ਮਨੁੱਖਤਾ ਦੇ ਵਿਕਾਸ ਵਿਚ ਰੁਕਾਵਟ ਹੈ, ਕਿਉਂਕਿ ਇਹ ਅਸਮਾਨਤਾ 'ਤੇ ਆਧਾਰਿਤ ਹੈ ਤੇ ਸਵੈ-ਧਰਮ ਦੇ ਰੂਪ ਵਿਚ ਬੁਧ ਧਰਮ ਨੂੰ ਅਪਣਾਉਂਦਾ ਾਂ।
20. ਮੈਂ ਦ੍ਰਿੜ੍ਹਤਾ ਨਾਲ ਇਹ ਵਿਸ਼ਵਾਸ ਕਰਦਾ ਹਾਂ ਕਿ ਬੁਧ ਦਾ ਧੰਮ ਹੀ ਸੱਚਾ ਧਰਮ ਹੈ।
21. ਮੈਨੂੰ ਵਿਸ਼ਵਾਸ ਹੈ ਕਿ ਮੈਂ ਫਿਰ ਜਨਮ ਲੈ ਰਿਹਾ ਹਾਂ।
22. ਮੈਂ ਗੰਭੀਰਤਾ ਤੇ ਦ੍ਰਿੜ੍ਹਤਾ ਨਾਲ ਐਲਾਨ ਕਰਦਾ ਹਾਂ ਕਿ ਮੈਂ ਇਸ ਦੇ (ਧਰਮ ਪਰਿਵਰਤਨ ਦੇ) ਬਾਅਦ ਆਪਣੇ ਜੀਵਨ ਦਾ ਬੁਧ ਦੇ ਸਿਧਾਂਤਾਂ ਤੇ ਸਿੱਖਿਆਵਾਂ ਤੇ ਉਨ੍ਹਾਂ ਦੇ ਧਰਮ ਅਨੁਸਾਰ ਮਾਰਗ ਦਰਸ਼ਨ ਕਰਾਂਗਾ।

ਕੀ ਯੋਗੀ ਆਦਿਤਿਯਨਾਥ ਡਾ ਅੰਬੇਡਕਰ ਦੀਆਂ 22 ਪ੍ਰਤਿੱਗਿਆਵਾਂ ਦਾ ਪ੍ਰਚਾਰ ਕਰਨਗੇ। ਜੇਕਰ ਡਾ. ਅੰਬੇਡਕਰ ਦੇ ਨਾਂ ਵਿਚ ਦਰਜ ਰਾਮ ਜੀ ਸੱਚ ਹੈ, ਤਾਂ ਇਹ 22 ਪ੍ਰਤਿੱਗਿਆਵਾਂ ਵੀ ਸੱਚ ਹਨ। ਡਾ. ਅੰਬੇਡਕਰ ਨੇ ਸੰਵਿਧਾਨ ਰਚਦੇ ਸਮੇਂ ਇਕ ਅਜਿਹੇ ਭਾਰਤ ਦਾ ਸੰਕਲਪ ਸਾਹਮਣੇ ਰੱਖਿਆ ਜਿਸ ਵਿਚ ਰਾਮਭਗਤਾਂ ਤੇ ਰਾਮ ਵਿਰੋਧੀਆਂ, ਦੋਵਾਂ ਲਈ ਬਰਾਬਰ ਥਾਂ ਹੋਵੇਗੀ। ਇਹ 22 ਪ੍ਰਤਿੱਗਿਆਵਾਂ ਰਾਮਨੌਮੀ 'ਤੇ ਲਹਿਰਾਉਂਦੀਆਂ ਲਵਾਰਾਂ ਤੇ ਭਗਵੇਂਵਾਦ ਲਈ ਚੈਲਿੰਜ ਹਨ।


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਬਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋਂ ਵਲੋਂ ਗਦਰੀ ਬਾਬਿਆਂ ਦੀ ਯਾਦ 'ਚ ਕਰਵਾਏ 18ਵੇਂ ਸਾਲਾਨਾ ਮੇਲੇ 'ਚ ਸ਼ਹੀਦਾਂ ਨੂੰ ਭਰਪੂਰ ਸ਼ਰਧਾਂਜਲੀਆਂ

## ਲੋਕਾਂ ਦੇ ਠਾਠਾਂ ਮਾਰਦੇ ਇਕੱਠ ਦੀ ਸ਼ਮੂਲੀਅਤ ਵਾਲੇ ਮੇਲੇ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ























# ਖਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ਦੀ ਲੱਖ ਲੱਖ ਵਧਾਈਆਂ ਜੀ।

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB KHALSA CARE FOUNDATION

9989 Laurel Canyon Blvd, Pacoima CA 91331



**09 APRIL (MONDAY) TO 14 APRIL (SATURDAY)**

06.30 pm - 08.30 pm — KIRTAN BY SANT ANOOP SINGH JI
BHAI GURJOT SINGH JI RAMANJOT SINGH JI

**15 APRIL (SUNDAY)**

10.00 am - 01.00 pm — KIRTAN BY SANT ANOOP SINGH JI
BHAI GURJOT SINGH JI RAMANJOT SINGH JI
Follwed by Ardas, Samapti & Guru Ka Langar



**BHAI KANHAIYA JEE LANGAR SEWA DAL**

FOR MORE INFORMATION PLEASE CONTACT:
BALDEV SINGH (818) 468-9595 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-6653

Printed by: SS #9873467767

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70

Diesel/Gas

Exit 137

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet over 100 gallons

open 6am to midnight

Phone: 765-478-6300

## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

**ਸੰਪਰਕ:**
**ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578**



**Serving Around the World Community Since 1994**
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

**15549 Devonshire St., Ste. 206 Mission Hills, CA 91345**

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## ਪ੍ਰੋਗਰਾਮ

- ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਇਸ ਦੀ ਸੇਵਾ ਜਾਂ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ: 209-625-7500 ਜਾਂ ਹੈੱਡ ਗ੍ਰੰਥੀ ਭਾਈ ਗੁਰਸੇਵਕ ਸਿਘ ਨੂੰ: 408-389-9640, 209-564-8899 'ਤੇ ਸੰਪਰਕ ਕਰ ਸਕਦੇ ਹੋ।
- ਖ਼ਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿਖੇ 1 ਅਪ੍ਰੈਲ ਤੋਂ 15 ਅਪ੍ਰੈਲ 2018 ਤੱਕ ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ ਤੱਕ ਕੀਰਤਨ ਦਰਬਾਰ ਹੋਇਆ ਕਰੇਗਾ।
- ਕਵਿਸ਼ਰੀ ਜਥਾ ਭਾਈ ਮਹਿਲ ਸਿਘ ਜੀ, ਕਥਾਵਾਚਕ ਭਾਈ ਪਰਮਜੀਤ ਸਿਘ ਜੀ ਖ਼ਾਲਸਾ, ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਾ ਭਾਈ ਕਰਨੈਲ ਸਿਘ ਜੀ ਰਣੀਕੇ ਅਤੇ ਕੀਰਤਨੀ ਜਥਾ ਭਾਈ ਜਗਮੋਹਣ ਸਿਘ ਜੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸਾਹਿਬ ਸਟਾਕਟਨ ਹਾਜ਼ਰੀਆਂ ਭਰਨਗੇ।
- 15 ਅਪ੍ਰੈਲ ਨੂੰ ਨਗਰ ਕੀਰਤਨ ਵਾਲੇ ਦਿਨ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ Exit I-5 at Charter Way to Fairgrounds 1658 S. Airport way Stockton CA ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
- ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 14 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9:00 ਵਜੇ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਜਨਰਲ ਸੈਕਟਰੀ ਭਾਈ ਦਵਿੰਦਰ ਸਿਘ ਜੀ 209-564-8899 ਅਤੇ ਇਸ਼ਤਿਹਾਰ ਅਤੇ ਸਪਾਂਸਰਸ਼ਿਪ ਲਈ ਅਮਰਦੀਪ ਸਿਘ ਸਭਰਵਾਲ 209-518-1585 'ਤੇ ਸੰਪਰਕ ਕਰੋ।



ਭਾਈ ਪਰਮਜੀਤ ਸਿਘ



ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ



ਕਵੀਸ਼ਰੀ ਭਾਈ ਮਹਿਲ ਸਿਘ ਅਤੇ ਸਾਥੀ



ਭਾਈ ਕਰਨੈਲ ਸਿਘ ਰਣੀਕੇ

## ਖ਼ਾਲਸਾ ਪੰਥ ਦੇ 320ਵੇਂ ਸਾਜਨਾ ਦਿਵਸ ਮੌਕੇ

# 20ਵੇਂ ਮਹਾਨ ਨਗਰ ਕੀਰਤਨ

## ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਗੁਰੂ ਪਿਆਰੀ ਸਾਧ ਸੰਗਤ ਜੀਓ ! ਸਨਿਮਰ ਬੇਨਤੀ ਹੈ ਕਿ 15 ਅਪ੍ਰੈਲ 2018 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ ਘਰ ਸਟਾਕਟਨ ਦੀਆਂ ਸਮੂਹ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ ਖ਼ਾਲਸੇ ਦਾ 320ਵਾਂ ਸਾਜਨਾ ਦਿਵਸ 'ਵਿਸਾਖੀ' ਪੁਰਬ ਮਨਾਇਆ ਜਾਵੇਗਾ। ਐਤਵਾਰ 12:00 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਆਰੰਭ ਹੋਵੇਗਾ ਅਤੇ 4 ਘੰਟੇ ਦੀ ਨਗਰ ਯਾਤਰਾ ਪਿਛੋਂ ਵਾਪਿਸ ਗੁਰੂ ਘਰ ਪਰਤੇਗਾ। ਸਮੂਹ ਇਲਾਕਾ ਨਿਵਾਸੀ ਅਤੇ ਦੇਸ-ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਅਤੇ ਮਹਾਨ ਅਵਸਰ 'ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454
ਭਾਈ ਜਸਵਿੰਦਰ ਸਿੰਘ ਤੂਰ : 209-470-6881

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਬਲਵਿੰਦਰ ਸਿੰਘ ਮਿੱਠੂ : 209-456-3210
ਭਾਈ ਪ੍ਰਮਪ੍ਰੀਤ ਸਿੰਘ ਨਿੱਝਰ : 510-377-5320
ਭਾਈ ਮਨਜੀਤ ਸਿੰਘ ਮੁਕੇਰੀਆਂ : 209-992-1122

Free Parking is avialable at Fairgrounds 1658 S. Airport way. Stockton. Free Bus Shuttle service will be available to and from Fairground Parking to Gurdwara Sahib. Please do not park at No parking or vehicle will be towed at owners expense.

ਅੰਮ੍ਰਿਤ ਸੰਚਾਰ: 14 ਅਪ੍ਰੈਲ 2018 ਦਿਨ ਸ਼ਨਿੱਚਰਵਾਰ ਗੁਰਦੁਆਰਾ ਸਾਹਿਬ ਸਟਾਕਟਨ

Dastar Diwas will be on 14th April 2018

**ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ**

President Bhai Jaswinder Singh Goraya 209-993-1788
Vice Presideent Bhai Paul Singh 209-470-6943
Secretary Bhai Davinder Singh 209-564-8899
Assistant Secretary Bhai Lakhvir Singh 209-915-8156
Treasurer Bhai Harmohinder Singh 408-449-9261
Assistant Treasurer Bhai Mohan Singh 209-570-6022

Sponsored by:

**WHITE HAWK TRUCKING INC** 2101 MARTIN LUTHER KING JR WAY STOCKTON, CA 95205

**Phone: (209) 242-9569, (209) 564-8899, (209) 345-6968**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

Call Now for the Lowest Health Insurance Premiums available
Some Households qualify for FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


jus
punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Love's
Travel Stops & Country Stores

# ਕਾਂਗਰਸ-ਸਪਾ ਤੇ ਬਸਪਾ ਦਾ ਗੱਠਜੋੜ ਬਣਿਆ ਤਾਂ ਭਾਜਪਾ ਲੋਕ ਸਭਾ ਦੀਆਂ 2 ਸੀਟਾਂ ਵੀ ਨਹੀਂ ਜਿੱਤੇਗੀ

*• ਰਾਜ ਬੱਬਰ ਵਲੋਂ ਵਿਸ਼ੇਸ਼ ਦੌਰਾਨ ਵੱਡਾ ਦਾਅਵਾ • ਕਿਹਾ ਗੋਰਖਪੁਰ ਤੇ ਫੂਲਪੁਰ 'ਚ ਭਾਜਪਾ ਨੂੰ ਹਰਾਉਣ 'ਚ ਹਿੰਦੂਆਂ ਦਾ ਵੀ ਬਰਾਬਰ ਦਾ ਯੋਗਦਾਨ*

**ਲਖਨਊ/ਬਿਊਰੋ ਨਿਊਜ਼:**
ਫਿਲਮ ਅਭਿਨੈ ਤੋਂ ਸਿਆਸਤ ਵਿਚ ਆਏ ਰਾਜ ਬੱਬਰ ਦੇ ਕੋਲ ਇਸ ਸਮੇਂ ਦੇਸ਼ ਵਿਚ ਸਭ ਤੋਂ ਵੱਡੇ ਸੂਬਾ ਉੱਤਰ ਪ੍ਰਦੇਸ਼ ਦੀ ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਦੇ ਰੂਪ ਵਿਚ ਬੜੀ ਵੱਡੀ ਜ਼ਿੰਮੇਵਾਰੀ ਹੈ। ਰਾਜ ਬੱਬਰ ਤੇ ਕਾਂਗਰਸ ਦੋਵਾਂ ਲਈ ਹੀ ਉੱਤਰ ਪ੍ਰਦੇਸ਼ 2019 ਦੀਆਂ ਲੋਕ ਸਭਾ ਦੀਆਂ ਆਮ ਚੋਣਾਂ ਨੂੰ ਲੈ ਕੇ ਮਹੱਤਵਪੂਰਨ ਹੈ। ਪ੍ਰਧਾਨ ਬਣਨ ਮਗਰੋਂ ਰਾਜ ਬੱਬਰ ਨੇ ਉੱਤਰ ਪ੍ਰਦੇਸ਼ ਦੇ ਵਧੇਰੇ ਜ਼ਿਲ੍ਹਿਆਂ ਦੇ ਦੌਰੇ ਪੂਰੇ ਕਰ ਲਏ ਹਨ ਤੇ ਉਹ ਕਾਂਗਰਸ ਦੀ ਨਵੀਂ ਪੀੜ੍ਹੀ ਨੂੰ ਅੱਗੇ ਲੈ ਕੇ ਆ ਰਹੇ ਹਨ ਤੇ ਉਨ੍ਹਾਂ ਵਿਚ ਇਹ ਝਲਕ ਪੈਦਾ ਕੀਤੀ ਜਾ ਰਹੀ ਹੈ ਕਿ ਉਹ ਵੀ ਸੱਤਾ ਵਿਚ ਆ ਸਕਦੇ ਹਨ। ਪੇਸ਼ ਨੇ ਦੇਸ਼ ਤੇ ਉੱਤਰ ਪ੍ਰਦੇਸ਼ ਦੀ ਸਿਆਸਤ ਨੂੰ ਲੈ ਕੇ ਰਾਜ ਬੱਬਰ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼-



ਸਵਾਲ-2019 ਦੀਆਂ ਆਮ ਚੋਣਾਂ ਨੂੰ ਲੈ ਕੇ ਹੁਣ ਸਿਰਫ ਇਕ ਸਾਲ ਦਾ ਸਮਾਂ ਰਹਿ ਗਿਆ। ਕੀ ਤੁਸੀਂ ਸਮਝਦੇ ਹੋ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਹਾਲਤ ਕਿਹੋ ਜਿਹੀ ਰਹੇਗੀ?

ਜਵਾਬ-2014 ਦੇ ਮਗਰੋਂ ਹੀ ਕੇਂਦਰ ਦੀ ਮੋਦੀ ਸਰਕਾਰ ਨੇ ਵਿਰੋਧੀ ਆਗੂਆਂ ਖਾਸ ਤੌਰ 'ਤੇ ਕਾਂਗਰਸ ਨੂੰ ਨਿਸ਼ਾਨਾ ਬਣਾਉਣ ਦੀਆਂ ਤਿਆਰੀਆਂ ਕੀਤੀਆਂ। ਮੋਦੀ ਸਰਕਾਰ ਨੂੰ ਪਤਾ ਸੀ ਕਿ ਹਰੇਕ ਗਲੀ-ਮੁਹੱਲੇ ਵਿਚ ਕਾਂਗਰਸੀ ਵਰਕਰ ਰਹਿੰਦਾ ਹੈ। ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿਚ ਮੋਦੀ ਸਰਕਾਰ ਦਾ ਸੱਤਾ ਵਿਚ ਦੁਬਾਰਾ ਆਉਣਾ ਅਸੰਭਵ ਹੈ। ਉਹ ਅਜੇ ਇਹ ਤਾਂ ਨਹੀਂ ਕਹਿ ਸਕਦੇ ਕਿ ਕਿਹੜੀ ਪਾਰਟੀ ਨੂੰ ਅਗਲੀਆਂ ਚੋਣਾਂ ਵਿਚ ਕਿੰਨੀਆਂ ਵੋਟਾਂ ਮਿਲਣਗੀਆਂ ਪਰ ਇੰਨਾ ਤੈਅ ਹੈ ਕਿ ਲੋਕ ਬਦਲਾਅ ਚਾਹੁੰਦੇ ਹਨ।

ਸਵਾਲ-ਭਾਜਪਾ ਨੇ 2014 ਦੇ ਬਾਅਦ ਲਗਾਤਾਰ ਸੂਬਿਆਂ ਦੀਆਂ ਚੋਣਾਂ ਨੂੰ ਜਿੱਤਿਆ। ਕੀ ਹੁਣ ਉਹ ਦੁਬਾਰਾ ਸੱਤਾ ਵਿਚ ਆਉਣ ਵਿਚ ਸਮਰੱਥ ਨਹੀਂ ਹੋਵੇਗੀ।

ਜਵਾਬ-ਭਾਵੇਂ ਭਾਜਪਾ ਨੇ ਸੂਬਾ ਵਿਧਾਨ ਸਭਾਵਾਂ 'ਤੇ ਕਬਜ਼ਾ ਕੀਤਾ, ਕਿਉਂਕਿ ਸੂਬਿਆਂ ਦੇ ਪ੍ਰਸ਼ਾਸਨਿਕ ਅਧਿਕਾਰੀ ਵਧੇਰੇ ਸਬੰਧਿਤ ਸੂਬਾ ਸਰਕਾਰਾਂ ਦੇ ਦਬਾਅ ਵਿਚ ਰਹਿੰਦੇ ਹਨ ਪਰ ਲੋਕ ਸਭਾ ਦੀਆਂ ਉਪ ਚੋਣਾਂ ਵਿਚ ਭਾਜਪਾ ਨੂੰ ਜ਼ਿਆਦਾ ਸਫਲਤਾ ਹਾਸਲ ਨਹੀਂ ਹੋਈ, ਕਿਉਂਕਿ ਲੋਕ ਸਭਾ ਹਲਕਾ ਕਾਫੀ ਲੰਬਾ ਹੁੰਦਾ ਹੈ ਤੇ ਅਧਿਕਾਰੀਆਂ ਲਈ ਲੋਕ ਸਭਾ ਵਿਚ ਆਉਂਦੇ 9 ਜਾਂ 10 ਵਿਧਾਨ ਸਭਾ ਹਲਕਿਆਂ ਨੂੰ ਮੈਨੇਜ ਕਰਨਾ ਸੌਖਾ ਨਹੀਂ ਸੀ।

ਸਵਾਲ-ਉੱਤਰ ਪ੍ਰਦੇਸ਼ ਵਿਚ ਹਾਲ ਹੀ ਵਿਚ ਸੰਪੰਨ ਹੋਈਆਂ ਲੋਕ ਸਭਾ ਸੀਟਾਂ ਦੀਆਂ ਉਪ ਚੋਣਾਂ ਵਿਚ ਸਮਾਜਵਾਦੀ ਪਾਰਟੀ ਤੇ ਬਸਪਾ ਨੇ ਮਿਲ ਕੇ ਜਿੱਤ ਹਾਸਲ ਕੀਤੀ। ਹੁਣ ਯੂ. ਪੀ. ਦੀ ਹਾਲਤ ਕਿਹੋ ਜਿਹੀ ਹੈ?

ਜਵਾਬ-ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਤੇ ਬਸਪਾ ਨੇ ਭਾਜਪਾ ਨੂੰ ਉਸ ਦੇ ਗੜ੍ਹ ਵਿਚ ਹਰਾਇਆ। ਇਹ ਕਹਿਣਾ ਬਿਲਕੁਲ ਗਲਤ ਹੈ ਕਿ ਮੁਸਲਿਮ ਭਾਈਚਾਰੇ ਦੇ ਲੋਕਾਂ ਕਾਰਨ ਸਪਾ ਤੇ ਬਸਪਾ ਨੂੰ ਜਿੱਤ ਮਿਲੀ ਹੈ। ਸਗੋਂ ਸੱਚਾਈ ਤਾਂ ਇਹ ਹੈ ਕਿ ਹਿੰਦੂਆਂ, ਮੁਸਲਿਮ ਤੇ ਈਸਾਈਆਂ ਤੇ ਹੋਰ ਭਾਈਚਾਰਿਆਂ ਨੇ ਰਲ ਕੇ ਭਾਜਪਾ ਨੂੰ ਹਰਾਇਆ। ਭਾਜਪਾ ਨੂੰ ਹਰਾਉਣ ਵਿਚ ਹਿੰਦੂਆਂ ਨੇ ਵੀ ਅਹਿਮ ਭੂਮਿਕਾ ਅਦਾ ਕੀਤੀ।

ਸਵਾਲ-ਕੀ ਤੁਸੀਂ ਸਮਝਦੇ ਹੋ ਕਿ 2019 ਵਿਚ ਕਾਂਗਰਸ ਨੂੰ ਉੱਤਰ ਪ੍ਰਦੇਸ਼ ਵਿਚ ਸਪਾ ਤੇ ਬਸਪਾ ਨਾਲ ਰਲ ਕੇ ਇਕ ਮੋਰਚਾ ਬਣਾਉਣਾ ਚਾਹੀਦੈ?

ਜਵਾਬ-ਇਸ ਮੁੱਦੇ ਨੂੰ ਲੈ ਕੇ ਅਜੇ ਕਾਫੀ ਉਲਟ ਹਾਲਤ ਚੱਲ ਰਹੀ ਹੈ ਤੇ ਵੱਖ-ਵੱਖ ਵਿਚਾਰ ਸਾਹਮਣੇ ਆ ਰਹੇ ਹਨ ਪਰ ਜੇਕਰ ਜਨਤਾ ਦੇ ਵਿਚਾਰਾਂ ਦੀ ਗੱਲ ਕੀਤੀ ਜਾਵੇ ਤਾਂ ਸਪੱਸ਼ਟ ਹੈ ਕਿ ਉਹ ਚਾਹੁੰਦੀ ਹੈ ਕਿ ਕਾਂਗਰਸ ਨੂੰ ਸਪਾ ਤੇ ਬਸਪਾ ਨਾਲ ਰਲ ਕੇ ਇਕ ਸਾਂਝਾ ਮੋਰਚਾ ਭਾਜਪਾ ਵਿਰੁੱਧ ਬਣਾਉਣਾ ਪਵੇਗਾ। ਇਸ ਨਾਲ ਭਾਜਪਾ ਨੂੰ ਕਰਾਰੀ ਸਿਆਸੀ ਸੱਟ ਮਾਰੀ ਜਾ ਸਕਦੀ ਹੈ।

**ਸਵਾਲ-ਕਾਂਗਰਸ ਨੂੰ ਸਪਾ ਤੇ ਬਸਪਾ ਨਾਲ ਮਿਲਾਉਣ ਦਾ ਫੈਸਲਾ ਕਦੋਂ ਤਕ ਹੋਵੇਗਾ?**

ਜਵਾਬ-ਇਹ ਫੈਸਲਾ ਤਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵਲੋਂ ਲਿਆ ਜਾਣਾ ਹੈ ਪਰ ਅਜਿਹੇ ਫੈਸਲੇ ਅਕਸਰ ਚੋਣਾਂ ਦੇ ਨੇੜੇ ਹੀ ਹੁੰਦੇ ਹਨ।

**ਸਵਾਲ-ਉੱਤਰ ਪ੍ਰਦੇਸ਼ ਵਿਚ ਜੇਕਰ ਕਾਂਗਰਸ ਸਪਾ ਤੇ ਬਸਪਾ ਨਾਲ ਆਪਸ ਵਿਚ ਰਲ ਕੇ ਮੋਰਚਾ ਬਣਾਉਂਦੇ ਹਨ ਤਾਂ ਕਿੰਨੀਆਂ ਲੋਕ ਸਭਾ ਦੀਆਂ ਸੀਟਾਂ 2019 ਵਿਚ ਜਿੱਤ ਸਕਣਗੇ?**

ਜਵਾਬ-ਮੇਰਾ ਨਿੱਜੀ ਅੰਦਾਜ਼ਾ ਹੈ ਕਿ ਜੇਕਰ ਕਾਂਗਰਸ, ਸਪਾ ਤੇ ਬਸਪਾ ਰਲ ਕੇ ਚੋਣਾਂ ਲੜਨ ਤਾਂ ਭਾਜਪਾ ਉੱਤਰ ਪ੍ਰਦੇਸ਼ ਵਿਚ 2 ਸੀਟਾਂ ਵੀ ਨਹੀਂ ਜਿੱਤ ਸਕੇਗੀ। ਭਾਜਪਾ ਦਾ ਪੂਰੀ ਤਰ੍ਹਾਂ ਨਾਲ ਸਫਾਇਆ ਹੋ ਜਾਏਗਾ।

**ਸਵਾਲ-ਗੋਰਖਪੁਰ ਤੇ ਫੂਲਪੁਰ ਲੋਕ ਸਭਾ ਦੀਆਂ ਸੀਟਾਂ ਨੂੰ ਜਿੱਤਣ ਮਗਰੋਂ ਹੁਣ ਉੱਤਰ ਪ੍ਰਦੇਸ਼ ਵਿਚ ਸਿਆਸੀ ਹਾਲਾਤ ਕਿਹੋ ਜਿਹੇ ਹਨ?**

ਜਵਾਬ-ਗੋਰਖਪੁਰ ਤੇ ਫੂਲਪੁਰ ਵਿਚ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੂੰ ਉਨ੍ਹਾਂ ਦੇ ਗੜ੍ਹਾਂ ਵਿਚ ਬੁਰੀ ਤਰ੍ਹਾਂ ਹਰਾਉਣ ਮਗਰੋਂ ਹੁਣ ਮੁੱਖ ਮੰਤਰੀ ਯੋਗੀ ਵੀ ਬੜੇ ਡਰੇ ਹੋਏ ਹਨ। ਉਨ੍ਹਾਂ ਵਿਚ ਡਰ ਦੀ ਇਹ ਭਾਵਨਾ ਦੇਖੀ ਜਾ ਰਹੀ ਹੈ ਉਹ ਵੀ 2019 ਦੀਆਂ ਆਮ ਚੋਣਾਂ ਨੂੰ ਲੈ ਕੇ ਬੜੇ ਚਿੰਤਤ ਹੋ ਗਏ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਜੇਕਰ ਵਿਰੋਧੀ ਧਿਰ ਇਕੱਠੀ ਹੋ ਗਈ ਤਾਂ ਭਾਜਪਾ ਦਾ ਯੂ. ਪੀ. ਵਿਚ ਸਫਾਇਆ ਕਰਨ ਤੋਂ ਕੋਈ ਨਹੀਂ ਰੋਕ ਸਕਦਾ।

**ਸਵਾਲ-ਕੇਂਦਰ ਵਿਚ ਭਾਜਪਾ ਨੂੰ ਸੱਤਾ ਆਉਣ ਤੋਂ ਰੋਕਣ ਲਈ ਕੀ ਪੂਰੇ ਦੇਸ਼ ਵਿਚ ਵਿਰੋਧੀ ਧਿਰ ਨੂੰ ਇਕ ਪਲੇਟਫਾਰਮ 'ਤੇ ਲਿਆਉਣ ਦੀ ਲੋੜ ਤੁਸੀਂ ਮਹਿਸੂਸ ਨਹੀਂ ਕਰਦੇ?**

ਜਵਾਬ-ਇਹ ਸਹੀ ਹੈ ਕਿ ਭਾਜਪਾ ਨੂੰ ਕੇਂਦਰ ਵਿਚ ਸੱਤਾ ਵਿਚ ਆਉਣ ਤੋਂ ਰੋਕਣ ਲਈ ਸਮੁੱਚੀ ਵਿਰੋਧੀ ਧਿਰ ਨੂੰ ਕਾਂਗਰਸ ਦੀ ਅਗਵਾਈ ਵਿਚ ਇਕ ਪਲੇਟਫਾਰਮ 'ਤੇ ਇਕੱਠਾ ਹੋਣਾ ਚਾਹੀਦਾ ਹੈ। ਭਾਜਪਾ ਵੀ ਕਾਂਗਰਸ ਨੂੰ ਤਿੱਖੀਆਂ ਨਜ਼ਰਾਂ ਨਾਲ ਦੇਖ ਰਹੀ ਹੈ।

**ਸਵਾਲ-ਮੋਦੀ ਤੇ ਅਮਿਤ ਸ਼ਾਹ ਵੀ ਕੇਂਦਰ ਵਿਚ ਬਣੇ ਰਹਿਣ ਲਈ ਜੋੜ-ਤੋੜ ਜ਼ਰੂਰ ਕਰਨਗੇ? ਉਨ੍ਹਾਂ ਕੋਲ ਅਜੇ ਇਕ ਸਾਲ ਦਾ ਸਮਾਂ ਬਾਕੀ ਹੈ?**

ਜਵਾਬ-ਇਹ ਸਹੀ ਹੈ ਕਿ ਮੋਦੀ ਸਰਕਾਰ ਨੂੰ ਪਤਾ ਹੈ ਕਿ ਜਨਤਾ ਉਸ ਨਾਲ ਨਾਰਾਜ਼ ਹੈ ਤੇ ਮੌਜੂਦਾ ਸਮੇਂ ਵਿਚ ਚੋਣ ਹੋਣ ਨਾਲ ਉਹ ਮੁੜ ਸੱਤਾ ਵਿਚ ਨਹੀਂ ਆ ਸਕਦੇ।ਇਸ ਲਈ ਮੋਦੀ ਸਰਕਾਰ ਵਲੋਂ ਜੋੜ-ਤੋੜ ਕਰਕੇ ਜਾਂ ਤਾਂ ਅਯੁੱਧਿਆ ਵਿਚ ਸ਼੍ਰੀਰਾਮ ਮੰਦਰ ਦੇ ਮੁੱਦੇ ਨੂੰ ਲੈ ਕੇ ਸਿਆਸਤ ਖੇਡੀ ਜਾਵੇਗੀ ਜਾਂ ਫਿਰ ਦੇਸ਼ ਵਿਚ ਜੰਗ ਦਾ ਡਰ ਪੈਦਾ ਕੀਤਾ ਜਾਵੇਗਾ। ਵੋਟਾਂ ਦੇ ਧਰੁਵੀਕਰਨ ਜਾਂ ਜੰਗ ਨਾਲ ਹੀ ਮੋਦੀ ਖੁਦ ਨੂੰ ਬਚਾਉਣ ਦੀ ਕੋਸ਼ਿਸ਼ ਕਰਨਗੇ।

**ਸਵਾਲ-ਰਾਹੁਲ ਗਾਂਧੀ ਦੇ ਕਾਂਗਰਸ ਪ੍ਰਧਾਨ ਬਣਨ ਮਗਰੋਂ ਪ੍ਰਦੇਸ਼ ਵਿਚ ਪਾਰਟੀ ਦੀ ਹਾਲਤ ਕਿਹੋ ਜਿਹੀ ਹੈ?**

ਜਵਾਬ-ਰਾਹੁਲ ਗਾਂਧੀ ਨੌਜਵਾਨ ਹਨ ਤੇ ਉਹ ਪਾਰਟੀ ਨੂੰ ਉਪਰ ਲਿਜਾਣ ਵਿਚ ਸਮਰਥ ਹਨ। ਰਾਹੁਲ ਦੇ ਪ੍ਰਧਾਨ ਮਗਰੋਂ ਨੌਜਵਾਨਾਂ ਵਿਚ ਆਸ ਦੀ ਕਿਰਨ ਜਾਗੀ ਹੈ। ਰਾਹੁਲ ਗਾਂਧੀ ਦਾ ਵਿਜ਼ਨ ਦੇਸ਼ ਨੂੰ ਆਰਥਿਕ ਵਿਕਾਸ ਤੇ ਖੁਸ਼ਹਾਲੀ ਵੱਲ ਲਿਜਾਣਾ ਹੈ। ਹੁਣ ਤਾਂ ਜਨਤਾ ਨੇ ਖੁਦ ਹੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਦੇਸ਼ ਵਿਚ ਸ਼ਾਸਨ ਤੇ ਸਰਕਾਰ ਕੇਵਲ ਕਾਂਗਰਸ ਹੀ ਸਹੀ ਢੰਗ ਵਿਚ ਚਲਾਉਣ ਵਿਚ ਸਮਰੱਥ ਹੈ।ਜਦੋਂ ਜਨਤਾ ਦੇ ਅਜਿਹੇ ਵਿਚਾਰ ਬਣ ਜਾਣ ਤਾਂ ਕੇਂਦਰ ਵਿਚ ਸੱਤਾ ਤਬਦੀਲੀ ਜ਼ਰੂਰ ਹੋ ਜਾਂਦੀ ਹੈ। ਜਨਤਾ ਅੰਦਰ ਮੋਦੀ ਸਰਕਾਰ ਨੂੰ ਲੈ ਕੇ ਗੁੱਸਾ ਹੈ। ਪਹਿਲਾਂ ਮੋਦੀ ਸਰਕਾਰ ਨੇ ਨੋਟੀਬੰਦੀ ਲਾਗੂ ਕੀਤੀ ਤੇ ਫਿਰ ਜੀ. ਐੱਸ. ਟੀ. ਨੂੰ ਲਾਗੂ ਕੀਤਾ। ਇਸ ਨਾਲ ਆਰਥਿਕ ਵਿਕਾਸ ਦੀ ਦਰ ਨੂੰ ਬ੍ਰੇਕਾਂ ਲੱਗ ਗਈਆਂ ਹਨ।

**ਸਵਾਲ-ਤੁਸੀਂ ਚਾਰ ਸਾਲ ਦੀ ਮੋਦੀ ਸਰਕਾਰ ਦੀ ਕਾਰਗੁਜ਼ਾਰੀ ਦਾ ਕਿਵੇਂ ਮੁਲਾਂਕਣ ਕਰਦੇ ਹੋ?**

ਜਵਾਬ-ਮੋਦੀ ਸਰਕਾਰ ਦੇ ਜ਼ਿਆਦਾ ਮੰਤਰੀ ਵੀ ਖੁਸ਼ ਨਹੀਂ। ਪ੍ਰਧਾਨ ਮੰਤਰੀ ਮੋਦੀ ਨੇ ਅਫਸਰਸ਼ਾਹੀ ਰਾਹੀਂ ਸ਼ਿਕੰਜਾ ਕੱਸਣ ਦੀਆਂ ਕੋਸ਼ਿਸ਼ਾਂ ਕੀਤੀਆਂ। ਮੋਦੀ ਤੇ ਅਮਿਤ ਸ਼ਾਹ ਦੇ ਕਾਰਨ ਭਾਜਪਾ ਦੇ ਆਗੂਆਂ ਵਿਚ ਵੀ ਦਬਾਅ ਦੇਖਣ ਨੂੰ ਮਿਲ ਰਿਹਾ ਹੈ। ਪਿਛਲੇ ਚਾਰ ਸਾਲਾਂ ਦੇਸ਼ ਵਿਚ ਡਰ ਤੇ ਡਰਾਉਣ- ਧਮਕਾਉਣ ਤੇ ਡੰਡੇ ਦੀ ਸਿਆਸਤ ਮੋਦੀ ਸਰਕਾਰ ਨੇ ਚਲਾਈ ਜਿਸ ਕਾਰਨ ਲੋਕਾਂ ਵਿਚ ਭਾਰੀ ਗੁੱਸਾ ਹੈ ਤੇ ਉਹ ਤਬਦੀਲੀ ਚਾਹੁੰਦੇ ਹਨ। ਰਾਹੁਲ ਗਾਂਧੀ ਵਿਚ ਪ੍ਰਧਾਨ ਮੰਤਰੀ ਬਣਨ ਦੇ ਪੂਰੇ ਗੁਣ ਮੌਜੂਦ ਹਨ। ਰਾਹੁਲ ਤੇ ਸੋਨੀਆ ਰਲ ਕੇ ਧਰਮ ਨਿਰਪੱਖ ਸ਼ਕਤੀਆਂ ਨੂੰ ਇਕ ਕਰਨਗੇ ਤੇ ਕੇਂਦਰ ਵਿਚ 2019 ਵਿਚ ਯੂ. ਪੀ. ਏ. ਦੀ ਸਰਕਾਰ ਬਣੇਗੀ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

## ਗੀਤ-ਸੰਗੀਤ ਦੀ ਦੁਨੀਆ

# ਲੱਚਰ ਗੀਤਾਂ ਰਾਹੀਂ ਪੰਜਾਬ ਦੀ ਜਵਾਨੀ ਨੂੰ ਜ਼ਹਿਰ ਵੇਚ ਰਹੇ ਕਲਾਕਾਰ

## ਫੁਕਰੇ ਗਾਇਕ ਤਬਾਹ ਕਰ ਰਹੇ ਨੇ ਪੰਜਾਬੀ ਸਭਿਆਚਾਰ



**ਕਲਾਕਾਰ ਨੂੰ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ। ਜਦ ਸ਼ੀਸ਼ਾ ਹੀ ਧੁੰਦਲਾ ਪੈ ਜਾਵੇ ਤਾਂ ਉਸ ਦੀ ਸਫ਼ਾਈ ਕਰਨੀ ਲਾਜ਼ਮੀ ਹੋ ਜਾਂਦੀ ਹੈ। ਇਸੇ ਤਰ੍ਹਾਂ ਪੰਜਾਬੀ ਗਾਇਕੀ ਖੇਤਰ ਵਿਚ ਅਜੋਕੇ ਸਮੇਂ ਲੱਚਰਤਾ ਨੂੰ ਸਾਫ਼ ਕਰਨ ਦੀ ਸਖ਼ਤ ਲੋੜ ਹੈ...**

**ਮਨਜਿੰਦਰ ਸਿੰਘ ਸਰੌਦ**

ਅਜੋਕੇ ਗਾਇਕ ਆਪਣੀ ਗਾਇਕੀ ਰਾਹੀਂ ਸੋਸ਼ਲ ਸਾਈਟਾਂ ਜਿਵੇਂ ਵ੍ਹਟਸਐਪ, ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਆਦਿ ਨੂੰ ਵੀ ਗਲਤ ਢੰਗ ਨਾਲ ਆਪਣੇ ਗੀਤਾਂ ਵਿਚ ਪੇਸ਼ ਕਰ ਰਹੇ ਹਨ, ਜਿਵੇਂ ਕਿ 'ਚੋਰੀ-ਚੋਰੀ ਫੋਟੋ' ਤੇਰੀ ਨਿੱਤ ਵੇਖੀਦੀ ਫੇਸਬੁੱਕ 'ਤੇ ਸੋਹਣਿਆਂ ਯਾਰਾ', 'ਤੂੰ ਤਾਂ ਫੇਸਬੁੱਕ ਤੋਂ ਬਲਾਕ ਕੀਤਾ ਏ' 'ਜੀਹਦੇ ਕਰਕੇ ਯਾਰੀ ਟੁੱਟ ਗਈ ਵ੍ਹਟਸ-ਐਪ ਨਾ ਹੁੰਦਾ' ਆਦਿ ਗੀਤ ਰੋਜ਼ ਦਿਨ ਚੜ੍ਹਦੇ ਨਾਲ ਸੁਣਨ ਨੂੰ ਮਿਲ ਰਹੇ ਹਨ। ਜੋ ਇਹ ਗਾਇਕ ਆਪਣੇ ਗੀਤਾਂ ਵਿਚ ਵਿਖਾਉਂਦੇ ਨ ਉਹ ਹੀ ਸਾਡੀ ਨੌਜਵਾਨ ਪੀੜ੍ਹੀ ਕਰ ਰਹੀ ਹੈ। ਜਦ ਕਿ ਇਹ ਪਿਆਰ, ਮੁਹੱਬਤ ਤੇ ਇਸ਼ਕ ਸਭ ਕਿਤਾਬਾਂ ਕਹਾਣੀਆਂ ਅਤੇ ਫਿਲਮਾਂ ਵਿਚ ਹੀ ਚੰਗਾ ਲੱਗਦਾ ਹੈ, ਹਕੀਕਤ ਵਿਚ ਬਹੁਤ ਘੱਟ ਪ੍ਰਵਾਨ ਚੜ੍ਹਦਾ ਹੈ। ਦੂਜਾ ਪੱਖ ਵਾਚੀਏ ਤਾਂ ਲੱਚਰਤਾ, ਹਿੰਸਾ ਅਤੇ ਅਸ਼ਲੀਲ ਗੀਤਾਂ ਨੂੰ ਪਹਿਲ ਦੇ ਕੇ ਆਪਣੀ ਗਾਇਕੀ ਨੂੰ ਗੁਣੀਏ ਵਿਚ ਕਰਨ ਦੀਆਂ ਸਿਰ ਤੋੜ ਕੋਸ਼ਿਸ਼ਾਂ ਕਰਨ ਤੇ ਕਲਾਕਾਰੀ ਨੂੰ ਵਪਾਰਕ ਹਿੱਤਾਂ ਦੀ ਭੇਟ ਚਾੜ੍ਹਦਿਆਂ ਕਈਆਂ ਨੇ ਸੱਭਿਅਤਾ ਦੀ ਚਿੱਟੀ ਚਾਦਰ ਨੂੰ ਤਾਰ-ਤਾਰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਰੁਪਈਆਂ ਦੇ ਸਹਾਰੇ 'ਤੇ ਸੱਭਿਅਤਾ ਦੀ ਸੜਕ ਪਾਰ ਕਰਦੇ ਇਨ੍ਹਾਂ ਅਖੌਤੀ ਗਵੱਈਆਂ ਦੇ ਗੀਤਾਂ 'ਤੇ ਵੀ ਜ਼ਰਾ ਝਾਤੀ ਮਾਰੀਏ।

'ਨੱਢੀਏ ਤੇਰੇ ਲਈ ਹਿੱਟ ਹੋਣ ਵਾਸਤੇ ਗੁੱਡੀਆਂ ਘਸਾਤੀਆਂ ਮੈਂ ਫੋਰਡ ਦੀਆਂ', 'ਜੱਟ ਅਸਲੇ ਦੇ ਜ਼ੋਰ 'ਤੇ ਵਿਆਹੁਣੀ ਜਾਣਦਾ', 'ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ ਜੱਟ ਉਸ ਪਿੰਡ ਨੂੰ ਬਿਲੌਂਗ ਕਰਦਾ' ਅਤੇ ਕਈ ਚਾਚੀਆਂ, ਭੂਆ ਦੇ ਗੀਤ ਗਾਉਣ ਵਾਲਿਆਂ ਕਲਾਕਾਰਾਂ ਵੱਲੋਂ 'ਐਨਟੀਨਾ', 'ਜੇ ਦੋ ਚਾਰ ਗੱਭਰੂ ਹਲਾਕ ਕੀਤੇ ਨਾ' ਵਰਗੇ ਗੀਤਾਂ ਨਾਲ ਹਾਜ਼ਰੀ ਲਵਾਈ। 'ਜੇਲ੍ਹਾਂ ਵਿਚੋਂ ਫੋਨ ਆਉਣਗੇ', 'ਪਿੰਡ ਪਿਆ ਸਾਰਾ ਗੈਂਗਲੈਂਡ ਬਣਿਆ' ਅਤੇ 'ਪਰਚਾ ਹੋਇਐ ਕੱਲ੍ਹ ਛੱਪੀ ਦਾ' ਆਦਿ ਗੀਤਾਂ ਨੇ ਪੰਜਾਬ ਦੀ ਜੁਆਨੀ ਨੂੰ ਅਪਰਾਧ, ਨਸ਼ੇ ਅਤੇ ਲੱਚਰਤਾ ਦੇ ਵਿਚ ਉਲਝਾਈ ਰੱਖਿਆ ਹੈ।



ਪ੍ਰੋਫੈਸਰ ਧਰੇਨਵਾਰ ਰਾਓ ਨੇ ਲੱਚਰਤਾ, ਹਿੰਸਾ ਤੇ ਔਰਤਾਂ ਦੀ ਬੇਇੱਜ਼ਤੀ ਕਰ ਰਹੇ ਗਾਇਕਾਂ ਦੇ ਖ਼ਿਲਾਫ਼ ਝੰਡਾ ਚੁੱਕਿਆ

ਚੰਗੇ ਫਿਲਾਸਫਰ ਪਿਆਰ-ਇਸ਼ਕ ਨੂੰ ਜ਼ਹਿਰੀ ਨਾਗ ਆਪ ਆਪਣੀ ਸਮਝ ਦਾ ਤਕਾਜ਼ਾ ਪੇਸ਼ ਕਰਦੇ ਨੇ। ਅੱਜ ਦੀਆਂ ਬਹੁਤੀਆਂ ਧੀਆਂ ਇਸ ਅਵੱਲੜੀ ਪੀੜ ਤੋਂ ਪੀੜਤ ਨੇ, ਉਨ੍ਹਾਂ ਦੀ ਪੀੜ ਨੂੰ ਸੁਣਨਾ ਤੇ ਸਮਝਣਾ ਕਿਸੇ ਦੇ ਵੱਸ ਵਿਚ ਨਹੀਂ, ਪਰ ਉਹ ਰਾਤਾਂ ਨੂੰ ਉੱਠ-ਉੱਠ ਕੇ ਰੋਣ ਤੋਂ ਬਾਅਦ ਕੀ ਪਤੈ ਕਿੱਦਾਂ ਦੇ ਸੁਪਨੇ ਸੰਜੋਦੀਆਂ ਨੇ। ਸੱਸੀ, ਹੀਰ ਤੇ ਸਹਿਤੀ ਦੀਆਂ ਬਾਤਾਂ ਤਾਂ ਗੀਤਾਂ ਤੇ ਕਾਗਜ਼ਾਂ 'ਤੇ ਹੀ ਸੁਹੰਦੀਆਂ ਨੇ, ਅਸਲ ਜ਼ਿੰਦਗੀ ਵਿਚ ਨਹੀਂ। ਇਨ੍ਹਾਂ ਵਿਚਾਰੀਆਂ ਨੂੰ ਕੀ ਪਤਾ ਹੈ ਕਿ ਉਨ੍ਹਾਂ ਐਸਾ ਬੂਹਾ ਢੋਅ ਲਿਆ ਹੈ ਜਿਸ ਕਾਰਨ ਸਾਰੇ ਬੂਹੇ ਬੰਦ ਹੋ ਚੁੱਕੇ ਨੇ। ਕਈ ਜਗ੍ਹਾ ਸਥਿਤੀ ਬਦਲਵੀਂ ਹੁੰਦੀ ਐ। ਉੱਥੇ ਹਾਲੋਂ ਬੇਹਾਲ ਲੜਕਾ ਵੀ ਹੁੰਦੇ ਹਨ। ਕਹਿਣ ਤੋਂ ਭਾਵ ਚਾਰੇ ਕੂੰਟਾਂ ਹਨੇਰਾ ਹੀ ਹਨੇਰਾ ਹੈ। ਅਜੋਕੀ ਗਾਇਕੀ ਵਿਚ ਜਦੋਂ ਕੁੜੀਆਂ ਦੇ ਕੱਦ ਦੀ ਤੁਲਨਾ 'ਪਊਏ' ਜਾਂ ਫਿਰ 'ਪੰਜ ਫੁੱਟੀ ਤਲਵਾਰ' ਆਖ ਕੇ ਕੀਤੀ ਜਾਂਦੀ ਹੋਵੇ, ਉੱਥੇ ਕਿਸੇ ਕ੍ਰਿਸ਼ਮੇ ਦੀ ਆਸ ਵੀ ਨਾਮੁਮਕਿਨ ਹੈ। ਜਦ ਚਿੱਟੇ ਦਿਨ ਕੁੜੀਆਂ ਨੂੰ ਗੀਤਾ ਵਿਚ ਗਲਤ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਤਾਂ ਲੱਚਰਤਾ ਦੇ ਇਹ ਵਪਾਰੀ ਗਾਉਂਦੇ ਨ ਕਿ 'ਤੂੰ ਤਾਂ ਚਿੱਟੇ ਤੋਂ ਵੀ ਮਾੜੀ ਨਿਕਲੀ' ਤਾਂ ਅਜਿਹੇ ਵਿਚ ਪੰਜਾਬੀ ਦੀ ਜਵਾਨੀ ਨੂੰ ਇਨ੍ਹਾਂ ਗਲਤ ਰਾਹਾਂ ਤੋਂ ਰੋਕਣਾ ਹੋਰ ਮੁਸ਼ਕਲ ਕੰਮ ਹੋ ਜਾਂਦਾ ਹੈ।

ਮੈਨੂੰ ਡੇਢ ਦਹਾਕਾ ਕਲਾਕਾਰਾਂ ਬਾਰੇ ਲਿਖਦੇ ਹੋ ਗਿਆ ਹੈ ਜੇ ਸਭ ਤੋਂ ਜ਼ਿਆਦਾ ਕਿਸੇ ਚੀਜ਼ ਨੇ ਪ੍ਰਭਾਵਿਤ ਤੇ ਹੈਰਾਨ ਕੀਤਾ ਤਾਂ ਉਹ ਅੱਜ ਵੀ ਗਾਇਕੀ ਹੈ ਜੋ ਸਾਡੀ ਜਵਾਨੀ ਨੂੰ ਹਨੇਰੇ ਖੂਹ ਵਿਚ ਸੁੱਟ ਰਹੀ ਹੈ ਤੇ ਕੁੜੀਆਂ ਨੂੰ ਮਜ਼ਾਕ ਸਮਝ ਰਹੀ ਏ ਪਰ ਸਾਡੀ ਚੁੱਪ ਕਿਉਂ ਨਹੀਂ ਟੁੱਟ ਰਹੀ। ਸਾਹਿਤਕ ਲੋਕਾਂ ਤੇ ਸਰਕਾਰ ਨੂੰ ਵੀ ਪਹਿਲ ਕਰਨ ਦੀ ਸਖ਼ਤ ਲੋੜ ਹੈ। ਜਿੱਥੇ ਕਲਾਕਾਰ ਨੂੰ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ ਜਦ ਉਹੀ ਧੁੰਦਲਾ ਪੈ ਜਾਵੇ, ਤਾਂ ਉਸ ਦੀ ਸਫ਼ਾਈ ਜ਼ਮੀਰ ਨੂੰ ਜਗਾ ਕੇ ਹੀ ਕੀਤੀ ਜਾ ਸਕਦੀ ਹੈ। ਬਹੁਤ ਕੁਝ ਆਖ ਕੇ ਅੰਤ ਉਸ ਗੀਤ ਦੀਆਂ ਤੁਕਾਂ ਫਿਰ ਯਾਦ ਆਉਂਦੀਆਂ ਕਿ 'ਤੂੰ ਇਸ਼ਕ-ਇਸ਼ਕ ਨਾ ਕਰਿਆ ਕਰ, ਤੇਰੀ ਮੱਤ ਕਿਉਂ ਮਾਰੀ ਗਈ ਨੀ', ਜੇ ਅਸੀਂ ਜ਼ਿੰਦਗੀ ਦਾ ਅਸਲ ਮਕਸਦ ਭਾਲਦੇ ਹਾਂ ਤਾਂ ਸਾਡੀ ਜਵਾਨੀ ਨੂੰ ਸਹੀ ਤੇ ਗ਼ਲਤ ਦੀ ਪਛਾਣ ਕਰਨੀ ਹੀ ਹੋਵੇਗੀ। ਜੋ ਅੱਜਕੱਲ੍ਹ ਦੇ ਸਮੇਂ ਦੀ ਲੋੜ ਵੀ ਹੈ।

ਉਸ ਤੋਂ ਵੀ ਸਿਤਮ ਭਰੀ ਗੱਲ ਇਹ ਹੋਈ ਕਿ ਮਾੜੀ ਗਾਇਕੀ ਦੇ ਇਸ ਘਟੀਆ ਵਰਤਾਰੇ ਵਿਰੁੱਧ ਜਿੱਥੇ ਇੱਕ ਵੱਖਰੀ ਬੋਲੀ ਤੇ ਦੂਜੇ ਸੂਬੇ ਦੇ ਪ੍ਰੋਫੈਸਰ ਧਰੇਨਵਾਰ ਰਾਓ ਨੇ ਲੱਚਰਤਾ, ਹਿੰਸਾ ਤੇ ਔਰਤਾਂ ਦੀ ਬੇਇੱਜ਼ਤੀ ਕਰ ਰਹੇ ਗੀਤਾਂ ਤੇ ਗਾਇਕਾਂ ਦੇ ਖ਼ਿਲਾਫ਼ ਝੰਡਾ ਚੁੱਕਿਆ, ਉੱਥੇ ਦੂਜੇ ਪਾਸੇ ਕਈ ਔਰਤ ਕਲਾਕਾਰਾਂ ਨੇ ਸ਼ਰਮ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਅਜਿਹੀਆਂ ਖੱਬਲਵਾਦੀਆਂ ਮਾਰ ਦਿੱਤੀਆਂ ਜੋ ਜੁਆਨੀ ਦਾ ਕਦੇ ਵੀ ਕੁਝ ਸੁਆਰ ਨਹੀਂ ਸਕਦੀਆਂ। ਹੋਰ ਤਾਂ ਹੋਰ ਉਨ੍ਹਾਂ ਨੇ ਆਪਣੇ ਗੀਤਾਂ ਰਾਹੀਂ ਆਪਣੀ ਹੀ ਹੋਂਦ ਨੂੰ ਪੈਦਾ ਹੋਏ ਖ਼ਤਰੇ ਵਿਚ ਸਹਾਈ ਹੋ ਰਹੇ ਇਨ੍ਹਾਂ ਗੀਤਾਂ ਨੂੰ ਮਾਣਤਾ ਦੇ ਦਿੱਤੀ। ਜਿੱਥੇ ਵਧੀਆ ਗੀਤ ਕੁਝ ਚੰਗੇ ਦੀ ਉਮੀਦ 'ਤੇ ਖਰੇ ਉਤਰਦੇ ਨਜ਼ਰ ਆਏ ਪਰ ਨਾਲ ਦੀ ਨਾਲ ਮਾੜਿਆਂ ਨੇ ਹਿੰਸਾ, ਲੱਚਰਤਾ ਤੇ ਨਸ਼ੇ ਨੂੰ ਹੱਲਾਸ਼ੇਰੀ ਦੇਣ ਵਿਚ ਕੋਈ ਕਸਰ ਨਹੀਂ ਛੱਡੀ। ਕਈ ਵਿਆਹਾਂ ਵਿਚ ਹਿੰਸਾ ਭਰਪੂਰ ਜਿਵੇਂ 'ਜੱਟ ਫਾਇਰ ਕਰਦਾ', 'ਮੇਰੇ ਵਿਚ ਬੋਲੇ ਬਿੱਲੋ 32 ਬੋਰ ਦਾ', 'ਮਿੱਤਰਾਂ ਨੂੰ ਸ਼ੌਂਕ ਗੋਲੀਆਂ ਚਲਾਉਣ ਦਾ' ਆਦਿ ਗੀਤਾਂ ਦੀ ਬਦੌਲਤ ਬਹੁਤ ਸਾਰੀਆਂ ਮਾਸੂਮ ਤੇ ਅਭਾਗੀਆਂ ਜਿੰਦਾਂ ਨੂੰ ਜਾਨ ਤੋਂ ਹੱਥ ਧੋਣੇ ਪਏ। ਉਸ ਸੂਬੇ ਜਾਂ ਦੇਸ ਦੇ ਸਮਾਜ ਨੇ ਅਗਾਂਹ ਕੀ ਤਰੱਕੀ ਕਰਨੀ ਹੋਈ ਜਿੱਥੋਂ ਦਾ ਗੀਤ ਸੰਗੀਤ ਹੀ ਲੋਕਾਂ ਦਾ ਕਾਤਲ ਬਣ ਜਾਵੇ। ਇਉਂ ਲੱਗਦਾ ਹੈ ਕਿ ਸਾਡੀ ਨਵੀਂ ਪਨੀਰੀ ਵਿਚ ਇਹ ਸਭ ਕੁਝ ਨੂੰ ਇੱਕ ਨਵੀਂ ਕਹਾਣੀ ਸਮਝ ਇਸ ਰਸਤੇ 'ਤੇ ਤੁਰਦੀ ਜਾ ਰਹੀ ਹੈ।

# ਕੈਨੇਡੀਅਨ ਸਿਨੇਮਾ ਵਿਚ ਚਮਕਦਾ ਪੰਜਾਬੀ ਸਿਤਾਰਾ

**ਟੋਰਾਂਟੋ/ਬਿਊਰੋ ਨਿਊਜ਼:** ਕੈਨੇਡਾ ਦੀ ਧਰਤੀ 'ਤੇ ਪੰਜਾਬੀ ਲੋਕਾਂ ਦੀ ਆਮਦ ਤਕਰੀਬਨ ਇੱਕ ਸਦੀ ਪੁਰਾਣੀ ਹੈ ਅਤੇ ਅੱਜ ਵਪਾਰ ਤੋਂ ਲੈ ਕੇ ਰਾਜਨੀਤੀ ਤਕ ਪੰਜਾਬੀ ਇੱਥੇ ਪੂਰੇ ਸਰਗਰਮ ਹਨ। ਪਰ ਹਾਲੇ ਵੀ ਕਲਾ ਖ਼ਾਸ ਕਰਕੇ ਕੈਨੇਡਾ ਦੇ ਸਿਨਮਾ ਦੇ ਖੇਤਰ ਵਿੱਚ ਸਾਡੀ ਸ਼ਮੂਲੀਅਤ ਨਾਂ-ਮਾਤਰ ਹੈ। ਇਸ ਦੀ ਇੱਕ ਵਜ੍ਹਾ ਸ਼ਾਇਦ ਪਰਵਾਸੀ ਪੰਜਾਬੀਆਂ ਦੀ ਰੁਚੀ ਸਿਰਫ਼ ਰੁਜ਼ਗਾਰ ਪ੍ਰਤੀ ਹੀ ਸੀਮਤ ਹੋਣਾ ਹੈ। ਪਰ ਹੁਣ ਕੁਝ ਲੋਕ ਹਨ ਜਿਨ੍ਹਾਂ ਤੋਂ ਉਮੀਦ ਜਾਗਦੀ ਹੈ ਕਿ ਉਹ ਕੈਨੇਡੀਅਨ ਸਿਨਮਾ ਦੇ ਖੇਤਰ ਵਿਚਲੀ ਸਾਡੀ ਇਸ ਗ਼ੈਰ-ਹਾਜ਼ਰੀ ਨੂੰ ਪੂਰ ਦੇਣਗੇ। ਸਤਿੰਦਰ ਕੱਸੋਆਣਾ ਅਜਿਹਾ ਹੀ ਇੱਕ ਨਾਮ ਹੈ ਜੋ ਕੈਨੇਡਾ ਤੇ ਅੰਗਰੇਜ਼ੀ ਸਿਨਮਾ 'ਤੇ ਆਪਣਾ ਨਾਮ ਦਰਜ ਕਰਾਉਣ ਲਈ ਯਤਨਸ਼ੀਲ ਹੈ।




ਸਤਿੰਦਰ ਕੱਸੋਆਣਾ ਵੱਲੋਂ ਲਿਖੀ 'ਪਰਮਾਨੈਂਟ ਰੈਜ਼ੀਡੈਂਟ' ਫ਼ੀਚਰ ਫ਼ਿਲਮ ਉਸਦੇ ਕਲਾਤਮਕ ਇੰਡੋ-ਕੈਨੇਡੀਅਨ ਪ੍ਰੋਜੈਕਟਾਂ ਵਿੱਚੋਂ ਇੱਕ ਹੈ ਜਿਸ ਦਾ ਐਲਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਮੁੰਬਈ ਫੇਰੀ ਦੌਰਾਨ ਕੀਤਾ। ਕਿਸੇ ਪੰਜਾਬੀ ਪਿਛੋਕੜ ਦੇ ਵਿਅਕਤੀ ਲਈ ਇਹ ਮਾਣ ਦੀ ਗੱਲ ਹੈ, ਖ਼ਾਸ ਕਰਕੇ ਜਦੋਂ ਉਸਦੀ ਫ਼ਿਲਮ ਕਿਸੇ ਕੈਨੇਡੀਅਨ ਕਿਰਦਾਰ 'ਤੇ ਆਧਾਰਿਤ ਨਾ ਹੋ ਕੇ ਇੱਕ ਸਿੱਖ ਅਤੇ ਪੰਜਾਬੀ ਕਿਰਦਾਰ 'ਤੇ ਆਧਾਰਿਤ ਹੋਵੇ।

ਸਤਿੰਦਰ ਦਾ ਜਨਮ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕੱਸੋਆਣਾ ਵਿੱਚ ਹੋਇਆ। ਉਸਦੇ ਬਚਪਨ ਦਾ ਜ਼ਿਆਦਾ ਹਿੱਸਾ ਵੀ ਉੱਥੇ ਹੀ ਬੀਤਿਆ। 2007 ਵਿੱਚ ਕੰਪਿਊਟਰ ਇੰਜਨੀਰਿੰਗ ਵਿੱਚ ਮਾਸਟਰਜ ਲਈ ਉਸਨੂੰ ਕੈਨੇਡਾ ਤੋਂ ਸਕਾਲਰਸ਼ਿਪ ਮਿਲੀ ਤਾਂ ਉਹ ਉੱਥੇ ਚਲਾ ਗਿਆ। ਇਸ ਦੌਰਾਨ ਉਸਨੇ ਕਹਾਣੀ ਲਿਖਣੀ ਸ਼ੁਰੂ ਕੀਤੀ ਅਤੇ ਦੇਖਿਆ ਕੇ ਕਹਾਣੀ ਕਹਿਣ ਦਾ ਸਭ ਤੋਂ ਦਿਲਚਸਪ ਤਰੀਕਾ ਸਿਨਮਾ ਹੈ। ਸੋ, ਉਸਨੇ ਯੂਨੀਵਰਸਿਟੀ ਵਿੱਚ ਹੀ ਫ਼ਿਲਮ ਮੇਕਿੰਗ ਬਾਰੇ ਸਿੱਖਣਾ ਸ਼ੁਰੂ ਕੀਤਾ। ਫਿਰ ਉਹ ਇਸੇ ਪਾਸੇ ਤੁਰ ਪਿਆ।

ਉਸਨੇ 3-4 ਸਾਲ ਪੰਜਾਬੀ ਟੀਵੀ 'ਤੇ ਕੰਮ ਕੀਤਾ। ਇੱਕ ਪੰਜਾਬੀ ਟੀਵੀ ਸ਼ੋਅ ਵੀ ਬਣਾਇਆ ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ। ਇਸ ਦੌਰਾਨ ਹੀ ਉਸਨੇ 2015 ਵਿੱਚ ਪਹਿਲੀ ਫਰੈਂਚ ਸ਼ਾਰਟ ਫ਼ਿਲਮ ਬਣਾਈ ਜਿਸ ਵਿੱਚ ਇੱਕ ਫਰੈਂਚ ਬੋਲਣ ਵਾਲੇ ਸਿੱਖ ਦੀ ਮੁੱਖ ਭੂਮਿਕਾ ਸੀ। ਇਸ ਫ਼ਿਲਮ ਨੇ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲਾਂ ਵਿੱਚ 5 ਵਾਰ ਬਿਹਤਰੀਨ ਫ਼ਿਲਮ ਦੇ ਐਵਾਰਡ ਜਿੱਤੇ। ਇਸ ਫ਼ਿਲਮ ਦਾ ਨਾਂ ਸੀ 'ਬੌਨਜੂਰ ਜੀ' ਜਿਸਦਾ ਪੰਜਾਬੀ ਵਿੱਚ ਮਤਲਬ ਹੁੰਦਾ ਹੈ 'ਹੈਲੋ ਜੀ'। ਇਹ ਫ਼ਿਲਮ ਉਸਦੇ ਨਿੱਜੀ ਤਜਰਬਿਆਂ 'ਤੇ ਆਧਾਰਿਤ ਸੀ। ਇਹ ਉਸ ਨੇ ਹੀ ਲਿਖੀ, ਨਿਰਦੇਸ਼ਤ ਤੇ ਐਡਿਟ ਕੀਤੀ ਸੀ। ਇਹ ਬਹੁਤ ਹੀ ਘੱਟ ਬਜਟ ਦੀ ਸੀ, ਪਰ ਵਿਸ਼ਾ ਚੰਗਾ ਹੋਣ ਕਰਕੇ ਲੋਕਾਂ ਨੇ ਬਹੁਤ ਪਸੰਦ ਕੀਤੀ। ਫ਼ਿਲਮ ਇਹ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ ਜੇਕਰ ਅਸੀਂ ਰੰਗ, ਨਸਲਾਂ, ਧਰਮਾਂ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਬਿਨਾਂ ਕਿਸੇ ਰੰਜਿਸ਼ ਦੇ ਦੂਸਰੇ ਲੋਕਾਂ ਨਾਲ ਵਰਤੀਏ ਤਾਂ ਦੇਖਾਂਗੇ ਕਿ ਉਹ ਵੀ ਸਾਡੇ ਵਰਗੇ ਹੀ ਹਨ।

ਉਸਨੇ 2016 ਵਿੱਚ ਇੱਕ ਲਘੂ ਫ਼ਿਲਮ ਮੁਕਾਬਲਾ ਜਿੱਤਿਆ ਜਿਸ ਵਿੱਚ 400 ਦੇ ਕਰੀਬ ਅੰਗਰੇਜ਼ੀ ਫ਼ਿਲਮਾਂ ਸਨ, ਇਨ੍ਹਾਂ ਵਿੱਚੋਂ 10 ਫ਼ਿਲਮਾਂ ਚੁਣੀਆਂ ਗਈਆਂ। ਇਸ ਨਾਲ ਉਸਨੂੰ ਗ੍ਰਾਂਟ ਮਿਲੀ ਤੇ ਉਸਨੇ ਦੂਸਰੀ ਫ਼ਿਲਮ ਬਣਾਈ ਜਿਸ ਦਾ ਨਾਮ ਸੀ 'ਡੋਂਟ ਵਾਕ ਅਮੰਗ ਦਿ ਡੈੱਡ'। ਇਸ ਫ਼ਿਲਮ ਨੂੰ ਵੀ ਫ਼ਿਲਮ ਮੇਲਿਆਂ ਵਿੱਚ ਚੰਗਾ ਹੁੰਗਾਰਾ ਮਿਲਿਆ। ਹੁਣ ਤਕ ਸਤਿੰਦਰ ਤਿੰਨ ਲਘੂ ਫ਼ਿਲਮਾਂ ਤੇ ਇੱਕ ਦਸਤਾਵੇਜ਼ੀ ਫ਼ਿਲਮ ਬਣਾ ਚੁੱਕਿਆ ਹੈ।

ਫ਼ੀਚਰ ਫ਼ਿਲਮ 'ਪਰਮਾਨੈਂਟ ਰੈਜ਼ੀਡੈਂਟ' ਸਬੰਧੀ ਉਸਨੇ ਦੱਸਿਆ ਕਿ ਨਵੰਬਰ, 2017 ਵਿੱਚ ਇੰਡੀਆ ਵੱਲੋਂ ਇੱਕ ਸਕ੍ਰਿਪਟ ਮੁਕਾਬਲਾ ਕਰਾਇਆ ਗਿਆ ਜਿਸ ਵਿੱਚ ਦੁਨੀਆਂ ਭਰ ਦੇ ਲੇਖਕਾਂ ਨੇ ਆਪਣੀਆਂ ਸਕ੍ਰਿਪਟਸ ਭੇਜੀਆਂ। ਇਹ ਉਹੀ ਮੰਚ ਹੈ ਜਿੱਥੋਂ 'ਕੋਰਟ', 'ਲਾਇਰਜ਼ ਡਾਇਸ', 'ਨਿਊਟਨ' ਆਦਿ ਫ਼ਿਲਮਾਂ ਚੁਣੀਆਂ ਗਈਆਂ ਸਨ ਜੋ ਕਿ ਆਸਕਰ ਐਵਾਰਡ ਲਈ ਭਾਰਤ ਵੱਲੋਂ ਭੇਜੀਆਂ ਗਈਆਂ ਸਨ। 'ਪਰਮਾਨੈਂਟ ਰੈਜ਼ੀਡੈਂਟ' ਦੀ ਸਕ੍ਰਿਪਟ ਵੀ ਉੱਥੇ ਹੀ ਚੁਣੀ ਗਈ। ਇਹ ਫ਼ਿਲਮ ਇੱਕ ਸਿੱਖ ਵਿਦਿਆਰਥੀ ਦੀ ਕਹਾਣੀ ਹੈ ਜੋ ਪੰਜਾਬ ਵਿੱਚੋਂ ਕੈਨੇਡਾ ਪੜ੍ਹਨ ਜਾਂਦਾ ਹੈ ਅਤੇ ਪੱਕੇ ਹੋਣ ਲਈ ਗ਼ਲਤ ਅਤੇ ਗ਼ੈਰ-ਕਾਨੂੰਨੀ ਰਸਤੇ ਅਖ਼ਤਿਆਰ ਕਰਦਾ ਹੈ। ਕੱਸੋਆਣਾ ਦੀਆਂ ਜ਼ਿਆਦਾਤਰ ਕਹਾਣੀਆਂ ਪਰਵਾਸੀਆਂ ਦੇ ਆਸ ਪਾਸ ਹੀ ਘੁੰਮਦੀਆਂ ਹਨ। ਇਹ ਫ਼ਿਲਮ 80 ਫ਼ੀਸਦੀ ਅੰਗਰੇਜ਼ੀ ਤੇ 20 ਫ਼ੀਸਦੀ ਪੰਜਾਬੀ ਵਿੱਚ ਹੈ। ਇਸੇ ਕਰਕੇ ਗੋਆ ਵਿੱਚ ਮੌਜੂਦ ਕੈਨੇਡੀਅਨ ਸਫ਼ਾਰਤਖਾਨੇ ਨੇ ਉਸਦੀ ਕਹਾਣੀ ਸੁਣੀ ਜੋ ਉਨ੍ਹਾਂ ਨੂੰ ਬਹੁਤ ਪਸੰਦ ਆਈ। ਉਨ੍ਹਾਂ ਨੇ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਿਫਾਰਿਸ਼ ਕੀਤੀ ਜਿਨ੍ਹਾਂ ਨੇ ਇਸ ਨੂੰ 'ਇੰਡੋ-ਕੈਨੇਡੀਅਨ ਕੋ-ਵੈਂਚਰ' ਐਲਾਨ ਦਿੱਤਾ। ਇਸ ਫ਼ਿਲਮ ਦੀ ਜਲਦੀ ਹੀ ਸ਼ੂਟਿੰਗ ਸ਼ੁਰੂ ਹੋਏਗੀ।

# ਸਨਾਤਨੀ ਪਰੰਪਰਾ ਕਰਕੇ ਔਰਤਾਂ ਹੰਢਾ ਰਹੀਆਂ ਨੇ ਸੰਤਾਪ

## ਔਰਤਾਂ ਨੂੰ ਮਾਸਿਕ ਧਰਮ ਤੇ ਗਰਭ ਦੌਰਾਨ ਕੱਢ ਦਿੱਤਾ ਜਾਂਦਾ ਏ ਪਿੰਡ ਤੋਂ ਬਾਹਰ

**ਅਨੰਤਪੁਰ/ਬਿਊਰੋ ਨਿਊਜ਼:**
ਆਂਧਰਾ ਪ੍ਰਦੇਸ਼ ਦੇ ਇੱਕ ਪਿੰਡ ਵਿੱਚ ਔਰਤਾਂ ਨੂੰ ਬੱਚੇ ਦੇ ਜਨਮ ਤੋਂ ਬਾਅਦ ਪਹਿਲੇ ਤਿੰਨ ਮਹੀਨਿਆਂ ਦੇ ਲਈ ਅਤੇ ਮਾਹਵਾਰੀ ਦੇ ਦਿਨਾਂ ਵਿੱਚ ਘਰਾਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਹੈ। ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਦੇ ਰੋਲਾ ਮੰਡਲ ਦੇ ਗੰਤਾਹੱਲਾਗੋਟੀ ਪਿੰਡ ਵਿੱਚ ਇਹ ਰਵਾਇਤ ਅੱਜ ਵੀ ਲਗਾਤਾਰ ਜਾਰੀ ਹੈ। ਪਿੰਡ ਵਿੱਚ 120 ਘਰ ਹਨ ਜੋ ਓਰੂਗੋਲਾ ਅਤੇ ਕਾਦੂਗੋਲਾ ਭਾਈਚਾਰਿਆਂ ਨਾਲ ਸੰਬੰਧ ਰੱਖਦੇ ਹਨ। ਮਾਹਵਾਰੀ ਦੇ ਪੰਜ ਦਿਨਾਂ ਵਿਚ ਅਤੇ ਜਨਮ ਦੇਣ ਦੇ ਤਿੰਨ ਮਹੀਨਿਆਂ ਤੋਂ ਬਾਅਦ ਤੱਕ ਔਰਤਾਂ ਨੂੰ ਪਿੰਡ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਹੈ। ਇੱਥੋਂ ਤੱਕ ਕਿ ਸਕੂਲ ਜਾਣ ਵਾਲੀਆਂ ਕੁੜੀਆਂ ਵੀ ਇਸ ਨਿਯਮ ਤੋਂ ਬਚ ਨਹੀਂ ਸਕਦੀਆਂ ਤੇ ਉਨ੍ਹਾਂ ਨੂੰ ਪਿੰਡ ਤੋਂ ਦੂਰ ਤਾੜ ਦੇ ਪੱਤਿਆਂ ਨਾਲ ਬਣੀ ਝੁੱਗੀ ਵਿੱਚ ਰਹਿਣਾ ਅਤੇ ਇਸੇ ਦੌਰਾਨ ਉੱਥੇ ਆਪਣਾ ਖਾਣਾ ਬਣਾਉਣਾ ਪੈਂਦਾ ਹੈ। ਮਾਨਤਾ ਹੈ ਕਿ ਮਾਹਵਾਰੀ ਦੌਰਾਨ ਪੇਂਡੂ ਲੋਕਾਂ ਨੂੰ ਇਨ੍ਹਾਂ ਕੁੜੀਆਂ ਨਾਲ ਬੋਲਣਾ ਜਾਂ ਉਨ੍ਹਾਂ ਨੂੰ ਛੂਹਣਾ ਨਹੀਂ ਚਾਹੀਦਾ। ਜੇ ਕੋਈ ਇਸ ਨਿਯਮ ਦੀ ਉਲੰਘਣਾ ਕਰਦਾ ਹੈ ਤਾਂ ਪਿੰਡ ਵਿੱਚ ਉਸ ਦੇ



ਵੜਨ 'ਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ। ਇਸ ਦੌਰਾਨ ਔਰਤਾਂ ਤੇ ਕੁੜੀਆਂ ਨੂੰ ਕਿਸੇ ਵੀ ਮੰਦਰ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੁੰਦੀ।

ਜਦੋਂ ਕੋਈ ਔਰਤ ਆਪਣੇ ਗਰਭ ਧਾਰਨ ਕਰਨ ਦੇ ਨੌਵੇਂ ਮਹੀਨੇ ਵਿੱਚ ਰਹਿੰਦੀ ਹੈ ਤਾਂ ਤਾੜ ਦੇ ਪੱਤਿਆਂ ਜਾਂ ਬਾਂਸ ਦੀ ਬਣੀ ਇੱਕ ਝੁੱਗੀ ਦੇ ਬਾਹਰ ਬਣਾਈ ਜਾਂਦੀ ਹੈ ਤਾਂ ਜੋ ਡਿਲੀਵਰੀ ਦਾ ਦਿਨ ਨਜ਼ਦੀਕ ਪਹੁੰਚਣ ਦੇ ਨਾਲ ਹੀ ਉਸ ਔਰਤ ਨੂੰ ਉੱਥੇ ਸ਼ਿਫਟ ਕਰ ਦਿੱਤਾ ਜਾਏ। ਡਿਲੀਵਰੀ ਤੋਂ ਬਾਅਦ ਮਾਂ ਅਤੇ ਨਵੇਂ ਜਨਮੇ ਬੱਚੇ ਨੂੰ ਬਿਨਾਂ ਕਿਸੇ ਮਦਦ ਅਤੇ ਮੁੱਢਲੀ ਜ਼ਰੂਰਤਾਂ ਜਿਵੇਂ ਬਿਜਲੀ ਅਤੇ ਪਾਣੀ ਦੇ ਹਨੇਰੀ ਝੁੱਗੀ ਵਿੱਚ ਛੱਡ ਦਿੱਤਾ ਜਾਂਦਾ ਹੈ। ਉੱਥੇ ਮਾਂ ਨੂੰ ਆਪਣੇ ਬੱਚੇ ਦੇ ਨਾਲ ਤਿੰਨ ਮਹੀਨਿਆਂ ਤੱਕ ਰਹਿਣਾ ਪੈਂਦਾ ਹੈ। ਤਿੰਨ ਮਹੀਨਿਆਂ ਬਾਅਦ ਪਿੰਡ ਵਿੱਚ ਵਾਪਸ ਆਉਣ ਦੇ ਲਈ ਉਸ ਨੂੰ ਇੱਕ ਮੰਦਰ ਵਿੱਚ ਜਾਣਾ ਹੁੰਦਾ ਹੈ ਤੇ ਦੇਵਤਾ ਦੀ ਪੂਜਾ ਕਰਨੀ ਹੁੰਦੀ ਹੈ। ਇੱਥੋਂ ਦੀ ਔਰਤ ਸ਼ਸ਼ੀਕਲਾ ਨੇ ਕਿਹਾ, "ਇਸ ਨੂੰ ਭਗਵਾਨ ਦਾ ਹੁਕਮ ਮੰਨਦੇ ਹੋਏ ਸਾਨੂੰ ਇਨ੍ਹਾਂ ਰਵਾਇਤਾਂ ਨੂੰ ਮੰਨਣਾ ਹੁੰਦਾ ਹੈ।"

ਇੱਕ ਹੋਰ ਪਿੰਡ ਵਾਲੇ ਵੀਰੰਨਾ ਨੇ ਦੱਸਿਆ, "ਭਾਵੇਂ ਔਰਤਾਂ ਇਨ੍ਹਾਂ ਰਵਾਇਤਾਂ ਤੋਂ ਪੀੜਤ

ਬਾਕੀ ਸਫ਼ਾ 32 'ਤੇ

## ਆਦੀਵਾਸੀਆਂ ਤੇ ਦੱਬੇ ਕੁਚਲਿਆਂ ਦੀ ਸੇਵਾ ਕਰ ਰਹੀ ਏ ਜਲੰਧਰ ਦੀ ਜਨਕ

*2015 'ਚ ਮਿਲ ਚੁੱਕਾ ਹੈ ਪਦਮਸ਼੍ਰੀ ਐਵਾਰਡ*



**ਜਲੰਧਰ/ਬਿਊਰੋ ਨਿਊਜ਼ :** ਸੰਨ 1964 ਵਿਚ 16 ਸਾਲ ਦੀ ਉਮਰ ਵਿਚ ਓਪਨ ਹਾਰਟ ਸਰਜਰੀ ਨਾਲ ਜਾਨ ਬਚੀ ਤਾਂ ਜਲੰਧਰ ਦੀ ਜਨਕ ਪਲਟਾ ਨੇ ਦ੍ਰਿੜ ਨਿਸ਼ਚਾ ਕੀਤਾ ਸੀ ਕਿ ਭਗਵਾਨ ਦਾ ਸ਼ੁਕਰੀਆ ਅਦਾ ਕਰਨ ਲਈ ਪੂਰੀ ਜ਼ਿੰਦਗੀ ਲੋਕਾਂ ਦੀ ਸੇਵਾ ਵਿਚ ਲਗਾ ਦਿਆਂਗੀ। ਇਸ ਦੌਰਾਨ ਕਈ ਥਾਂ ਨੌਕਰੀ ਕਰਕੇ ਸਮਾਜ ਸੇਵਾ ਕੀਤੀ। 37 ਸਾਲ ਦੀ ਉਮਰ ਵਿਚ ਇੰਦੌਰ ਜਾ ਕੇ ਆਦੀਵਾਸੀ ਔਰਤਾਂ ਦੀ ਭਲਾਈ ਲਈ ਕੰਮ ਸ਼ੁਰੂ ਕਰ ਦਿੱਤਾ। 60 ਦੀ ਉਮਰ ਵਿਚ ਕੈਂਸਰ ਹੋਇਆ ਤੇ 64 ਸਾਲ ਦੀ ਉਮਰ ਵਿਚ ਭਿਆਨਕ ਹਾਦਸੇ ਵਿਚ ਖ਼ੁਦ ਤਾਂ ਬਚ ਗਈ, ਪਰ ਪਤੀ ਨੂੰ ਗੁਆ ਦਿੱਤਾ। ਪਰ ਆਦੀਵਾਸੀਆਂ ਦੀ ਸੇਵਾ ਕਰਨਾ ਨਹੀਂ ਛੱਡਿਆ। ਜਨਕ ਨੇ ਸੌਰ ਊਰਜਾ ਤੇ ਸਮਾਜ ਸੇਵਾ ਦੇ ਖੇਤਰ ਵਿਚ ਦੇਸ-ਵਿਦੇਸ਼ ਵਿਚ ਵੀ ਨਾਂ ਕੀਤਾ ਹੈ। ਸੰਨ 2015 ਵਿਚ ਜਨਕ ਨੂੰ ਪਦਮਸ਼੍ਰੀ ਐਵਾਰਡ ਨਾਲ ਨਿਵਾਜਿਆ ਗਿਆ। ਜਨਕ ਤੇ ਉਸ ਦੇ ਪਤੀ ਜਿੰਮੀ ਨੇ ਆਦਿਵਾਸੀ ਲੋਕਾਂ ਨੂੰ ਸੋਲਰ ਕੂਕਰ ਬਣਾਉਣ ਦੀ ਟਰੇਨਿੰਗ ਦਿੱਤੀ। ਉਨ੍ਹਾਂ ਨੂੰ ਪੜ੍ਹਾਉਣ-ਲਿਖਾਉਣ ਦੇ ਨਾਲ ਆਰਗੈਨਿਕ ਖੇਤੀ ਕਰਨ ਰੰਗ, ਮੋਮਬੱਤੀ ਤੇ ਅਗਰਬੱਤੀ ਬਣਾਉਣ ਦੀ ਵੀ ਟਰੇਨਿੰਗ ਦਿੱਤੀ। ਅੱਜ ਇਕ ਲੱਖ ਤੋਂ ਵੱਧ ਲੋਕ ਇਨ੍ਹਾਂ ਤੋਂ ਟਰੇਨਿੰਗ ਲੈ ਚੁੱਕੇ ਹਨ। ਉਨ੍ਹਾਂ ਦੇ ਪਤੀ ਜਿਮੀ ਨੂੰ ਬ੍ਰਿਟੇਨ ਦੀ ਰਾਣੀ ਨੇ ਆਰਡਰ ਆਫ ਬ੍ਰਿਟਿਸ਼ ਅੰਪਾਇਰ ਵੀ ਦਿੱਤਾ। ਜਨਕ ਸੰਯੁਕਤ ਰਾਸ਼ਟਰ ਦੇ ਮੰਚਾਂ 'ਤੇ ਦੋ ਵਾਰ ਭਾਰਤ ਦੀ ਪ੍ਰਤੀਨਿੱਧਤਾ ਕਰ ਚੁੱਕੀ ਹੈ। ਅੱਜਕੱਲ੍ਹ ਇੱਥੋਂ 1300 ਕਿਲੋਮੀਟਰ ਦੂਰ ਇੰਦੌਰ ਨਾਲ ਲੱਗਦੇ ਆਦੀਵਾਸੀ ਪਿੰਡ ਸਨਾਵਦੀਆ ਵਿਚ ਜਨਕ ਪਲਟਾ ਰਹਿੰਦੀ ਹੈ। ਜਨਕ ਨੇ ਦੱਸਿਆ ਕਿ ਪਿੰਡ ਦੀ ਅੱਧੀ ਏਕੜ ਜ਼ਮੀਨ 'ਤੇ ਮੇਰੀ ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਪੈਦਾ ਹੋ ਜਾਂਦੀਆਂ ਹਨ। ਬਜ਼ਾਰ ਤੋਂ ਅਸੀਂ ਸਿਰਫ਼ ਲੂਣ, ਤੇਲ, ਸ਼ੱਕਰ ਤੇ ਚਾਹਪੱਤੀ ਹੀ ਲਿਆਉਂਦੇ ਾਂ। ਅਸੀਂ ਗਾਂ 'ਤੇ ਆਧਾਰਿਤ ਆਰਗੈਨਿਕ ਖੇਤੀ ਕਰਦੇ ਹਾਂ। ਗਾਂ ਦੇ ਵੱਛੇ ਬੈਲਗੱਡੀ ਲਈ ਇਸਤੇਮਾਲ ਹੋ ਰਹੇ ਹਨ ਤੇ ਖਾਦ ਅਤੇ ਗਊ ਮੂਤਰ ਨਾਲ ਸਾਡੀ ਭੂਮੀ ਉਪਜਾਊ ਰਹਿੰਦੀ ਹੈ। ਅਸੀਂ ਬਜ਼ਾਰ ਘੱਟ ਜਾਂਦੇ ਹਾਂ, ਇਸ ਲਈ ਨੋ ਵੇਸਟ ਜ਼ਿੰਦਗੀ ਜਿਉਂਦੇ ਹਾਂ। ਸੰਨ 1948 ਨੂੰ ਮਾਈ ਹੀਰਾਂ ਗੇਟ ਦੇ ਨੇੜੇ ਲਾਵਾਂ ਮੁਹੱਲੇ ਵਿਚ ਪੈਦਾ ਹੋਈ ਜਨਕ ਪਲਟਾ ਦੇ ਪਿਤਾ ਬਿਸ਼ੰਭਰ ਦਾਸ ਪਲਟਾ ਜਲੰਧਰ ਦੇ ਵੱਡੇ ਟਰਾਂਸਪੋਰਟਰ ਸਨ। ਜਨਕ ਦੱਸਦੀ ਹੈ ਕਿ ਸੰਨ 1964 ਵਿਚ ਜਿਸ ਦਿਨ ਮੈਂ ਬੇਹੋਸ਼ ਹੋਈ ਉਸ ਦਿਨ ਨਹਿਰੂ ਦੀ ਮੌਤ ਨੂੰ 13 ਦਿਨ ਹੀ ਹੋਏ ਸਨ। ਪੀਜੀਆਈ ਵਿਚ ਪਤਾ ਲੱਗਿਆ ਦਿਲ ਵਿਚ ਛੇਕ ਹੈ। ਡਾਕਟਰਾਂ ਨੇ ਕਿਹਾ 6 ਮਹੀਨੇ ਹੀ ਜ਼ਿੰਦਗੀ ਹੈ। ਕੈਨੇਡਾ ਤੋਂ ਦੋ ਡਾਕਟਰ ਬੁਲਾਏ ਗਏ। ਆਪਰੇਸ਼ਨ ਤੋਂ ਬਾਅਦ ਜਦੋਂ ਹੋਸ਼ ਆਈ ਤਾਂ ਅੱਖਾਂ ਖੋਲ੍ਹਣ ਤੋਂ ਪਹਿਲਾਂ ਦ੍ਰਿੜ ਨਿਸ਼ਚਾ ਕੀਤਾ-'ਹੇ ਪ੍ਰਭੂ ! ਹੁਣ ਪੂਰੀ ਜ਼ਿੰਦਗੀ ਮੈਂ ਤੇਰਾ ਧੰਨਵਾਦ ਕਰਦੀ ਹੋਈ ਲੋਕਾਂ ਦੀ ਸੇਵਾ ਵਿਚ ਗੁਜ਼ਾਰਾਂਗੀ। 9 ਮਹੀਨੇ ਹਸਪਤਾਲ ਵਿਚ ਹੀ ਰਹੀ। ਸੰਨ 1985 ਵਿਚ ਇੰਦੌਰ ਵਿਚ ਬਾਰਲੀ ਡਿਵੈਲਪਮੈਂਟ ਸੰਸਥਾ ਦੀ ਸਥਾਪਨਾ ਕੀਤੀ ਤੇ ਇੱਥੇ ਆਦੀਵਾਸੀ ਔਰਤਾਂ ਦੀ ਪੜ੍ਹਾਈ ਤੇ ਸਸ਼ਕਤੀਕਰਨ ਦਾ ਕੰਮ ਸ਼ੁਰੂ ਕੀਤਾ। ਅਕਤੂਬਰ 1988 ਵਿਚ ਆਇਰਲੈਂਡ ਤੋਂ ਜਿੰਮੀ ਮੇਰੀ ਸੰਸਥਾ ਦੇਖਣ ਆਏ। ਮੇਰੀ ਤਰ੍ਹਾਂ ਉਹ ਵੀ ਵਿਆਹ ਨਹੀਂ ਕਰਨਾ ਚਾਹੁੰਦੇ ਸਨ। ਪਰ ਨਵੰਬਰ 1988 ਵਿਚ ਅਸੀਂ ਵਿਆਹ ਕਰ ਲਿਆ, ਪਰ ਤੈਅ ਕੀਤਾ ਕਿ ਪਰਿਵਾਰ ਨਹੀਂ ਵਧਾਵਾਂਗੇ। ਇਸ ਤੋਂ ਬਾਅਦ ਪੂਰੀ ਜ਼ਿੰਦਗੀ ਮੈਂ ਆਦੀਵਾਸੀ ਔਰਤਾਂ ਦੀ ਭਲਾਈ ਲਈ ਸਮਰਪਿਤ ਕਰ ਦਿੱਤੀ। ਜਨਕ ਨੇ ਪੀਐੱਫ, ਹਾਈ ਕੋਰਟ ਤੇ ਕਈ ਸੰਸਥਾਵਾਂ ਵਿਚ ਕੰਮ ਕੀਤਾ। ਪਾਲੀਟੀਕਲ ਸਾਇੰਸ ਨਾਲ ਐੱਮਏ ਕੀਤੀ ਤੇ ਸੰਨ 1977 ਵਿਚ ਜੇਪੀ ਅੰਦੋਲਨ ਦੇ ਸਮੇਂ ਚੋਣਾਂ ਤੋਂ ਪਹਿਲਾਂ ਸਰਵੇ ਕੀਤੇ। ਪਿੰਡਾਂ, ਔਰਤਾਂ ਤੇ ਸਾਮਾਜਿਕ ਸਮੱਸਿਆਵਾਂ ਨਾਲ ਜੁੜੀਆਂ ਕਈ ਰਿਪੋਰਟਾਂ ਬਣਾਈਆਂ। ਉਹ ਰਿਪੋਰਟ ਬਣਾ ਕੇ ਸਰਕਾਰ ਨੂੰ ਦਿੰਦੀ ਤੇ ਰਾਜਨੇਤਾ ਅੰਕੜੇ ਬਦਲ ਦਿੰਦੇ। ਇਸ 'ਤੇ ਉਨ੍ਹਾਂ ਨੇ ਰਿਪੋਰਟਾਂ ਬਣਾਉਣੀਆਂ ਹੀ ਬੰਦ ਕਰ ਦਿੱਤੀਆਂ।

# ਭਾਰਤ ਵਿਚ ਕਾਨੂੰਨ ਦਾ ਨਹੀਂ, ਮਾਫੀਆ ਦਾ ਰਾਜ

## ਜੂਨ 2015 ਤੋਂ ਨਵੰਬਰ 2017 ਤੱਕ 12 ਪੱਤਰਕਾਰ ਮਾਰੇ ਗਏ

**ਨਵੀਂ ਦਿੱਲੀ/ਬਿਊਰੋ ਨਿਊਜ਼::**

ਭਾਰਤ ਵਿਚ ਬੀਤੇ ਦਿਨੀਂ ਦੋ ਪੱਤਰਕਾਰਾਂ ਦਾ ਕਤਲ ਹੋ ਗਿਆ। ਇਕ ਬਿਹਾਰ ਵਿਚ ਤੇ ਇਕ ਮੱਧ ਪ੍ਰਦੇਸ਼ ਵਿਚ। ਹੈਰਾਨ ਕਰਨ ਵਾਲੀਆਂ ਇਹ ਦੋਵੇਂ ਘਟਨਾਵਾਂ ਇਸੇ ਵੱਲ ਇਸ਼ਾਰਾ ਕਰਦੀਆਂ ਹਨ ਕਿ ਪੱਤਰਕਾਰਾਂ ਲਈ ਇਮਾਨਦਾਰੀ ਨਾਲ ਆਪਣਾ ਕੰਮ ਕਰਨਾ ਕਿਸ ਹੱਦ ਤੱਕ ਖਤਰਿਆ ਨਾਲ ਭਰਿਆ ਹੈ ਤੇ ਭਾਰਤ ਇਸ ਮਾਮਲੇ ਵਿਚ ਸੀਰੀਆ ਬਣਨ ਵਲ ਵਧ ਰਿਹਾ ਹੈ। ਜਿਸ ਦੇਸ ਵਿਚ ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ ਨੂੰ ਕਤਲ ਕੀਤਾ ਜਾ ਰਿਹਾ ਹੈ, ਉੱਥੇ ਮਨੁੱਖੀ ਅਧਿਕਾਰ ਕਿਵੇਂ ਸੁਰੱਖਿਅਤ ਰਹਿ ਸਕਦੇ ਨੇ ਤੇ ਉੱਥੇ ਸਮਾਜ ਕਿਵੇਂ ਵਿਕਾਸ ਕਰ ਸਕਦਾ ਹੈ ? ਮੱਧ ਪ੍ਰਦੇਸ਼ ਦੇ ਭਿੰਡ ਵਿਚ ਇਕ ਟੀਵੀ ਪੱਤਰਕਾਰ ਨੂੰ ਰੇਤ ਢੋਣ ਵਾਲੇ ਟਰੱਕ ਨਾਲ ਕੁਚਲ ਕੇ ਮਾਰ ਦਿੱਤਾ ਗਿਆ। ਜਦ ਕਿ ਬਿਹਾਰ ਦੇ ਆਰਾ ਵਿਚ ਮਾਮੂਲੀ ਝਗੜੇ ਤੋਂ ਬਾਅਦ ਇੱਕ ਪੱਤਰਕਾਰ ਤੇ ਉਨ੍ਹਾਂ ਦੇ ਸਾਥੀ 'ਤੇ ਸਕਾਰਪੀਓ ਗੱਡੀ ਚੜ੍ਹਾ ਦਿੱਤੀ ਗਈ। ਮੱਧ ਪ੍ਰਦੇਸ਼ ਦੇ ਭਿੰਡ ਤੇ ਮੁਰੈਣਾ ਜ਼ਿਲ੍ਹਿਆਂ ਸਮੇਤ ਬੁੰਦੇਲਖੰਡ-ਚੰਬਲ ਸੰਭਾਗ ਵਿਚ ਰੇਤ ਤੇ ਪੱਥਰ ਮਾਫੀਆ ਆਪਣਾ ਗ਼ੈਰ ਕਾਨੂੰਨੀ ਸਾਮਰਾਜ ਚਲਾ ਰਹੇ ਹਨ, ਇਹ ਕਿਸੇ ਤੋਂ ਲੁਕਿਆ ਨਹੀਂ ਹੈ। ਪੰਜਾਬ ਵਿਚ ਵੀ ਰੇਤਾਂ ਦਾ ਕਾਰੋਬਾਰ ਇਸੇ ਤਰ੍ਹਾਂ ਚਲ ਰਿਹਾ ਹੈ।

ਮਾਰੇ ਗਏ ਟੀਵੀ ਪੱਤਰਕਾਰ ਨੇ ਆਪਣਾ ਫਰਜ਼ ਨਿਭਾਉਂਦੇ ਹੋਏ ਪੁਲੀਸ ਤੇ ਮਾਫੀਆ ਗੱਠਜੋੜ ਦੇ ਖ਼ਿਲਾਫ਼ ਕਈ ਖ਼ਬਰਾਂ ਪੇਸ਼ ਕੀਤੀਆਂ ਸਨ, ਇਸ ਲਈ ਉਹ ਇਨ੍ਹਾਂ ਦੇ ਨਿਸ਼ਾਨੇ 'ਤੇ ਸੀ। ਨਿਡਰਤਾ ਨਾਲ ਪੱਤਰਕਾਰੀ ਕਰਨ ਵਾਲਿਆਂ 'ਤੇ ਅਜਿਹੇ ਹਮਲੇ ਜਿੱਥੇ ਸੂਬੇ ਦੀ ਕਾਨੂੰਨ-ਵਿਵਸਥਾ ਨੂੰ ਕਟਹਿਰੇ ਵਿਚ ਵੀ ਖੜ੍ਹਾ ਕਰਦੇ ਹਨ, ਉੱਥੇ ਭਾਰਤੀ ਲੋਕਤੰਤਰ ਦੀ ਲਈ ਡੂੰਘੀ ਚਿੰਤਾ ਦਾ ਵਿਸ਼ਾ ਹਨ। ਮੱਧ ਪ੍ਰਦੇਸ਼ ਵਿਚ ਇਸ ਤਰ੍ਹਾਂ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਜਿਸ ਨੇ ਵੀ ਰੇਤ ਮਾਫੀਆ, ਸ਼ਰਾਬ, ਚਿੱਟ ਫੰਡ ਘਪਲੇ ਜਿਹੇ ਨਾਜਾਇਜ਼ ਧੰਦਿਆਂ ਦਾ ਪਰਦਾਫਾਸ਼ ਕਰਨ ਦੀ ਕੋਸ਼ਿਸ਼ ਕੀਤੀ, ਉਹ ਮਾਫੀਆ ਤੋਂ ਬਚ ਨਾ ਸਕਿਆ। ਕਈਆਂ ਨੂੰ ਆਪਣੀ ਜਾਨ ਤੱਕ ਗੁਆਉਣੀ ਪਈ। ਪਰ ਸਰਕਾਰ ਨੇ ਮਾਫੀਆਵਾਂ ਨੂੰ ਨੱਥ ਪਾਉਣ ਦੀ ਹਿੰਮਤ ਨਹੀਂ ਦਿਖਾਈ। ਇਸ ਨਾਲ ਅਪਰਾਧੀਆਂ ਦੇ ਹੌਂਸਲੇ ਹੋਰ ਬੁਲੰਦ ਹੁੰਦੇ ਗਏ ਹਨ। ਇੰਝ ਜਾਪਦਾ ਹੈ ਕਿ ਜਿਵੇਂ ਪੁਲੀਸ ਅਫ਼ਸਰਸ਼ਾਹੀ ਤੇ ਅਪਰਾਧੀਆਂ ਦਾ ਆਪਸ ਵਿਚ ਗੱਠਜੋੜ ਹੋਵੇ ਤੇ ਸੱਤਾਧਾਰੀਆਂ ਦਾ ਉਨ੍ਹਾਂ ਨੂੰ ਥਾਪੜਾ ਹੋਵੇ। ਸਾਲ 2012 ਵਿਚ ਰੇਤ ਤੇ ਪੱਥਰ ਮਾਫੀਆ ਦੇ ਖ਼ਿਲਾਫ਼ ਮੁਹਿੰਮ ਛੇੜਨ ਵਾਲੇ ਇਕ ਨੌਜਵਾਨ ਆਈਪੀਐੱਸ ਅਧਿਕਾਰੀ 'ਤੇ ਟਰੱਕ ਚੜ੍ਹਾ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸੇ ਤਰ੍ਹਾਂ ਬਾਲਾਘਾਟ ਵਿਚ ਲੰਬੇ ਸਮੇਂ ਤਕ ਰੇਤ ਮਾਫੀਆ ਦੇ ਖ਼ਿਲਾਫ਼ ਗਠਜੋੜ ਦੇ ਖ਼ਿਲਾਫ਼ ਲਿਖਣ ਵਾਲਿਆਂ, ਸਟਿੰਗ ਆਪਰੇਸ਼ਨ ਕਰਨ ਵਾਲਿਆਂ 'ਤੇ ਇਹੋ ਜਿਹੇ ਹਮਲੇ ਹੋ ਰਹੇ ਹਨ, ਪਰ ਹੈਰਾਨੀ ਇਸ ਗੱਲ ਦੀ ਹੈ ਕਿ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ। 8 ਜੂਨ, 2015 ਨੂੰ ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਵਿਚ ਇਕ ਪੱਤਰਕਾਰ ਨੂੰ ਉਸ ਦੇ ਘਰ ਦੇ ਬਾਹਰ ਜਿੰਦਾ ਸਾੜ ਦਿੱਤਾ ਗਿਆ। ਇਸ ਘਟਨਾ ਵਿਚ ਸੂਬੇ ਦੇ ਇਕ ਮੰਤਰੀ ਦਾ ਹੱਥ ਹੋਣ ਦੀ ਗੱਲ ਸਾਹਮਣੇ ਆਈ ਸੀ। ਭਾਰਤ ਜਿਹੇ ਦੇਸ ਵਿਚ ਪੱਤਰਕਾਰ ਕਿੰਨੇ ਕੁ ਸੁਰੱਖਿਅਤ ਹਨ, ਪਿਛਲੇ ਦੋ ਸਾਲ ਵਿਚ ਹੋਈਆਂ ਘਟਨਾਵਾਂ ਇਹ ਦੱਸਣ ਲਈ ਕਾਫੀ ਹਨ। ਜੂਨ 2015 ਤੋਂ ਨਵੰਬਰ 2017 ਤੱਕ 12 ਪੱਤਰਕਾਰ ਮਾਰੇ ਗਏ। ਇਨ੍ਹਾਂ ਵਿਚ ਉਹ ਪੱਤਰਕਾਰ ਵੀ ਹਨ, ਜਿਨ੍ਹਾਂ ਦੀ ਅਵਾਜ਼ ਹਿੰਦੂ ਰਾਸ਼ਟਰਵਾਦੀ ਕਹਾਉਣ ਵਾਲੇ ਸਹਿਣ ਨਹੀਂ ਕਰ ਪਾ ਰਹੇ ਸਨ। ਪੱਤਰਕਾਰਾਂ 'ਤੇ ਇਸ ਤਰ੍ਹਾਂ ਦੇ ਹਮਲੇ ਉਨ੍ਹਾਂ ਨੂੰ ਨਿਡਰ ਹੋ ਕੇ ਕੰਮ ਕਰਨ ਤੋਂ ਰੋਕਣ ਦੀ ਕੋਸ਼ਿਸ਼ ਹਨ। ਭਗਵਾਂਵਾਦ ਨਿਰਪੱਖ ਪੱਤਰਕਾਰੀ ਤੇ ਜਮਹੂਰੀਅਤ ਦੇ ਲਈ ਚੈਲਿੰਜ ਬਣਿਆ ਹੋਇਆ ਹੈ। ਇਹ ਕਿਹੋ ਜਿਹਾ ਦੁਖਾਂਤ ਹੈ ਕਿ ਇਕ ਪਾਸੇ ਭ੍ਰਿਸ਼ਟਾਚਾਰ ਰੋਕਣ ਦੇ ਵਾਅਦੇ ਤੇ ਦਾਅਵੇ ਰੋਜ਼ਾਨਾ ਜ਼ੋਰ-ਸ਼ੋਰ ਨਾਲ ਕੀਤੇ ਜਾਂਦੇ ਹਨ ਅਤੇ ਦੂਜੇ ਪਾਸੇ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ ਵਾਲਿਆਂ ਦੀ ਜਾਨ ਹਮੇਸ਼ਾਂ ਖ਼ਤਰੇ ਵਿਚ ਰਹਿੰਦੀ ਹੈ। ਪੱਤਰਕਾਰਾਂ ਦੀ ਸੁਰੱਖਿਆ ਲਈ ਬਣੀ ਕੌਮਾਂਤਰੀ ਸੰਮਤੀ 'ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ' ਨੇ ਆਪਣੀ ਰਿਪੋਰਟ ਵਿਚ ਸਾਵਧਾਨ ਕੀਤਾ ਹੈ ਕਿ ਭਾਰਤ ਵਿਚ ਪੱਤਰਕਾਰਾਂ ਨੂੰ ਕੰਮ ਦੇ ਦੌਰਾਨ ਪੂਰੀ ਸੁਰੱਖਿਆ ਨਹੀਂ ਮਿਲਦੀ ਤੇ ਜਿਹੜੇ ਪੱਤਰਕਾਰ ਭ੍ਰਿਸ਼ਟਾਚਾਰੀਆਂ ਨੂੰ ਬੇਨਕਾਬ ਕਰਨ ਵਿਚ ਰੁੱਝੇ ਹਨ, ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਇਹ ਕਿਹੋ ਜਿਹਾ ਭਾਰਤ ਹੈ, ਜਿਸ 'ਤੇ ਮੋਦੀ ਸਰਕਾਰ ਮਾਣ ਕਰ ਰਹੀ ਹੈ ਕਿ ਦੇਸ ਵਿਕਾਸ ਕਰ ਰਿਹਾ ਹੈ ? ਜਿੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ, ਉੱਥੇ ਦੇਸ ਕਿਵੇਂ ਵਿਕਾਸ ਕਰ ਸਕਦਾ ਹੈ ? ਜੋ ਦੇਸ ਭ੍ਰਿਸ਼ਟਾਚਾਰ ਵਿਚ ਡੁੱਬਿਆ ਹੋਇਆ ਹੈ, ਉਹ ਦੇਸ ਵਿਕਾਸ ਕਿਵੇਂ ਕਰ ਸਕਦਾ ਹੈ ? ਜਿਸ ਦੇਸ ਵਿਚ ਕਾਨੂੰਨ ਦਾ ਰਾਜ ਨਹੀਂ, ਜੰਗਲ ਦਾ ਰਾਜ ਹੈ, ਗਊ ਦੇ ਨਾਮ 'ਤੇ ਮਨੁੱਖਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ, ਉਹ ਦੇਸ ਕਿਵੇਂ ਵਿਕਾਸ ਕਰ ਸਕਦਾ ਹੈ ? ਕੀ ਇਹ ਭਾਰਤ ਦਾ ਲੋਕਤੰਤਰ ਹੈ ? ਕੀ ਭਾਰਤ ਦੇ ਲੋਕ ਇਹੋ ਜਿਹਾ ਰਾਸ਼ਟਰ ਚਾਹੁੰਦੇ ਹਨ, ਜਿੱਥੇ ਕਾਨੂੰਨ ਦਾ ਸ਼ਾਸਨ ਨਹੀਂ, ਮਾਫੀਆ ਅਤੇ ਭਗਵੇਂਵਾਦੀਆਂ ਦੀ ਗੁੰਡਾਗਰਦੀ ਚੱਲੇਗੀ।



## ਪੰਜਾਬ ਵਿਚ ਸਮੈਕ ਤੇ ਚਿੱਟੇ ਦੇ ਨਸ਼ੇ ਤੋਂ ਵੀ ਜਿਆਦਾ ਖਤਰਨਾਕ ਗੋਲੀ ਨੇ ਦਿੱਤੀ ਦਸਤਕ

**ਅੰਮ੍ਰਿਤਸਰ**-ਚਿੱਟਾ ਤਾਂ ਪਹਿਲਾ ਹੀ ਨੌਜਵਾਨਾਂ ਦੇ ਹੱਡੀ ਰੱਚ ਚੁੱਕਿਆ ਹੈ ਤੇ ਹੁਣ ਇਕ ਹੋਰ ਖਤਰਨਾਕ ਨਸ਼ਾ ਜੀਭ ਵਾਲੀ ਗੋਲੀ ਨੇ ਪੰਜਾਬ ਵਿੱਚ ਦਸਤਕ ਦੇ ਦਿੱਤੀ ਹੈ, ਜੋ ਕਿ ਸਭ ਨਸ਼ਿਆਂ ਤੋ ਕਿਤੇ ਵੱਧ ਨਸ਼ੀਲੀ ਤੇ ਖਤਰਨਾਕ ਮੰਨੀ ਜਾ ਰਹੀ ਹੈ।

ਇਸ ਨੂੰ ਜੀਭ ਥੱਲੇ ਰੱਖਦੇ ਹੀ 5 ਸਕਿੰਟ ਦੇ ਅੰਦਰ ਇਹ ਆਦਮੀ ਦੇ ਹੋਸ਼ ਭੁੱਲਾ ਦਿੰਦੀ ਹੈ। ਪੰਜਾਬ ਵਿੱਚ ਇਹ ਗੋਲੀ ਦਾ ਪੱਤਾ 300 ਰੁਪਏ ਦਾ ਵੇਚਿਆ ਜਾ ਰਿਹਾ ਹੈ ਤੇ ਇੱਕ ਗੋਲੀ ਦੀ ਕੀਮਤ 30 ਰੁਪਏ ਹੈ,ਅਗਰ ਕਿਸੇ ਨੇ ਇਹ ਇੱਕ ਵਾਰ ਖਾ ਲਈ ਤੇ ਦੂਜੇ ਦਿਨ ਇਹ ਗੋਲੀ ਨਾ ਮਿਲੇ ਤਾ ਪਾਣੀ ਵਿਚ ਭਿੱਜੇ ਹੋਏ ਚੂਹੇ ਵਰਗੀ ਸ਼ਕਲ ਹੋ ਜਾਂਦੀ ਹੈ।

## ਅੰਮ੍ਰਿਤਸਰ ਹਵਾਈ ਅੱਡੇ ਨੇ ਭਾਰਤ ਦੇ 34 ਹਵਾਈ ਅੱਡਿਆਂ ਨੂੰ ਪਛਾੜਿਆ

**ਅੰਮ੍ਰਿਤਸਰ/ਬਿਊਰੋ ਨਿਊਜ਼:**

ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਨੇ ਵਿੱਤੀ ਸਾਲ 2017-18 ਦੇ ਪਹਿਲੇ 10 ਮਹੀਨਿਆਂ ਵਿਚ ਯਾਤਰੀਆਂ ਤੇ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਭਾਰਤ ਦੇ 34 ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਪਿੱਛੇ ਛੱਡ ਦਿੱਤਾ ਹੈ। ਏਅਰ ਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਮੁਲਕ ਦੇ ਸਾਰੇ ਹਵਾਈ ਅੱਡਿਆਂ ਦੇ ਜਨਵਰੀ 2018 ਦੇ ਜਾਰੀ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਗੁਰੂ ਕੀ ਨਗਰੀ ਸਥਿਤ ਇਸ ਹਵਾਈ ਅੱਡੇ ਤੇ ਘਰੇਲੂ ਅਤੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।



ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਨੇ ਵਿੱਤੀ ਸਾਲ 2017-18 ਦੇ ਪਹਿਲੇ 10 ਮਹੀਨਿਆਂ ਵਿਚ ਯਾਤਰੀਆਂ ਅਤੇ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਭਾਰਤ ਦੇ 34 ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਪਿੱਛੇ ਛੱਡ ਦਿੱਤਾ ਹੈ। ਏਅਰਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਮੁਲਕ ਦੇ ਸਾਰੇ ਹਵਾਈ ਅੱਡਿਆਂ ਦੇ ਜਨਵਰੀ 2018 ਦੇ ਜਾਰੀ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਗੁਰੂ ਕੀ ਨਗਰੀ ਸਥਿਤ ਇਸ ਹਵਾਈ ਅੱਡੇ ਤੇ ਘਰੇਲੂ ਅਤੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸੈਕਟਰੀ ਸਮੀਪ ਸਿੰਘ ਗੁਮਟਾਲਾ ਅਨੁਸਾਰ ਵਿੱਤੀ ਸਾਲ 2017-18 ਦੇ ਅਪਰੈਲ ਤੋਂ ਜਨਵਰੀ ਤੱਕ ਦੇ 10 ਮਹੀਨਿਆਂ ਵਿਚ ਇਥੋਂ ਘਰੇਲੂ ਯਾਤਰੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ 10 ਮਹੀਨਿਆਂ ਦੇ ਮੁਕਾਬਲੇ 61 ਫ਼ੀਸਦੀ ਵਾਧਾ ਹੋਇਆ ਹੈ, ਜੋ ਦੇਸ਼ ਵਿਚ ਸਭ ਤੋਂ ਜ਼ਿਆਦਾ ਸੀ। ਉਨ੍ਹਾਂ ਕਿਹਾ ਕਿ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਵੀ ਭਾਰਤ ਦੇ ਬਾਕੀ ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਵੀ ਮਾਤ ਪਾ ਦਿੱਤੀ ਗਈ ਹੈ। ਇਨ੍ਹਾਂ 10 ਮਹੀਨਿਆਂ ਵਿਚ ਆਈਆਂ ਤੇ ਗਈਆਂ ਕੁੱਲ (ਘਰੇਲੂ ਤੇ ਅੰਤਰਰਾਸ਼ਟਰੀ) ਹਵਾਈ ਉਡਾਣਾਂ ਦੀ ਗਿਣਤੀ ਵਿਚ 53 ਫ਼ੀਸਦੀ ਤੇ ਘਰੇਲੂ ਉਡਾਣਾਂ ਵਿਚ ਵੀ 78 ਫ਼ੀਸਦੀ ਵਾਧੇ ਦੇ ਨਾਲ ਇਹ ਹਵਾਈ ਅੱਡਾ ਪਹਿਲੇ ਸਥਾਨ ਤੇ ਹੈ। ਆਈਆਂ ਤੇ ਗਈਆਂ ਹਵਾਈ ਉਡਾਣਾਂ ਦੀ ਗਿਣਤੀ 14724 ਸੀ, ਜਦੋਂਕਿ 2016-17 ਵਿਚ ਇਹ ਗਿਣਤੀ 9621 ਸੀ।

ਜਨਵਰੀ 2018 ਵਿਚ ਵੀ ਹਵਾਈ ਜਹਾਜ਼ਾਂ ਦੀ ਕੁੱਲ ਆਵਾਜਾਈ ਵਿਚ ਪਿਛਲੇ ਸਾਲ ਜਨਵਰੀ 2017 ਦੇ ਮੁਕਾਬਲੇ 51.7 ਫ਼ੀਸਦ ਦੇ ਵਾਧੇ ਨਾਲ ਅੰਮ੍ਰਿਤਸਰ ਪਹਿਲੇ ਸਥਾਨ 'ਤੇ ਰਿਹਾ। ਮੁਸਾਫ਼ਰਾਂ ਦੀ ਗਿਣਤੀ 18.6 ਲੱਖ ਸੀ, ਜਿਨ੍ਹਾਂ ਵਿਚੋਂ 13.5 ਲੱਖ ਘਰੇਲੂ ਤੇ 5.1 ਲੱਖ ਵਿਦੇਸ਼ੀ ਯਾਤਰੂ ਸਨ, ਜਦੋਂਕਿ ਇਸ ਤੋਂ ਪਿਛਲੇ ਸਾਲ ਯਾਤਰੂਆਂ ਦੀ ਗਿਣਤੀ 12.9 ਲੱਖ ਸੀ। ਇਸ ਪੱਖੋਂ ਅੰਮ੍ਰਿਤਸਰ ਇਸ ਸਮੇਂ ਚੌਥੇ ਸਥਾਨ 'ਤੇ ਹੈ। ਹਵਾਬਾਜ਼ੀ ਬਾਰੇ ਮਾਹਿਰ ਯੋਗੇਸ਼ ਕਾਮਰਾ ਦਾ ਕਹਿਣਾ ਹੈ ਕਿ ਏਅਰਪੋਰਟ ਅਥਾਰਟੀ ਆਫ਼ ਇੰਡੀਆ ਵੱਲੋਂ 10 ਹੋਰ ਜਹਾਜ਼ਾਂ ਦੀ ਪਾਰਕਿੰਗ ਵਾਸਤੇ ਐਪਰਨ ਦੀ ਜਗ੍ਹਾ ਤਿਆਰ ਕੀਤੀ ਜਾ ਰਹੀ ਹੈ।

## ਪੰਜਾਬੀਆਂ ਹਿਤੈਸ਼ੀਆਂ ਦੀ ਪੋਚਾ ਫੇਰ ਮੁਹਿੰਮ ਦਾ ਮਾਰਚ ਜਾਰੀ

### ਮਾਂ ਬੋਲੀ ਸਤਿਕਾਰਤ ਕਮੇਟੀ ਨੇ ਪੰਜਾਬ ਭਰ 'ਚ ਅੰਗਰੇਜ਼ੀ ਅਤੇ ਹਿੰਦੀ 'ਚ ਲੱਗੇ ਬੋਰਡਾਂ ਤੇ ਫਲੈਕਸਾਂ 'ਤੇ ਫੇਰੀ ਕੂਚੀ

**ਬਠਿੰਡਾ/ਬਿਊਰੋ ਨਿਊਜ਼:** ਮਾਂ ਬੋਲੀ ਸਤਿਕਾਰ ਕਮੇਟੀ ਨੇ ਬਠਿੰਡਾ-ਪਟਿਆਲਾ ਕੌਮੀ ਸ਼ਾਹਰਾਹ ਦੇ ਤਕਰੀਬਨ ਸੈਂਕੜੇ ਸਾਈਨ ਬੋਰਡਾਂ 'ਤੇ ਪੋਚਾ ਫੇਰ ਦਿੱਤਾ। ਇਸ ਕਮੇਟੀ ਨੇ ਪੋਚਾ ਫੇਰ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਜੋ 15 ਅਪਰੈਲ ਤੱਕ ਚੱਲੇਗੀ। ਬਠਿੰਡਾ ਦੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਾਈਨ ਬੋਰਡਾਂ 'ਤੇ ਸ਼ੁਕਰਵਾਰ ਰਾਤ ਨੂੰ ਕਾਲਾ ਪੋਚਾ ਫੇਰ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ। ਸਾਬਕਾ ਗੈਂਗਸਟਰ ਲੱਖਾ ਸਧਾਣਾ, ਦਲ ਖ਼ਾਲਸਾ ਦੇ ਬਾਬਾ ਹਰਦੀਪ ਮਹਿਰਾਜ, ਬੀਕੇਯੂ (ਕ੍ਰਾਂਤੀਕਾਰੀ) ਦੇ ਸੁਰਜੀਤ ਫੂਲ ਅਤੇ ਅਕਾਲੀ ਦਲ (ਅੰਮ੍ਰਿਤਸਰ) ਰਜਿੰਦਰ ਸਿੰਘ ਫ਼ਤਿਹਗੜ੍ਹ ਛੰਨਾ ਤੇ ਹੋਰਨਾਂ ਨੇ ਇਸ ਮੁਹਿੰਮ ਦੀ ਅਗਵਾਈ ਕੀਤੀ। ਮਾਂ ਬੋਲੀ ਸਤਿਕਾਰ ਕਮੇਟੀ ਦੇ ਕਾਫ਼ਲੇ ਵਿੱਚ 300 ਤੋਂ ਜ਼ਿਆਦਾ ਕਾਰਕੁਨ ਸ਼ਾਮਲ ਸਨ, ਜਿਨ੍ਹਾਂ ਪਿੰਡ ਮਹਿਰਾਜ ਦੇ ਗੁਰੂ ਘਰ ਤੋਂ ਰਵਾਨਗੀ ਕੀਤੀ। ਇਸ ਤੋਂ ਪਹਿਲਾਂ ਲੰਘੀ ਰਾਤ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ, ਆਮਦਨ ਕਰ ਵਿਭਾਗ, ਡਾਕਘਰ ਅਤੇ ਮੈਕਸ ਹਸਪਤਾਲ ਦੇ ਸਾਈਨ ਬੋਰਡਾਂ 'ਤੇ ਕਾਲਾ ਪੋਚਾ ਫੇਰਿਆ ਗਿਆ। ਕਮੇਟੀ ਆਗੂ ਲੱਖਾ ਸਧਾਣਾ ਨੇ ਦੱਸਿਆ ਕਿ ਤਿੰਨ ਮਹੀਨੇ ਪਹਿਲਾਂ ਕਮੇਟੀ ਤਰਫ਼ੋਂ ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਪੰਜਾਬੀ ਭਾਸ਼ਾ ਲਾਗੂ ਕਰਾਉਣ ਸਬੰਧੀ ਮੰਗ ਪੱਤਰ ਦਿੱਤੇ ਗਏ ਸਨ। ਕੌਮੀ ਹਾਈਵੇਅ ਅਥਾਰਿਟੀ ਨੂੰ ਲੀਗਲ ਨੋਟਿਸ ਵੀ ਭੇਜਿਆ ਗਿਆ ਪ੍ਰੰਤੂ ਸਰਕਾਰ ਨੇ ਮਾਂ ਬੋਲੀ ਦੇ ਸਤਿਕਾਰ ਲਈ ਕੋਈ ਕਦਮ ਨਹੀਂ ਚੁੱਕਿਆ ਜਿਸ ਕਰਕੇ ਅੱਜ ਸਤਿਕਾਰ ਕਮੇਟੀ ਨੂੰ ਇਹ ਮੁਹਿੰਮ ਵਿੱਢਣੀ ਪਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਪੂਰੇ 15 ਦਿਨ ਚੱਲੇਗੀ ਅਤੇ ਹਰ ਅੰਗਰੇਜ਼ੀ ਤੇ ਹਿੰਦੀ ਵਾਲੇ ਸਾਈਨ ਬੋਰਡ 'ਤੇ ਪੋਚਾ ਫੇਰਿਆ ਜਾਵੇਗਾ।

ਸਮਾਣਾ/ਬਿਊਰੋ ਨਿਊਜ਼: ਮਾਂ ਬੋਲੀ ਸਤਿਕਾਰ ਕਮੇਟੀ ਪੰਜਾਬ ਵੱਲੋਂ ਇਥੇ ਅੰਗਰੇਜ਼ੀ ਵਿੱਚ ਲੱਗੇ ਸਾਈਨ ਬੋਰਡਾਂ 'ਤੇ ਕਾਲਾ ਪੋਚਾ ਫੇਰਨ ਦੀ ਮੁਹਿੰਮ ਚਲਾਈ ਗਈ। ਸਤਿਕਾਰ ਕਮੇਟੀ ਪੰਜਾਬ ਦੇ ਪ੍ਰਧਾਨ

**ਬਾਕੀ ਸਫ਼ਾ 32 'ਤੇ**

# ਹਿੰਦੂ ਰਾਸ਼ਟਰਵਾਦ, ਭਗਵਾਂ ਸਿੱਖਿਆ ਏਜੰਡਾ ਤੇ ਖਾਲਸਾ ਪੰਥ

**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬਾਇਲ: 9815700916)



25 ਸਤੰਬਰ, 1925 ਨੂੰ ਤਕਰੀਬਨ 93 ਸਾਲ ਪਹਿਲਾਂ ਨਾਗਪੁਰ ਵਿਖੇ ਹੋਂਦ ਵਿੱਚ ਆਈ ਹਿੰਦੂ ਰਾਸ਼ਟਰਵਾਦੀ ਸੰਸਥਾ 'ਆਰ. ਐਸ. ਐਸ.' ਦੇ ਪਹਿਲੇ ਬਾਨੀ ਮੁੱਖੀ ਕੇਸ਼ਵ ਬਲੀਰਾਮ ਹੈਡਗੇਵਰ ਨੇ ਇਸ ਸੰਸਥਾ ਨੂੰ ਬਣਾਉਣ ਵੇਲੇ ਭਾਰਤ ਨੂੰ 'ਹਿੰਦੂ ਰਾਸ਼ਟਰ' ਉਸਾਰਨ ਦਾ ਸੁਪਨਾ ਦੇਖਿਆ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਇਹ ਸੰਸਥਾ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਦੇ ਲਈ ਬੜੀ ਸਰਗਰਮੀ ਨਾਲ ਜੁਟੀ ਹੋਈ ਹੈ। ਆਰ ਐਸ ਐਸ ਦੇ ਕੋਲ 60 ਲੱਖ ਤੋਂ ਵੱਧ ਰਜਿਸਟਰਡ ਵਲੰਟੀਅਰ ਮੈਂਬਰ ਹਨ, ਜੋ ਕਿ 50 ਹਜ਼ਾਰ ਤੋਂ ਵੱਧ ਸ਼ਾਖਾਵਾਂ ਵਿਚ ਸਰਗਰਮ ਹਨ। ਇਨ੍ਹਾਂ ਕੋਲ ਇਸ ਤੋਂ ਇਲਾਵਾ ਹਜ਼ਾਰਾਂ ਹੀ ਨਾਨ ਰਜਿਸਟਰਡ ਮੈਂਬਰ ਹਨ। ਆਰ ਐਸ ਐਸ ਦੀਆਂ ਸੈਂਕੜੇ ਹੋਰ ਸੰਸਥਾਵਾਂ ਸਰਗਰਮ ਹਨ, ਜਿਨ੍ਹਾਂ ਵਿਚ 'ਭਾਰਤੀ ਜਨਤਾ ਪਾਰਟੀ', ਇਸ ਦਾ ਮੁੱਖ ਰਾਜਨੀਤਕ ਵਿੰਗ ਹੈ, ਜੋ ਕਿ ਮੋਦੀ ਦੀ ਅਗਵਾਈ ਵਿਚ ਸਰਕਾਰ ਚਲਾ ਰਹੀ ਹੈ ਤੇ ਇਸ ਤੋਂ ਇਲਾਵਾ 'ਵਿਸ਼ਵ ਹਿੰਦੂ ਪ੍ਰੀਸ਼ਦ' ਜਿਸ ਨੇ ਬਾਬਰੀ ਮਸਜਿਦ ਢਾਹੁਣ ਵਿਚ ਅਹਿਮ ਭੂਮਿਕਾ ਨਿਭਾਈ ਸੀ, 'ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' (ਜੋ ਕਿ ਮੋਦੀ ਸਰਕਾਰ ਬਣਨ ਵੇਲੇ ਤੋਂ ਬੜੇ ਯੋਜਨਾਬੱਧ ਢੰਗ ਨਾਲ ਕਾਲਜਾਂ, ਯੂਨੀਵਰਸਿਟੀਆਂ ਵਿਚ ਧਰਮ ਨਿਰਪੱਖ, ਮਾਰਕਸੀ, ਦਲਿਤ, ਮੁਸਲਿਮ ਤੇ ਹੋਰ ਘੱਟ ਗਿਣਤੀ ਪ੍ਰੋਫੈਸਰਾਂ, ਵਿਦਿਆਰਥੀ ਲੀਡਰਾਂ, ਪੱਤਰਕਾਰਾਂ, ਮਨੁੱਖੀ ਅਧਿਕਾਰ ਕਾਰਕੁੰਨਾਂ, ਲੇਖਕਾਂ ਆਦਿ ਨੂੰ ਹਿੰਸਕ ਨਿਸ਼ਾਨਾ ਬਣਾ ਰਹੀ ਹੈ), 'ਬਜਰੰਗ ਦਲ' (ਜੋ ਕਿ ਯੋਜਨਾਬੱਧ ਢੰਗ ਨਾਲ ਮੁਸਲਮਾਨਾਂ, ਦਲਿਤਾਂ, ਆਦਿ ਵਾਸੀਆਂ ਤੇ ਘੱਟ ਗਿਣਤੀਆਂ ਤੇ ਖ਼ੂਨੀ ਹਮਲੇ ਕਰ ਰਿਹਾ ਹੈ, 'ਰਾਸ਼ਟਰੀ ਸਿੱਖ ਸੰਗਤ' ਤੇ 'ਮੁਸਲਿਮ ਰਾਸ਼ਟਰੀਆ ਮੰਚ' (ਸਿੱਖਾਂ ਤੇ ਮੁਸਲਮਾਨਾਂ ਦਾ ਸਾਜ਼ਿਸ਼ੀ ਢੰਗ ਨਾਲ ਭਗਵਾਂਕਰਨ ਕਰਨ ਵਿੱਚ ਲੱਗੀਆਂ ਹੋਈਆਂ ਹਨ), 'ਅਖਿਲ ਭਾਰਤੀ ਕਿਸਾਨ ਸੰਘ', 'ਅਖਿਲ ਭਾਰਤੀ ਮਜਦੂਰ ਸੰਘ', 'ਭਾਰਤੀ ਵਿਚਾਰ ਕੇਂਦਰ' (ਜੋ ਕਿ ਆਰ. ਐਸ. ਐਸ. ਨਾਲ ਸਬੰਧਿਤ ਬੁਧੀਜੀਵੀਆਂ ਦਾ ਥਿੰਕ ਟੈਂਕ ਹੈ) ਆਦਿ ਸ਼ਾਮਲ ਹਨ। ਮੋਦੀ ਸਰਕਾਰ ਬਣਨ ਤੋਂ ਬਾਅਦ ਆਰ. ਐਸ. ਐਸ. ਨੇ ਆਪਣੇ ਭਗਵੇਂ ਏਜੰਡੇ ਨੂੰ ਤੇਜ਼ੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ।

ਮੋਦੀ ਸਰਕਾਰ ਵਲੋਂ ਆਪਣੇ ਏਜੰਡੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਤਿੰਨੇ ਫੌਜਾਂ ਦੇ ਮੁੱਖੀ, ਸੁਪਰੀਮ ਕੋਰਟ ਦੇ ਜੱਜ ਤੇ ਹੋਰ ਉੱਚ ਅਹੁਦਿਆਂ 'ਤੇ ਪਹਿਲਾਂ ਹੀ ਤਿਆਰ ਕੀਤੇ ਹੋਏ ਆਈ. ਏ. ਐਸ. , ਆਈ. ਪੀ. ਐਸ. , ਪੀ. ਸੀ. ਐਸ., ਆਈ. ਐਫ. ਐਸ. , ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਤੇ ਹੋਰ ਅਧਿਕਾਰੀ ਆਪਣੇ ਬੰਦੇ ਲਗਾਏ ਜਾ ਰਹੇ ਹਨ।

**ਭਗਵਾਂ ਸਿੱਖਿਆ ਏਜੰਡਾ**

ਆਰ ਐਸ ਐਸ ਹੁਣ ਭਗਵੇਂ ਸਿੱਖਿਆ ਏਜੰਡੇ ਲਈ ਲਗਾਤਾਰ ਸਰਗਰਮ ਹੈ ਤੇ ਉਹ ਪੂਰੇ ਭਾਰਤ ਦਾ ਇਤਿਹਾਸ ਬਦਲ ਰਹੀ ਹੈ ਤਾਂ ਜੋ ਇਤਿਹਾਸ ਦਾ ਭਗਵਾਂਕਰਨ ਕਰਕੇ ਹਿੰਦੂ ਰਾਸ਼ਟਰਵਾਦ ਵਲ ਵਧਿਆ ਜਾਵੇ। ਇਸ ਸੰਬੰਧ ਵਿਚ ਸਿੱਖ ਇਤਿਹਾਸ ਦਾ ਭਗਵਾਂਕਰਨ ਤੇ ਗੁਰਬਾਣੀ ਦੀ ਬ੍ਰਾਹਮਣਵਾਦੀ ਵਿਆਖਿਆ ਤੇ ਅੰਬੇਡਕਰ ਦੀਆਂ ਬ੍ਰਾਹਮਣਵਾਦ ਵਿਰੋਧੀ ਨੀਤੀਆਂ ਦਾ ਭਗਵਾਂਕਰਨ ਕਰਕੇ ਹਿੰਦੂ ਰਾਸ਼ਟਰਵਾਦ ਦੇ ਹੱਕ ਵਿਚ ਭੁਗਤਾਇਆ ਜਾਵੇ ਤਾਂ ਜੋ ਸਿੱਖ ਤੇ ਮੂਲਨਿਵਾਸੀ ਹਿੰਦੂ ਧਰਮ ਦਾ ਇਕ ਹਿੱਸਾ ਬਣ ਸਕਣ। ਇਹ ਰਾਜ ਕਰਨ ਦਾ ਚਾਣਕੀਆ ਨੀਤੀ ਅਨੁਸਾਰ ਇਕ ਢੰਗ ਹੈ। ਆਰ ਐਸ ਐਸ ਲਗਾਤਾਰ ਸਿੱਖਿਆ ਦੇ ਖੇਤਰ ਵਿਚ ਕੰਮ ਕਰਦੀ ਆ ਰਹੀ ਹੈ। ਆਰ ਐਸ ਐਸ ਦੀ ਭਗਵੀਂਵਾਦੀ ਸਿੱਖਿਆ ਨੀਤੀ ਦਾ ਪ੍ਰਚਾਰ ਤੇ ਪਾਸਾਰ ਸਰਵਸਵਤੀ ਸਿੱਖਿਆ ਮੰਦਰ, ਏਕਲ ਸਕੂਲ ਤੇ ਵਿਦਿਆ ਭਾਰਤੀ ਸੰਸਥਾਵਾਂ ਕਰਦੀਆਂ ਆ ਰਹੀਆਂ ਹਨ। ਮੋਦੀ ਦੇ ਰਾਜ ਦੌਰਾਨ ਆਰ ਐਸ ਐਸ ਨੇ ਭਾਰਤ ਦੀਆਂ ਪ੍ਰਮੁਖ ਯੂਨੀਵਰਸਿਟੀਆਂ ਤੇ ਸੋਧ ਸੰਸਥਾਵਾਂ ਦੇ ਉੱਚੇ ਅਹੁਦਿਆਂ 'ਤੇ ਭਗਵੇਂਵਾਦੀ ਏਜੰਡੇ ਨਾਲ ਸਹਿਮਤ ਵਿਦਵਾਨ ਬਿਰਾਜਮਾਨ ਹਨ। ਭਾਜਪਾ ਦੀ ਅਗਵਾਈ ਵਾਲੀ ਪਿਛਲੀ ਐਨਡੀਏ ਸਰਕਾਰ ਜਿਸ ਦੀ ਅਗਵਾਈ ਅਟਲ ਬਿਹਾਰੀ ਵਾਜਪਾਈ ਕਰ ਰਹੇ ਸਨ, ਨੇ ਵੀ ਸਿੱਖਿਆ ਦੇ ਭਗਵਾਂਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਸਕੂਲੀ ਸਿਲੇਬਸਾਂ ਵਿਚ ਪਰਿਵਰਤਨ ਕੀਤੇ ਸਨ ਤੇ ਮਿੱਥਕ ਸਾਹਿਤ ਤੇ ਕਰਮਕਾਂਡ ਵਰਗੇ ਸਿਲੇਬਸ ਲਾਗੂ ਕੀਤੇ ਸਨ।

ਆਰਐੱਸਐੱਸ ਅਤੇ ਭਾਜਪਾ ਵਰਗੇ ਹਿੰਦੂਵਾਦੀ ਸੰਗਠਨਾਂ ਦੀ ਰਾਏ ਇਹ ਵੀ ਹੈ ਕਿ ਬ੍ਰਿਟਿਸ਼ ਸਾਮਰਾਜ ਦੇ ਦੌਰ ਵਿਚ ਲਿਖੀਆਂ ਗਈਆਂ ਦੇਸ ਦੇ ਇਤਿਹਾਸ ਦੀਆਂ ਕਿਤਾਬਾਂ ਵਿਚ ਹਿੰਦੂ ਸੰਸਕ੍ਰਿਤੀ ਤੇ ਸੱਭਿਅਤਾ ਤੇ ਉਸ ਦੀਆਂ ਕਾਮਯਾਬੀਆਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦੀ ਵਿਚਾਰਧਾਰਾ ਇਹ ਹੈ ਕਿ 'ਭਾਰਤ ਹਿੰਦੂਆਂ ਦਾ ਹੈ, ਹਿੰਦੂਆਂ ਲਈ ਹੈ'।

ਆਰਐੱਸਐੱਸ ਦੇ ਸੰਸਥਾਪਕਾਂ ਦਾ ਖਿਆਲ ਸੀ ਕਿ ਆਰੀਅਨ ਨਸਲ ਦੇ ਲੋਕ ਅਸਲ ਭਾਰਤੀ ਹਨ ਅਤੇ ਹਿੰਦੂਆਂ ਦੀਆਂ ਦੋ ਅਹਿਮ ਕਿਤਾਬਾਂ 'ਮਹਾਂਭਾਰਤ' ਅਤੇ 'ਰਮਾਇਣ' ਸਿਰਫ ਧਾਰਮਿਕ ਕਿਤਾਬਾਂ ਨਹੀਂ, ਸਗੋਂ ਇਤਿਹਾਸਕ ਹਕੀਕਤ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਇਸਲਾਮ, ਈਸਾਈ ਮਤ ਅਤੇ ਖੱਬੇ ਪੱਖੀ ਆਦਿ 'ਬਾਹਰੀ' ਧਾਰਨਾਵਾਂ ਨੇ ਹਿੰਦੂ ਸੰਸਕ੍ਰਿਤੀ ਅਤੇ ਸਭਿਅਤਾ ਨੂੰ ਡੂੰਘਾ ਨੁਕਸਾਨ ਪਹੁੰਚਾਇਆ ਹੈ।

ਆਰਐੱਸਐੱਸ ਦੇ ਬੁਲਾਰੇ ਮਨਮੋਹਨ ਵੈਦਿਆ ਦਾ ਕਹਿਣਾ ਹੈ ਕਿ ਭਾਰਤ ਦੇ ਇਤਿਹਾਸ ਦਾ ਅਸਲੀ ਰੰਗ ਭਗਵਾ ਹੈ ਅਤੇ ਸਾਨੂੰ ਦੇਸ ਵਿਚ ਸਭਿਆਚਾਰਕ ਬਦਲਾਅ ਲਿਆਉਣ ਲਈ ਇਤਿਹਾਸ ਨੂੰ ਛੇਤੀ ਹੀ ਲਿਖਣਾ ਚਾਹੀਦਾ ਹੈ। ਮੋਦੀ ਸਰਕਾਰ ਨੇ ਕੁਝ ਸਮੇਂ ਪਹਿਲਾਂ ਇਤਿਹਾਸਕਾਰਾਂ, ਪੁਰਾਤਤਵ ਵਿਗਿਆਨੀਆਂ ਤੇ ਸੰਸਕ੍ਰਿਤੀ ਦੇ ਸਕਾਲਰਾਂ ਦੀ ਇੱਕ ਕਮੇਟੀ ਬਣਾਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਮੇਟੀ ਸਾਬਿਤ ਕਰੇਗੀ ਕਿ ਮੌਜੂਦਾ ਭਾਰਤ ਵਿਚ ਵਸਣ ਵਾਲੇ ਲੋਕ ਸਭ ਤੋਂ ਪਹਿਲਾਂ ਵਸਣ ਵਾਲੇ ਆਰੀਅਨ ਲੋਕਾਂ ਦੀਆਂ ਸੰਤਾਨਾਂ ਹੀ ਹਨ। ਇਹ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਇਹ ਕਮੇਟੀ ਪੁਰਾਤਤਵਿਕ, ਪ੍ਰਾਚੀਨ ਪਾਂਡੂਲਿਪੀਆਂ ਤੇ ਡੀਐੱਨਏ ਦੇ ਆਧਾਰ 'ਤੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰੇਗੀ ਕਿ ਮੌਜੂਦਾ ਹਿੰਦੂ ਹੀ ਦੇਸ ਵਿਚ ਹਜ਼ਾਰਾਂ ਸਾਲ ਪਹਿਲਾਂ ਆਬਾਦ ਹੋਣ ਵਾਲੇ ਲੋਕਾਂ ਦੀਆਂ ਨਸਲਾਂ ਹਨ। ਇਤਿਹਾਸਕਾਰਾਂ ਦੀ ਇਹ ਕਮੇਟੀ ਇਹ ਵੀ ਸਾਬਿਤ ਕਰੇਗੀ ਕਿ ਹਿੰਦੂਆਂ ਦੀਆਂ ਪ੍ਰਾਚੀਨ ਧਾਰਮਿਕ ਕਿਤਾਬਾਂ ਸਿਰਫ ਕਹਾਣੀਆਂ ਨਹੀਂ ਇਤਿਹਾਸਕ ਹਕੀਕਤ ਹਨ ਅਤੇ ਉਸ ਦੇ ਪਾਤਰ ਅਸਲੀ ਹਨ।

ਸੰਨ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਪ੍ਰਾਚੀਨ, ਮੱਧ ਕਾਲੀਨ ਤੇ ਆਧੁਨਿਕ ਭਾਰਤੀ ਇਤਿਹਾਸ ਨੂੰ ਦੇਖਣ ਦੇ ਆਰ ਐਸ ਐਸ ਦੇ ਤਰੀਕਿਆਂ ਨੂੰ ਵਿਦਿਆਰਥੀਆਂ 'ਤੇ ਥੋਪਿਆ ਜਾ ਰਿਹਾ ਹੈ। ਆਰ ਐਸ ਐਸ ਦੇ ਨੇਤਾ ਕੇਂਦਰ ਸਰਕਾਰ ਤੋਂ ਲਗਾਤਾਰ ਇਹ ਮੰਗ ਕਰ ਰਹੇ ਹਨ ਕਿ ਸਿੱਖਿਆ ਪ੍ਰਬੰਧ ਵਿਚ ਪਰਿਵਰਤਨ ਕੀਤਾ ਜਾਵੇ। ਸਿਲੇਬਸਾਂ ਵਿਚ ਸਿੱਖਿਆ ਨੀਤੀਆਂ ਵਿਚ ਜੋ ਪਰਿਵਰਤਨ ਕੀਤੇ ਜਾ ਰਹੇ ਹਨ, ਉਨ੍ਹਾਂ ਦਾ ਉਦੇਸ਼ ਸਿੱਖਿਆ ਨੂੰ ਵਿਸ਼ਵੀਕਰਨ ਤੇ ਨਿੱਜੀਕਰਨ ਦੀਆਂ ਆਰਥਿਕ ਨੀਤੀਆਂ ਤੇ ਹਿੰਦੂਵਾਦੀ ਏਜੰਡੇ ਦੇ ਅਨੁਸਾਰ ਬਣਾਉਣਾ ਹੈ।

ਜਿਸ ਤਰ੍ਹਾਂ ਦੀ ਸਿੱਖਿਆ ਵਿਵਸਥਾ ਲਾਗੂ ਕੀਤੀ ਜਾ ਰਹੀ ਹੈ, ਉਸ ਦਾ ਅੰਤਿਮ ਨਿਸ਼ਾਨਾ ਆਉਣ ਵਾਲੀਆਂ ਪੀੜ੍ਹੀਆਂ ਦੇ ਸੋਚਣ ਦੇ ਤਰੀਕਿਆਂ ਵਿਚ ਤਬਦੀਲੀ ਲਿਆਉਣਾ ਹੈ। ਇਸ ਦਾ ਉਦੇਸ਼ ਬ੍ਰਾਹਮਣਵਾਦੀ ਸੋਚ ਨੂੰ ਸਮਾਜ 'ਤੇ ਜ਼ਬਰੀ ਲਾਗੂ ਕਰਨਾ ਹੈ ਤੇ ਵਿਗਿਆਨਕ ਸਮਝ ਨੂੰ ਕਮਜ਼ੋਰ ਕਰਨਾ ਹੈ ਤੇ ਮੱਧ ਕਾਲੀਨ ਰੂੜੀਵਾਦੀ ਮਾਨਸਿਕਤਾ ਤੇ ਜਾਤੀਵਾਦੀ ਸਿਸਟਮ ਨੂੰ ਉਤਸ਼ਾਹਿਤ ਕਰਨਾ ਹੈ। ਹੁਣੇ ਜਿਹੇ ਇਕ ਮੀਟਿੰਗ ਵਿਚ ਆਰ ਐਸ ਐਸ ਦੇ ਨੇਤਾਵਾਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਤਿਹਾਸ ਤੇ ਹੋਰ ਵਿਸ਼ਿਆਂ ਦੀਆਂ ਪੁਸਤਕਾਂ ਆਪਣੇ ਢੰਗ ਨਾਲ ਲਿਖੀਆਂ ਹਨ। ਇਹ ਇਤਿਹਾਸ ਸੱਚਾ ਨਹੀਂ ਹੈ ਤੇ ਹਿੰਦੂ ਵਿਰੋਧੀ ਹੈ। ਹੁਣ ਸਮਾਂ ਆ ਗਿਆ ਹੈ ਕਿ ਵਿਦਿਆਰਥੀਆਂ ਨੂੰ ਅਸਲੀ ਇਤਿਹਾਸ ਪੜ੍ਹਾਇਆ ਜਾਵੇ ਤੇ ਸਿੱਖਿਆ ਵਿਵਸਥਾ ਨੂੰ ਸਹੀ ਦਿਸ਼ਾ ਵਿਚ ਲਿਆਂਦਾ ਜਾਵੇ। ਸਪੱਸ਼ਟ ਹੈ ਕਿ ਆਰ ਐਸ ਐਸ ਸੰਪੂਰਨ ਸਿੱਖਿਆ ਪ੍ਰਣਾਲੀ ਨੂੰ ਬਦਲਣ ਦੇ ਲਈ ਸਰਗਰਮ ਹੈ ਤੇ ਉਹ ਇਤਿਹਾਸ, ਸਾਮਾਜਿਕ ਤੇ ਵਿਗਿਆਨ ਤੇ ਹੋਰ ਵਿਸ਼ਿਆਂ ਦੀਆਂ ਪੁਸਤਕਾਂ ਨੂੰ ਭਗਵੀਂ ਨੀਤੀ ਤਹਿਤ ਪੂਰੀ ਤਰ੍ਹਾਂ ਬਦਲ ਦੇਣਾ ਚਾਹੁੰਦੀ ਹੈ। ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਹੀ ਭਗਵੀਆਂ ਸੰਸਥਾਵਾਂ ਨੇ ਵਿਦਵਾਨਾਂ ਤੇ ਇਤਿਹਾਸਕਾਰਾਂ ਦੇ ਖਿਲਾਫ਼ ਮੁਹਿੰਮ ਸ਼ੁਰੂ ਕਰ ਦਿੱਤੀ ਸੀ।

ਸਿੱਖਿਆ ਬਚਾਅ ਅਭਿਆਨ ਸਮਿਤੀ ਤੇ ਆਰ ਐਸ ਐਸ ਨਾਲ ਜੁੜੇ ਸਿੱਖਿਆ ਸੰਸਕ੍ਰਿਤੀ ਉਤਥਾਨ ਨਿਆਸ ਦੇ ਦੀਨਾਨਾਥ ਬੱਤਰਾ ਨੇ ਦੁਨੀਆਂ ਦੇ ਸਭ ਤੋਂ ਵੱਡੇ ਪ੍ਰਕਾਸ਼ਕ ਪੈਂਗਵਿਨ ਨੂੰ ਇਸ ਗੱਲ ਦੇ ਲਈ ਮਜ਼ਬੂਰ ਕਰ ਦਿੱਤਾ ਕਿ ਉਹ ਵੇਂਡੀ ਡੋਨੀਗਰ ਦੀ ਵਿਦਵਤਾ ਪੂਰਨ ਪੁਸਤਕ ਦਾ ਹਿੰਦੂਜ਼ : ਐਨ ਅਲਟਰਨੇਟ ਹਿਸਟਰੀ ਨੂੰ ਪ੍ਰਕਾਸ਼ਿਤ ਨਾ ਕਰੇ। ਇਹ ਪੁਸਤਕ ਪੌਰਾਣਿਕ ਸ਼ਾਸ਼ਤਰਾਂ ਦੀ ਵਿਆਖਿਆ ਦੇ ਰਾਹੀਂ, ਜਾਤੀਗਤ ਤੇ ਲਿੰਗਕ ਅਸਲੀਅਤਾਂ ਨੂੰ ਸਮਝਣ ਦਾ ਸੰਵੇਦਨਸ਼ੀਲ ਯਤਨ ਹੈ। ਲੇਖਿਕਾ ਦੀ ਇਤਿਹਾਸ ਦੀ ਵਿਆਖਿਆ ਸੰਘ ਪਰਿਵਾਰ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀ ਤੇ ਇਸ ਲਈ ਪੈਂਗਵਿਨ 'ਤੇ ਦਬਾਅ ਪਾ ਕੇ ਇਸ ਪੁਸਤਕ ਦਾ ਪ੍ਰਕਾਸ਼ਨ ਰੁਕਵਾ ਦਿੱਤਾ ਗਿਆ। ਬੱਤਰਾ ਦੀਆਂ ਲਿਖੀਆਂ ਹੋਈਆਂ ਨੌ ਪੁਸਤਕਾਂ ਦਾ ਗੁਜਰਾਤੀ ਵਿਚ ਅਨੁਵਾਦ ਕਰਕੇ ਉਸ ਨੂੰ ਗੁਜਰਾਤ ਦੇ 42 ਹਜ਼ਾਰ ਸਕੂਲਾਂ ਵਿਚ ਲਾਗੂ ਕਰ ਦਿੱਤਾ ਗਿਆ। ਇਹ ਇਕ ਤਰ੍ਹਾਂ ਦੀ ਪਾਈਲਟ ਪ੍ਰਯੋਜਨਾ ਹੈ, ਜਿਸ ਦੇ ਬਾਅਦ ਹੋਰ ਵੱਡੇ ਪੈਮਾਨੇ 'ਤੇ ਇਹੀ ਕੰਮ ਕੀਤਾ ਜਾਵੇਗਾ। ਤੁਹਾਨੂੰ ਯਾਦ ਕਰਵਾ ਦੇਈਏ ਕਿ 23 ਜੂਨ 2013 ਦੌਰਾਨ ਭਾਜਪਾ ਦੇ ਸੀਨੀਅਰ ਨੇਤਾ ਵੇਕਈਆ ਨਾਇਡੂ ਨੇ ਕਿਹਾ ਸੀ ਕਿ ਜੇਕਰ ਭਾਜਪਾ ਸੱਤਾ ਵਿਚ ਵਾਪਸ ਆਈ ਤਾਂ ਉਹ ਸਿਲੇਬਸ ਬਦਲੇਗੀ। ਬੱਤਰਾ ਦੇਸ ਵਿਚ ਰਾਸ਼ਟਰਵਾਦੀ ਸਿੱਖਿਆ ਪ੍ਰਣਾਲੀ ਲਾਗੂ ਕਰਨਾ ਚਾਹੁੰਦੇ ਹਨ, ਜਿਸ ਦੇ ਰਾਹੀਂ ਇਕ ਅਜਿਹੀ ਨਵੀਂ ਪੀੜ੍ਹੀ ਉਭਰੇ ਜੋ ਹਿੰਦੂ ਰਾਸ਼ਟਰਵਾਦ ਦੇ ਪ੍ਰਤੀ ਪ੍ਰਤੀਬੱਧ ਹੋਵੇ।

**ਇਤਿਹਾਸ ਦਾ ਭਗਵਾਂਕਰਨ**

ਆਰ ਐਸ ਐਸ ਪੁਰਾਣਾਂ ਨੂੰ ਇਤਿਹਾਸ ਦਾ ਭਾਗ ਬਣਾਉਣਾ ਚਾਹੁੰਦੀ ਹੈ। ਆਰ ਐਸ ਐਸ ਹੁਣ ਆਪਣੀ ਸਿੱਖਿਆ ਪ੍ਰਣਾਲੀ ਰਾਹੀਂ ਇਹ ਝੂਠਾ ਦਾਅਵਾ ਕਰ ਰਹੀ ਹੈ ਕਿ ਆਰੀਅਨ ਭਾਰਤ ਦੇ ਮੂਲਨਿਵਾਸੀ ਸਨ। ਮੋਹਨਜੋਦੜੋ ਤੇ ਹੜੱਪਾ ਨੂੰ ਆਰੀਆ ਸੱਭਿਅਤਾ ਦੱਸਣ ਦਾ ਯਤਨ ਕੀਤਾ ਜਾ ਰਿਹਾ ਹੈ। ਰਾਮਾਇਣ ਤੇ ਮਹਾਂਭਾਰਤ ਦੀ ਇਤਿਹਾਸਕਤਾ ਨੂੰ ਸਾਬਤ ਕਰਨ ਦੇ ਯਤਨ ਹੋ ਰਹੇ ਹਨ। ਹਾਲਾਂਕਿ ਹੁਣ ਤੱਕ ਸਮਝਿਆ ਜਾਂਦਾ ਹੈ ਕਿ ਰਾਮਾਇਣ ਤੇ ਮਹਾਂਭਾਰਤ ਇਤਿਹਾਸ ਨਹੀਂ, ਮਿਥਿਹਾਸ ਹਨ। ਪਰ ਆਰ ਐਸ ਐਸ ਰਾਮਾਇਣ ਤੇ ਮਹਾਂਭਾਰਤ ਮਹਾਂਕਾਵਾਂ ਨੂੰ ਇਤਿਹਾਸ ਦਾ ਦਰਜ ਦਿਵਾਉਣ ਦੇ ਲਈ ਸਰਗਰਮ ਹੈ ਤੇ ਇਸੇ ਗੱਲ ਨੂੰ ਉਹ ਲਗਾਤਾਰ ਪ੍ਰਚਾਰ ਰਹੀ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਗ੍ਰੰਥਾਂ ਨੂੰ ਸਿਲੇਬਸ ਦਾ ਆਧਾਰ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਆਰ ਐਸ ਐਸ ਵੱਲੋਂ ਇਹ ਵੀ ਛੁਰਲੀ ਛੱਡੀ ਜਾ ਰਹੀ ਹੈ ਕਿ ਪ੍ਰਾਚੀਨ ਭਾਰਤ ਵਿਚ ਮਨੁੱਖੀ ਸਭਿਅਤਾ ਆਪਣੇ ਉੱਚਤਮ ਸਿਖਰ 'ਤੇ ਸੀ ਤੇ ਇਸੇ ਕਾਲ ਵਿਚ ਸਟੇਮਸੈੱਲ 'ਤੇ ਸੋਧ ਹੁੰਦੀ ਸੀ, ਪਲਾਸਟਿਕ ਸਰਜਰੀ ਕੀਤੀ ਜਾਂਦੀ ਸੀ ਤੇ ਹਵਾਈ ਜਹਾਜ਼ (ਪੁਸ਼ਪਕ ਵਿਮਾਨ) ਵੀ ਸਨ। ਇਨ੍ਹਾਂ ਝੂਠੇ ਦਾਅਵਿਆਂ ਨੂੰ ਆਰ ਐਸ ਐਸ ਆਰੀਅਨ ਇਤਿਹਾਸ ਦੀ ਪ੍ਰਾਪਤੀ ਦਸ ਰਹੀ ਹੈ।

ਕੁਝ ਸਾਲ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੰਬਈ ਵਿਚ ਇਕ ਆਧੁਨਿਕ ਹਸਪਤਾਲ ਦਾ ਉਦਘਾਟਨ ਕਰਦੇ ਹੋਏ ਆਪਣੇ ਸਰੋਤਿਆਂ ਨੂੰ ਇਹ ਯਾਦ ਦਿਵਾਇਆ ਕਿ ਪ੍ਰਾਚੀਨ ਭਾਰਤ ਨੇ ਵਿਗਿਆਨ ਦੇ ਖੇਤਰ ਵਿਚ ਬਹੁਤ ਪ੍ਰਗਤੀ ਕੀਤੀ ਸੀ, ਉਸ 'ਤੇ ਸਾਨੂੰ ਸਭ ਨੂੰ ਮਾਣ ਕਰਨਾ ਚਾਹੀਦਾ ਹੈ। ਅਸੀਂ ਸਭ ਨੇ ਮਹਾਂਭਾਰਤ ਵਿਚ ਕਰਨ ਦੇ ਬਾਰੇ ਪੜ੍ਹਿਆ ਸੀ। ਮਹਾਂਭਾਰਤ ਵਿਚ ਇਹ ਵੀ ਕਿਹਾ ਕਿ ਕਰਨ ਆਪਣੀ ਮਾਂ ਦੇ ਗਰਭ ਵਿਚ ਪੈਦਾ ਨਹੀਂ ਹੋਇਆ ਸੀ। ਇਸ ਦਾ ਅਰਥ ਇਹ ਹੈ ਕਿ ਉਸ ਸਮੇਂ ਜਿਨਸੀ ਵਿਗਿਆਨ ਵੀ ਹੋਵੇਗਾ। ਤਦ ਕਰਨ ਆਪਣੀ ਮਾਂ ਦੇ ਗਰਭ ਤੋਂ ਬਾਹਰ ਪੈਦਾ ਹੋ ਸਕਿਆ। ਅਸੀਂ

## ਸਿੱਖ ਕੌਮ ਦੇ ਭਗਵੇਂਕਰਨ ਦੀ ਸਾਜ਼ਿਸ਼

ਆਰ ਐਸ ਐਸ ਸਿੱਖ ਕੌਮ ਦਾ ਭਗਵਾਂਕਰਨ ਲਈ ਯਤਨਸ਼ੀਲ ਹੈ। ਵੱਡੀ ਗੱਲ ਇਹ ਹੈ ਕਿ ਬਾਦਲ ਅਕਾਲੀ ਦਲ ਦੀ ਰਾਜਨੀਤਕ ਸਾਂਝ ਭਾਜਪਾ ਨਾਲ ਹੈ ਤੇ ਆਰ ਐਸ ਐਸ ਬਾਦਲ ਦਲ ਰਾਹੀਂ ਸਿੱਖ ਪੰਥ 'ਤੇ ਭਗਵਾਂ ਏਜੰਡਾ ਲਾਗੂ ਕਰਾਉਣ ਦੇ ਲਈ ਬਾਦਲ ਦਲ ਦੇ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਨੂੰ ਟੂਲ ਵਜੋਂ ਵਰਤ ਰਹੀ ਹੈ। ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਵਿਖੇ ਨਿਸ਼ਾਨ ਸਾਹਿਬਾਂ ਦੇ ਬਸੰਤੀ ਰੰਗ ਭਗਵੇਂ ਹੋ ਜਾਣੇ, ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਦੀ ਥਾਂ ਗੁਰੂ ਸਾਹਿਬ ਦੀਆਂ ਤਸਵੀਰਾਂ ਤੇ ਐਮੀਨੇਸ਼ਨ ਫ਼ਿਲਮਾਂ ਨੂੰ ਤਰਜੀਹ ਦੇਣਾ ਇਸ ਗੱਲ ਦਾ ਸਬੂਤ ਹਨ। ਆਰ ਐਸ ਐਸ ਨੇ ਸਿੱਖ ਕੌਮ ਦਾ ਭਗਵਾਂਕਰਨ ਕਰਨ ਦੇ ਲਈ ਆਪਣੀ ਸੰਸਥਾ ਰਾਸ਼ਟਰੀ ਸਿੱਖ ਸੰਗਤ ਉਸਾਰੀ ਹੋਈ ਹੈ, ਜਿਸ ਰਾਹੀਂ ਸਿੱਖ ਇਤਿਹਾਸ, ਸਿੱਖ ਸਾਹਿਤ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ ਰਾਸ਼ਟਰੀ ਸੰਗਠਨ ਦੀ ਪਹਿਲੀ ਇਕੱਤਰਤਾ ਅਗਸਤ 1986 ਵਿਚ ਦਿੱਲੀ ਵਿਚ ਕੀਤੀ ਗਈ ਤੇ ਫਿਰ ਉਸੇ ਨਾਲ ਨਵੰਬਰ ਵਿਚ ਅੰਮ੍ਰਿਤਸਰ ਵਿਚ ਵੱਡੇ ਇਕੱਠ ਵਿਚ ਇਸ ਦੀ ਸਥਾਪਨਾ ਕੀਤੀ ਗਈ। ਇਸ ਜਥੇਬੰਦੀ ਦਾ ਮੁੱਖ ਮਨੋਰਥ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਵਿਸ਼ੇਸ਼ ਅੰਗ ਸਥਾਪਤ ਕਰਨਾ ਸੀ।

## ਪੰਥ ਸੁਚੇਤ ਹੋਵੇ

ਪਰ ਸਿੱਖ ਧਰਮ ਇੱਕ ਖ਼ੁਦ-ਮੁਖ਼ਤਿਆਰ ਸੰਪੂਰਨ, ਸੁਤੰਤਰ ਤੇ ਕੌਮਾਂਤਰੀ ਧਰਮ ਹੈ ਅਤੇ ਉਸ ਦੇ ਪੈਰੋਕਾਰਾਂ ਦੀ ਅੱਡਰੀ ਹੋਂਦ ਹੈ ਜਿਹੜੀ ਉਹਨਾਂ ਨੇ ਬੜੀਆਂ ਸ਼ਹਾਦਤਾਂ ਤੇ ਸੰਘਰਸ਼ ਤੋਂ ਬਾਅਦ ਹੋਂਦ ਵਿਚ ਲਿਆਂਦੀ ਹੈ। ਸਿੱਖ ਪੰਥ ਦਾ ਆਰੀਅਨ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ, ਕਿਉਂਕਿ ਸਿੱਖ ਧਰਮ ਦੀ ਹੋਂਦ ਸਿੰਧੀਅਨ ਤੇ ਮੂਲਨਿਵਾਸੀ ਭਾਈਚਾਰੇ ਵਿਚੋਂ ਪ੍ਰਗਟ ਹੋਈ ਹੈ। ਆਰੀਅਨ ਸਭਿਅਤਾ ਨਾਲ ਸਿੱਖ ਧਰਮ ਦਾ ਸਿੱਧਾ ਟਕਰਾਅ ਹੈ। ਗੁਰਬਾਣੀ ਦਾ ਫਲਸਫਾ ਸਮੁੱਚੀ ਮਾਨਵਤਾ ਨੂੰ ਕਲਾਵੇ ਵਿਚ ਲੈਂਦਾ ਹਿੰਦੂ ਰਾਸ਼ਟਰਵਾਦ ਦੇ ਜਾਤੀਵਾਦ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਤੇ ਚੈਲਿੰਜ ਕਰਦਾ ਹੈ। ਸਿੱਖ ਕੌਮ ਦਾ ਨਿਸ਼ਾਨਾ ਜਾਤੀਵਾਦ ਤੋਂ ਰਹਿਤ ਬੇਗਮਪੁਰੇ ਤੇ ਹਲੇਮੀ ਰਾਜ ਦੀ ਸਿਰਜਣਾ ਕਰਨਾ ਹੈ, ਜਦ ਕਿ ਆਰ ਐਸ ਐਸ ਦਾ ਨਿਸ਼ਾਨਾ ਹਿੰਦੂ ਰਾਸ਼ਟਰ ਦੀ ਸਿਰਜਣਾ ਕਰਨਾ ਹੈ। ਦੋਹਾਂ ਵਿਚ ਇਤਿਹਾਸਕ ਤੇ ਸਭਿਆਚਾਰਕ ਟਕਰਾਅ ਹੈ। ਇਹ ਕਿਸੇ ਵੀ ਤਰ੍ਹਾਂ ਮਿਟ ਨਹੀਂ ਸਕਦਾ। ਸਿੱਖ ਧਰਮ ਹਮੇਸ਼ਾ ਮਨੁੱਖਤਾ ਤੇ ਸਰਬੱਤ ਭਲੇ ਦੀ ਆਵਾਜ਼ ਬੁਲੰਦ ਕਰਦਾ ਰਹੇਗਾ ਤੇ ਜਾਤੀਵਾਦ ਤੇ ਫਾਸ਼ੀਵਾਦੀ ਵਿਚਾਰਧਾਰਾ ਚੈਲਿੰਜ ਕਰਦਾ ਹੋਇਆ ਭਾਈ ਲਾਲੋਆ ਦੇ ਹੱਕ ਵਿਚ ਖੜਦਾ ਰਹੇਗਾ.

ਸਾਰੇ ਭਗਵਾਨ ਗਣੇਸ਼ ਦੀ ਪੂਜਾ ਕਰਦੇ ਹਾਂ, ਉਸ ਸਮੇਂ ਸ਼ਾਇਦ ਕੋਈ ਪਲਾਸਟਿਕ ਸਰਜਨ ਹੋਵੇਗਾ, ਜਿਸ ਨੇ ਹਾਥੀ ਦੇ ਸਿਰ ਨੂੰ ਮਨੁੱਖ ਦੇ ਸਿਰ 'ਤੇ ਲਗਾ ਦਿੱਤਾ।

ਇਹ ਕਾਲਪਨਿਕ ਗੱਲਾਂ ਹੌਲੀ ਹੌਲੀ ਸਕੂਲੀ ਸਿਲੇਬਸਾਂ ਦਾ ਹਿੱਸਾ ਬਣ ਰਹੀਆਂ ਹਨ। ਇਹ ਸਾਰਾ ਭਗਵਾਂ ਏਜੰਡਾ ਭਾਜਪਾ ਰਾਜਾਂ ਵਿਚ ਲਾਗੂ ਕੀਤਾ ਜਾ ਰਿਹਾ ਹੈ। ਦੀਨਾਨਾਥ ਬੱਤਰਾ ਨਾਮ ਦੇ ਲੇਖਕ ਦੀ ਪੁਸਤਕ 'ਤੇਜੋਮਯ ਭਾਰਤ' ਇਸ ਦੀ ਉਦਾਹਰਣ ਹੈ। ਪੁਸਤਕ ਵਿਦਿਆਰਥੀਆਂ ਨੂੰ ਦੱਸਦੀ ਹੈ ਕਿ ਅਮਰੀਕਾ ਸਟੈਮ ਸੈੱਲ ਵਿਚ ਸੋਧ ਦਾ ਰਚੇਤਾ ਹੋਣ ਦਾ ਦਾਅਵਾ ਕਰਦਾ ਹੈ। ਪਰੰਤੂ ਸੱਚ ਇਹ ਹੈ ਕਿ ਡਾਕਟਰ ਬਾਲ ਕ੍ਰਿਸ਼ਨ ਗਣਪਤ ਮਾਤਾਪੁਰਕਰ ਨੇ ਪਹਿਲਾਂ ਹੀ ਸਰੀਰ ਦੇ ਅੰਗਾਂ ਦਾ ਫਿਰ ਤੋਂ ਨਿਰਮਾਣ ਕਰਨ ਦੀ ਵਿਧੀ ਦਾ ਪੇਟੈਂਟ ਕਰਵਾ ਲਿਆ ਸੀ। .... ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਸੋਧ ਨਵਾਂ ਨਹੀਂ ਸੀ। ਡਾਕਟਰ ਮਾਤਾਪੁਰਕਰ ਦੀ ਪ੍ਰੇਰਨਾ ਸੀ, ਮਹਾਂਭਾਰਤ। ਕੁੰਤੀ ਦਾ ਸੂਰਜ ਵਰਗਾ ਤੇਜਸਵੀ ਪੁੱਤਰ ਇਸੇ ਢੰਗ ਦੇ ਨਾਲ ਪੈਦਾ ਹੋਇਆ ਸੀ।

ਜਦ ਗੰਧਾਰੀ ਦੋ ਸਾਲ ਤੱਕ ਗਰਭਵਤੀ ਨਹੀਂ ਹੋ ਸਕੀ ਤਾਂ ਇਸ ਨੂੰ ਪਤਾ ਚੱਲਿਆ ਕਿ ਇਸ ਦਾ ਗਰਭਪਾਤ ਹੋ ਗਿਆ ਹੈ। ਇਸ ਦੇ ਗਰਭ ਵਿਚ ਮਾਸ ਦਾ ਇਕ ਲੋਥੜਾ ਨਿਕਲਿਆ, ਫਿਰ ਰਿਸ਼ੀ ਦੈਪਾਇਅਨ ਵੇਦ ਬਿਆਸ ਨੂੰ ਬੁਲਾਇਆ ਗਿਆ। ਉਨ੍ਹਾਂ ਨੇ ਮਾਸ ਦੇ ਲੋਥੜੇ ਨੂੰ ਧਿਆਨ ਨਾਲ ਦੇਖਿਆ ਤੇ ਉਸ ਵਿਚ ਕੁਝ ਖਾਸ ਦਵਾਈਆਂ ਨਾਲ ਠੰਡੇ ਪਾਣੀ ਦੀ ਇਕ ਟੈਂਕੀ ਰਖਵਾ ਦਿੱਤੀ। ਉਨ੍ਹਾਂ ਨੇ ਮਾਸ ਦੇ ਇਸ ਲੋਥੜੇ ਦੇ ਸੌ ਟੁਕੜੇ ਕੀਤੇ ਤੇ ਉਨ੍ਹਾਂ ਵਿਚ ਦੋ ਸਾਲ ਤੱਕ ਘਿਓ ਨਾਲ ਭਰੀ ਸੌ ਸੌ ਅਲੱਗ ਅਲੱਗ ਟੰਕੀਆਂ ਵਿਚ ਰੱਖਿਆ। ਇਨ੍ਹਾਂ ਟੁਕੜਿਆਂ ਨਾਲ ਦੋ ਸੌ ਸਾਲ ਬਾਅਦ ਸੌ ਕੌਰਵਾਂ ਦਾ ਜਨਮ ਹੋਇਆ। ਇਹ ਪੜ੍ਹਨ ਤੋਂ ਬਾਅਦ ਉਨ੍ਹਾਂ (ਮਾਤਾਪੁਰਕਰ) ਨੂੰ ਇਹ ਅਹਿਸਾਸ ਹੋਇਆ ਕਿ ਸਟੈਮ ਸੈੱਲ ਉਨ੍ਹਾਂ ਦੀ ਖੋਜ ਨਹੀਂ ਹੈ। ਸਟੈਮ ਸੈੱਲ ਖੋਜ ਤਾਂ ਭਾਰਤ ਵਿਚ ਹਜ਼ਾਰਾਂ ਸਾਲ ਪਹਿਲਾਂ ਕਰ ਲਈ ਗਈ ਸੀ। (ਪੰਨਾ 92-93)।

ਇਸ ਤਰ੍ਹਾਂ ਪੌਰਾਣਿਕ ਕਥਾਵਾਂ ਨੂੰ ਵਿਗਿਆਨ ਦੱਸਿਆ ਜਾ ਰਿਹਾ ਹੈ। ਪੁਰਾਣਕ ਕਹਾਣੀਆਂ ਪੜ੍ਹਨ ਸੁਣਨ ਵਿਚ ਬਹੁਤ ਦਿਲਚਸਪ ਲਗਦੀਆਂ ਹਨ, ਪਰੰਤੂ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਪਰਾਸਰੀਰਕ ਅੰਸ਼ਾਂ ਤੇ ਮਨੋਕਲਪਿਤ ਅੰਸ਼ਾਂ ਨਾਲ ਭਰੀਆਂ ਹੁੰਦੀਆਂ ਹਨ। ਇਨ੍ਹਾਂ ਦਾ ਤਰਕ, ਵਿਗਿਆਨ, ਸੱਚ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਸੇ ਤਰ੍ਹਾਂ ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿਚ ਪ੍ਰਾਚੀਨ ਕਾਲ ਦੌਰਾਨ ਟੈਲੀਵਿਜ਼ਨ ਸੀ, ਕਿਉਂਕਿ ਸੰਜੇ ਨੇ ਕੁਰੂਕਸੇਤਰ ਵਿਚ ਮੀਲਾਂ ਦੂਰ ਬੈਠੇ ਵਿਆਸ ਨੂੰ ਮਹਾਂਭਾਰਤ ਯੁੱਧ ਦਾ ਵੇਰਵਾ ਸੁਣਾਇਆ ਸੀ। ਇਹ ਵੀ ਕਿਹਾ ਜਾਂਦਾ ਸੀ ਕਿਉਂਕਿ ਰਾਮ ਨੇ ਪੁਸ਼ਪਕ ਵਿਮਾਨ ਵਿਚ ਯਾਤਰਾ ਕੀਤੀ ਸੀ। ਇਸ ਲਈ ਪ੍ਰਾਚੀਨ ਭਾਰਤ ਵਿਚ ਆਧੁਨਿਕ ਵਿਗਿਆਨਕ ਖੋਜਾਂ ਹੋਈਆਂ ਸਨ। ਜਦ ਕਿ ਸੱਚਾਈ ਇਹ ਹੈ ਕਿ ਵਿਗਿਆਨਕ ਸਿਧਾਂਤਾਂ ਤੇ ਉਪਕਰਣਾਂ ਦਾ ਵਿਕਾਸ ਅਠਾਰਵੀਂ ਸਦੀ ਦੇ ਬਾਅਦ ਹੀ ਸ਼ੁਰੂ ਹੋਇਆ ਸੀ। ਇਸ ਲਈ ਆਰ ਐਸ ਐਸ ਦੀਆਂ ਇਹ ਕਾਲਪਨਿਕ ਖੋਜਾਂ ਗੱਪਾਂ ਦੇ ਭੰਡਾਰ ਹਨ, ਜਿਸ ਦਾ ਅਸਲੀ ਜ਼ਿੰਦਗੀ ਤੇ ਸੱਚ ਦੇ ਨਾਲ ਕੋਈ ਵਾਸਤਾ ਨਹੀਂ।

ਆਰ ਐਸ ਐਸ ਮੱਧਕਾਲੀਨ ਇਤਿਹਾਸ ਨੂੰ ਤਰੋੜ ਮਰੋੜ ਰਹੀ ਹੈ। ਐਨਸੀਈਆਰਟੀ ਆਰ ਐਸ ਐਸ ਦੀ ਦਿਸ਼ਾ ਨਿਰਦੇਸ਼ ਅਨੁਸਾਰ ਹਿੰਦੂ ਰਾਸ਼ਟਰਵਾਦ ਦੇ ਹੱਕ ਵਿਚ ਭੁਗਤ ਰਹੀ ਹੈ। ਅਜਿਹਾ ਕਿਹਾ ਜਾ ਰਿਹਾ ਹੈ ਕਿ ਕੁਤਬਮਿਨਾਰ ਦਾ ਨਿਰਮਾਣ ਸਮਰਾਟ ਸਮੁੰਦਰ ਗੁਪਤ ਨੇ ਕੀਤਾ ਸੀ ਤੇ ਇਸ ਦਾ ਅਸਲੀ ਨਾਮ ਵਿਸ਼ਨੂੰ ਸਤੰਭ ਸੀ। ਇਤਿਹਾਸ ਤੇ ਸਾਹਿਤ ਨੂੰ ਬਦਲਣ ਦੇ ਨਾਮ 'ਤੇ ਆਰ ਐਸ ਐਸ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਤਰ੍ਹਾਂ ਦੇ ਪਰਿਵਰਤਨਾਂ ਦਾ ਵਿਰੋਧ ਪ੍ਰਗਤੀਸ਼ੀਲ, ਧਰਮ ਨਿਰਪੱਖ ਵਿਦਵਾਨਾਂ, ਮੂਲਨਿਵਾਸੀਆਂ ਘੱਟ ਗਿਣਤੀਆਂ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਆਰ ਐਸ ਐਸ ਦੇ ਇਸ ਏਜੰਡੇ ਨੂੰ ਸਿੱਖਿਆ ਦੇ ਭਗਵਾਂਕਰਨ ਦਾ ਨਾਮ ਦਿੱਤਾ ਹੈ। ਆਰ ਐਸ ਐਸ ਇਹ ਪ੍ਰਚਾਰ ਰਹੀ ਹੈ ਕਿ ਜਿੰਨੇ ਵੀ ਹਿੰਦੂ ਰਾਜਿਆਂ ਨੇ ਮੁਸਲਮ ਸ਼ਾਸ਼ਕਾਂ ਦੇ ਖਿਲਾਫ਼ ਯੁੱਧ ਕੀਤੇ, ਉਹ ਸਭ ਹਿੰਦੂ ਰਾਸ਼ਟਰਵਾਦੀ ਸਨ। ਇਹ ਇਤਿਹਾਸ ਨੂੰ ਤਰੋੜਨ ਮਰੋੜਨ ਵਾਲੀ ਕਾਰਵਾਈ ਹੈ, ਕਿਉਂਕਿ ਰਾਜਿਆਂ ਨੇ ਕਦੇ ਵੀ ਧਰਮ ਦੇ ਲਈ ਯੁੱਧ ਨਹੀਂ ਲੜੇ ਤੇ ਨਾ ਹੀ ਉਸ ਸਮੇਂ ਭਾਰਤ ਇਕ ਸੀ। ਹਿੰਦੂ ਰਾਸ਼ਟਰਵਾਦ ਤਾਂ ਆਰ ਐਸ ਐਸ ਦੀ ਘਾੜਤ ਹੈ। ਉਸ ਸਮੇਂ ਰਾਜੇ ਤਾਂ ਕੇਵਲ ਸੱਤਾ ਤੇ ਸੰਪਤੀ ਦੇ ਪੁਜਾਰੀ ਸਨ।



# ਰਾਸ਼ਟਰੀ ਸਿੱਖ ਸੰਗਤ ਦੀਆਂ ਸਾਜ਼ਿਸ਼ਾਂ

ਰਾਸ਼ਟਰੀ ਸਿੱਖ ਸੰਗਤ ਵੱਲੋਂ 6 ਅਗਸਤ, 1988 ਨੂੰ ਨਾਂਦੇੜ ਵਿਖੇ ਜਾਰੀ ਕੀਤੇ ਗਏ ਉਸ ਦੇ ਪਹਿਲੇ ਦਸਤਾਵੇਜ਼ 'ਸੰਗਤ ਸੰਦੇਸ਼' ਵਿਚੋਂ ਉਸ ਦੇ ਸਿੱਖ ਵਿਰੋਧੀ ਏਜੰਡੇ ਦੀ ਅਸਲੀਅਤ ਪ੍ਰਗਟ ਹੋ ਜਾਂਦੀ ਹੈ। ਇਸ ਦਸਤਾਵੇਜ਼ ਵਿਚ ਦਰਸਾਇਆ ਗਿਆ ਹੈ ਕਿ 'ਰਾਸ਼ਟਰੀ ਸਿੱਖ ਸੰਗਤ ਐਸੇ ਕੇਸਾਧਾਰੀ ਅਤੇ ਸਹਿਜਧਾਰੀ ਰਾਸ਼ਟਰਵਾਦੀ ਸਿੱਖਾਂ ਦੀ ਜਥੇਬੰਦੀ ਹੈ ਜਿਨ੍ਹਾਂ ਦੀ ਸਮਾਜ ਤੇ ਰਾਸ਼ਟਰ ਦੀ ਪਰੰਪਰਾ, ਏਕਤਾ ਤੇ ਇਕਮਿਕਤਾ ਵਿਚ ਸ਼ਰਧਾ ਤੇ ਨਿਸ਼ਠਾ ਹੈ।'

ਸਪੱਸ਼ਟ ਹੈ ਕਿ ਇਹ ਜਥੇਬੰਦੀ ਭਾਰਤ ਦੇ ਵੱਖ-ਵੱਖ ਸਭਿਆਚਾਰਾਂ ਦੀ ਵੱਖਰੀ ਹੋਂਦ ਨੂੰ ਸਵੀਕਾਰ ਨਹੀਂ ਕਰਦੀ ਤੇ ਸਭ ਨੂੰ ਭਗਵੇਂਕਰਨ ਦੇ ਏਜੰਡੇ ਅਧੀਨ ਲਿਆਉਣਾ ਚਾਹੁੰਦੀ ਹੈ। ਰਾਸ਼ਟਰੀ ਸਿੱਖ ਸੰਗਤ ਦੇ ਰਸਾਲੇ 'ਸੰਗਤ ਸੰਦੇਸ਼' ਜੋ ਕਿ ਅਗਸਤ 1988 ਵਿਚ ਨਾਂਦੇੜ ਵਿਖੇ ਜਾਰੀ ਕੀਤਾ ਗਿਆ ਸੀ, ਉਸ ਵਿਚ ਸਿੱਖ ਕੌਮ ਦੀ ਵੱਖਰੀ ਹੋਂਦ ਤੇ ਗੁਰਬਾਣੀ ਦੇ ਫਲਸਫੇ ਉੱਪਰ ਤਿੱਖੇ ਹਮਲੇ ਕੀਤੇ ਗਏ ਹਨ। ਰਾਸ਼ਟਰੀ ਸਿਖ ਸੰਗਤ ਦਾ ਮੰਨਣਾ ਹੈ 'ਗੁਰਬਾਣੀ ਨੂੰ ਐਸੀ ਗਿਆਨ ਗੰਗਾ ਮੰਨਿਆ ਗਿਆ ਹੈ, ਗੰਗਾ ਜਿਹੜੀ ਵੇਦਾਂ ਦੀ ਗੰਗੋਤਰੀ ਵਿਚੋਂ ਫੁਟਦੀ ਹੈ। ਉਸ ਦੀ ਸਾਰੀ ਖੁਸ਼ਬੂ, ਗਰਿਮਾ ਤੇ ਪਵਿੱਤਰਤਾ ਨੂੰ ਲੈ ਕੇ ਇਹ ਵੈਦਿਕ ਗੰਗਾ ਜਨ-ਜਨ ਨੂੰ ਪਾਵਨ ਬਣਾਉਂਦੀ ' ਰਹੀ ਹੈ। ਇਸੇ ਲਈ ਗੁਰਬਾਣੀ ਦੇ ਅਨੇਕਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਵੇਦ ਦਾ ਸਰੂਪ ਮੰਨਿਆ ਹੈ। ਉਸ ਨੂੰ ਭਾਰਤੀ ਗਿਆਨ ਦਾ ਵਿਸ਼ਵਕੋਸ਼ ਵੀ ਮੰਨਿਆ ਹੈ। ਉਹ ਆਪਣੇ ਆਪ ਵਿਚ ਇੱਕ ਪੁਰਾਣ-ਕੋਸ਼ ਹੈ। ਪੰਜਾਬ ਦੀ ਇਹ ਗੁਰੂ ਗੰਗਾ, ਵੈਦਿਕ-ਚਿੰਤਨ, ਉਪਨਿਸ਼ਦਾਂ ਦੇ ਗਿਆਨ ਦਾ ਰਿਸ਼ੀਕੇਸ਼ ਹੈ। ਉਸ ਦੀ ਮਹਿਮਾ ਹਰ ਕੀ ਪਉੜੀ ਹੈ, ਹਰੀ ਨਾਮ ਦੀ ਗੰਗਾ ਹੈ।"

ਇਸ ਰਸਾਲੇ ਵਿਚ ਅੱਗੇ ਇੱਕ ਥਾਂ 'ਤੇ ਗੁਰੂ ਘਰ ਦੀ ਸਮੁੱਚੀ ਮਰਿਆਦਾ ਨੂੰ ਤਰੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ ਤੇ ਇਸ ਦਾ ਮਕਸਦ ਸਿੱਧੇ ਰੂਪ ਵਿਚ ਸਿੱਖ ਪਰੰਪਰਾ ਦੀ ਵਿਲੱਖਣਤਾ ਉੱਪਰ ਸੱਟ ਮਾਰਨਾ ਹੈ ਤੇ ਉਸ ਨੂੰ ਹਿੰਦੂ ਪਰੰਪਰਾ ਵਿਚ ਜਜ਼ਬ ਕਰਨਾ ਹੈ। ਲਿਖਿਆ ਹੈ 'ਗੁਰੂ ਘਰ ਦੀਆਂ ਮਰਿਆਦਾਵਾਂ ਵਿਚ ਤਿਲਕ ਤੇ ਯਗਯੋਪਵੀਤ ਦੀ ਵਿਸ਼ੇਸ਼ ਮਹਿਮਾ ਰਹੀ ਹੈ। ਗੁਰ-ਗੱਦੀ ਦੇਣ ਸਮੇਂ ਤਿਲਕ ਲਾਉਣ ਦੀ ਸਨਾਤਨੀ ਪਰੰਪਰਾ ਤਾਂ ਗੁਰੂ ਘਰ ਵਿਚ ਪ੍ਰਚੱਲਿਤ ਹੋ ਚੁੱਕੀ ਸੀ। ਉਸ ਨੂੰ ਪੂਰੀ ਮਾਨਤਾ ਮਿਲੀ ਹੈ। ਇਸੇ ਤਰ੍ਹਾਂ ਗੁਰੂ ਘਰ ਵਿਚ ਯਗਯੋਪਵੀਤ ਦੀ ਇੱਕ ਆਸਥਾਪੂਰਣ ਮਰਿਆਦਾ ਰਹੀ ਹੈ। ਸਾਰੇ ਸਿੱਖ ਗੁਰੂਆਂ ਦਾ, ਉਹਨਾਂ ਦੀਆਂ ਸੰਤਾਨਾਂ ਦਾ ਉਪਨਯਨ ਸੰਸਕਾਰ ਹੋਇਆ ਹੈ। ਉਹਨਾਂ ਦੇ ਆਪਣੇ ਵਿਆਹ, ਉਹਨਾਂ ਦੇ ਪੁੱਤਰਾਂ ਤੇ ਪੁੱਤਰੀਆਂ ਦੇ ਵਿਆਹ ਸੰਪੂਰਨ ਸਨਾਤਨੀ-ਵੈਦਿਕ ਮਰਿਆਦਾ ਅਨੁਸਾਰ ਹੋਏ ਹਨ। ਏਨਾ ਹੀ ਨਹੀਂ, ਗੁਰੂ ਘਰ ਵਿਚ ਸਾਰਿਆਂ ਦੇ ਅੰਤਿਮ ਸਸਕਾਰ ਵੈਦਿਕ ਨੀਤੀਆਂ ਰਾਹੀਂ ਹੁੰਦੇ ਆਏ ਹਨ। ਇਸ ਦੇ ਪਰਮਾਣ ਨਾਨਕ ਪ੍ਰਕਾਸ਼ - ਸੂਰਜ ਪ੍ਰਕਾਸ਼ ਵਿਚ ਦਰਜ ਹਨ। ਇਹ ਗ੍ਰੰਥ ਸਿੱਖ ਪੰਥ ਵਿਚ ਸਤਿਕਾਰੇ ਜਾਂਦੇ ਰਹੇ ਹਨ। ਇਸ ਲਈ ਇਹ ਗੱਲ ਨਿਰਵਿਵਾਦ ਹੈ ਕਿ ਗੁਰੂ ਘਰ ਵਿਚ ਤਿਲਕ ਤੇ ਜੰਜੂ ਦੀ ਮਰਿਆਦਾ ਸੀ। ਅਸਲ ਵਿਚ ਰਾਸ਼ਟਰੀ ਸਿੱਖ ਸੰਗਤ ਸਿੱਖਾਂ ਦੀ ਮੁੱਢਲੀ ਪਛਾਣ ਤੋਂ ਇਨਕਾਰੀ ਹੈ। ਉਹ ਸਿੱਖ ਕੌਮ ਨੂੰ ਹਿੰਦੂ ਧਰਮ ਦਾ ਹਿੱਸਾ ਦਸ ਕੇ ਸਿੱਖ ਕੌਮ ਨੂੰ ਛੋਟਾ ਦਰਸਾਉਣ ਦੀ ਕੋਸ਼ਿਸ਼ ਵਿਚ ਹੈ। ਰਾਸ਼ਟਰੀ ਸਿੱਖ ਦੇ ਜਾਰੀ ਕੀਤੇ ਦਸਤਾਵੇਜ਼ 'ਸੰਗਤ ਸੰਦੇਸ਼' ਵਿਚ ਇੱਕ ਹੋਰ ਥਾਂ 'ਤੇ ਲਿਖੇ ਇਹ ਸ਼ਬਦ ਬਹੁਤ ਖਤਰਨਾਕ ਹਨ-'ਹਿੰਦੂ ਜੀਵਨ ਦਰਸ਼ਨ ਤਾਂ ਇੱਕ ਅਨਾਦਿ ਜਲ-ਸਰੋਤਿ ਹੈ। ਕਿਸ ਗੰਗੋਤਰੀ ਤੋਂ ਇਸ ਦਾ ਜਨਮ ਹੋਇਆ ਹੈ, ਕਿਸ ਪਾਵਨ ਖਿਨ ਵਿਚ ਜੀਵਨ ਦੀ ਇਹ ਮਾਨਵਤਾਵਾਦੀ ਅੰਮ੍ਰਿਤ ਜਲਧਾਰਾ ਫੁੱਟੀ, ਇਤਿਹਾਸ ਇਸ ਬਾਰੇ ਮੋਨ ਹੈ। ਇੱਕ ਵਿਸ਼ਾਲ ਕਲਪ ਵ੍ਰਿਛ, ਰਸਾਤਲ ਤੱਕ ਜਿਸ ਦੀਆਂ ਜੜ੍ਹਾਂ ਪ੍ਰਸਾਰ ਕਰ ਚੁੱਕੀਆਂ ਹਨ, ਉਸ ਦੇ ਤਨੇ, ਉਪਤਨੇ, ਪ੍ਰਤਨੇ, ਸ਼ਾਖਾਵਾਂ, ਪ੍ਰਸ਼ਾਖਾਵਾਂ ਓਪਸ਼ਾਖਾਵਾਂ, ਅਨੰਤ ਯੋਜਨਾ ਵਿਚ ਉਹਨਾਂ ਦਾ ਵਿਸਤਾਰ ਹੋ ਚੁੱਕਿਆ ਹੈ। ਇਹ ਖਾਲਸਾ ਸਮਾਜ ਹਿੰਦੂ ਕਲਪ ਬ੍ਰਿਛ ਦਾ ਮਧੁਰ ਅੰਮ੍ਰਿਤ ਫਲ ਹੈ।"

ਸਿੱਖ ਮੱਤ ਤੇ ਖਾਲਸਾ ਪੰਥ ਬਾਰੇ 1988 ਦੇ ਮੁੱਢਲੇ ਦਸਤਾਵੇਜ਼ ਦੀਆਂ ਇਹ ਟੂਕਾਂ ਸਾਜ਼ਿਸ਼ਾਂ ਭਰਪੂਰ ਹਨ :

1. ਸਿੱਖ ਤੇ ਬਾਕੀ ਹਿੰਦੂ ਸਮਾਜ ਇਕ ਅਖੰਡ ਅਤੇ ਨਾ ਵੰਡੇ ਜਾਣ ਵਾਲੀ ਇਕਾਈ ਹੈ।
2. ਸਿੱਖ ਵਿਆਪਿਕ ਹਿੰਦੂ ਸਮਾਜ ਦਾ ਅੰਗ ਹਨ।
3. ਗੁਰਸਿਖ ਨੂੰ ਕੇਸ਼ਧਾਰੀ ਤੇ ਸਹਿਜਧਾਰੀ ਵਿਚਕਾਰ ਵੰਡਣਾ ਤੇ ਇਨ੍ਹਾਂ ਨੂੰ ਦੋ ਅਲੱਗ ਧਾਰਾਵਾਂ ਦੇ ਰੂਪ ਵਿਚ ਵੇਖਣਾ ਇਤਿਹਾਸ ਦੀ ਨਾ-ਸਮਝੀ ਹੈ।
4. ਸਿੱਖ ਪੰਥ ਹਿੰਦੂ ਧਰਮ ਦਾ ਇੱਕ ਸੰਪਰਦਾਇ ਹੈ। ਇਹੋ ਜਿਹੇ ਸੰਪਰਦਾਇ ਇੱਕੋ ਜਿਹੇ ਭੇਦਾਂ ਕਰਕੇ ਕਈ ਧਰਮਾਂ ਵਿਚ ਪਾਏ ਜਾਂਦੇ ਹਨ।
5. ਸਿੱਖ ਪੰਥ ਹਿੰਦੂ ਧਰਮ ਰੂਪੀ ਵਿਸ਼ਾਲ ਬਗੀਚੇ ਦਾ ਇੱਕ ਚੁਣਿਆ ਹੋਇਆ ਸੁੰਦਰ ਤੇ ਸੁਗੰਧਿਤ ਫੁੱਲਾਂ ਦਾ ਗੁੱਛਾ ਹੈ।
6. ਹਿੰਦੂ ਕਲਪ ਬਿਰਛ ਦਾ ਅੰਮ੍ਰਿਤ ਫਲ ਹੈ ਖਾਲਸਾ ਪੰਥ।
7. ਸਿੱਖ ਮੱਤ ਤੇ ਖਾਲਸਾ ਪੰਥ ਦੀ ਸਥਾਪਨਾ ਅਤੇ ਹਿੰਦੂ ਧਰਮ ਦੀ ਰਖਿਆ ਲਈ ਹੋਈ ਸੀ।

ਗੁਰੂ ਸਾਹਿਬਾਨ ਦੇ ਵਿਅਕਤਿਤਵ ਤੇ ਕੁਰਬਾਨੀਆਂ ਨੂੰ ਆਪਣੀ ਸਾਜ਼ਿਸ਼ ਅਨੁਸਾਰ ਢਾਲਣ ਵਾਲੀਆਂ ਇਹ ਟੂਕਾਂ ਵੀ ਵੇਖਣ ਵਾਲੀਆਂ ਹਨ :-

1. ਗੁਰੂ ਨਾਨਕ ਦਾ ਜੀਵਨ ਹਿੰਦੂ ਜੀਵਨ ਪੱਧਤੀ ਦੇ ਆਦਰਸ਼ਵਾਦ, ਕਰਮ, ਭਗਤੀ ਤੇ ਗਿਆਨ ਦਾ ਵਿਚਿਤਰ ਮੇਲ ਹੈ।
2. ਸਿੱਖ ਗੁਰੂਆਂ ਦੀ ਅਧਿਆਤਮਕ, ਭਗਤੀ ਅਤੇ ਸੂਰਮਗਤਾ ਦੀ ਪਰੰਪਰਾ ਸੰਪੂਰਨ ਹਿੰਦੂ ਸਮਾਜ ਲਈ ਗੌਰਵ ਦਾ ਵਿਸ਼ਾ ਹੈ।
3. ਗੁਰੂ ਤੇਗ਼ ਬਹਾਦਰ ਨੇ ਹਿੰਦੂ ਧਰਮ ਅਤੇ ਸਮਾਜ ਉੱਪਰ ਆਏ ਸੰਕਟ ਦੇ ਨਿਵਾਰਣ ਲਈ ਬਲੀਦਾਨ ਦਿੱਤਾ ਸੀ।
4. ਗੁਰੂ ਗੋਬਿੰਦ ਸਿੰਘ ਦੇ ਦੋ ਪੁੱਤਰ ਹਿੰਦੂ ਧਰਮ ਦੀ ਰਖਿਆ ਲਈ ਮੁਗਲਾਂ ਨਾਲ ਜੂਝੇ ਸਨ ਤੇ ਦੋ ਪੁੱਤਰਾਂ ਨੇ ਖ਼ੁਸ਼ੀ ਨਾਲ ਆਪਣੇ ਆਪ ਨੂੰ ਦੀਵਾਰ ਵਿਚ ਚਿਣਾ ਦਿੱਤਾ ਸੀ।

ਗੁਰਬਾਣੀ ਅਤੇ ਗੁਰਮਤਿ ਬਾਰੇ ਰਾਸ਼ਟਰੀ ਸਿੱਖ ਸੰਗਤ ਦਾ ਦ੍ਰਿਸ਼ਟੀਕੋਣ ਇਹਨਾਂ ਕੁਝ ਸਾਜ਼ਿਸ਼ੀ ਟੂਕਾਂ ਤੋਂ ਪ੍ਰਗਟ ਹੁੰਦਾ ਹੈ :

1. ਗੁਰਬਾਣੀ ਨੂੰ ਵੈਦਿਕ ਉਪਨਿਸ਼ਦਿਕ ਪਰੰਪਰਾ ਤੋਂ ਵੱਖਰਾ ਕਰਕੇ ਵੇਖਣਾ ਅਬੋਧਤਾ ਅਤੇ ਅਗਿਆਨ ਹੈ।
2. ਗੁਰਬਾਣੀ ਐਸੀ ਗਿਆਨ ਗੰਗਾ ਹੈ, ਜਿਹੜੀ ਵੇਦਾਂ ਦੀ ਗੰਗੋਤਰੀ ਤੋਂ ਫੁਟਦੀ ਹੈ।
3. ਵੇਦਾਂ ਤੋਂ ਪ੍ਰੇਰਣਾ ਲੈ ਕੇ ਸਿੱਖ ਗੁਰੂਆਂ ਨੇ ਪੰਥ-ਅਭਿਮਾਨ ਰਹਿਤ ਮਾਰਗ ਅਪਨਾਇਆ ਸੀ।
4. ਜਪੁਜੀ ਗੀਤਾ ਦਾ ਛੋਟਾ ਰੂਪ ਹੈ।

ਜੇਕਰ ਰਾਸ਼ਟਰੀ ਸਿੱਖ ਸੰਗਤ ਦੀ ਵਿਚਾਰਧਾਰਾ ਦਾ ਅਧਿਐਨ ਕਰੀਏ ਤਾਂ ਇਹ ਸਿੱਖ ਪੰਥ ਨੂੰ ਹਿੰਦੂ ਰਾਸ਼ਟਰਵਾਦ ਤੇ ਹਿੰਦੂਤਵ ਦਾ ਅੰਗ ਬਣਾਉਣਾ ਚਾਹੁੰਦੀ ਹੈ ਤੇ ਗੁਰੂਆਂ ਦੇ ਫਲਸਫੇ ਨੂੰ ਖਤਮ ਕਰਕੇ ਸਨਾਤਨਵਾਦ ਦੇ ਚੱਕਰਵਿਊ ਵਿਚ ਜਕੜਨਾ ਚਾਹੁੰਦੀ ਹੈ। ਉਹ ਸਿੱਖ ਪੰਥ ਦੀ ਅੱਡਰੀ ਤੇ ਵੱਖਰੀ ਧਾਰਮਿਕ ਹੋਂਦ ਨੂੰ ਉਹ ਕਦਾਚਿਤ ਮਾਨਤਾ ਦੇਣ ਨੂੰ ਤਿਆਰ ਨਹੀਂ। ਸਿੱਖ ਗੁਰੂਆਂ ਦੀ ਸਖਸ਼ੀਅਤ ਨੂੰ ਇਹਨਾਂ ਹਿੰਦੂ ਰਾਸ਼ਟਰਵਾਦੀਆਂ ਨੇ ਭਗਵਾਂਕਰਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਉਦਾਹਰਣ ਵਜੋਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੇ ਸਾਰੇ ਸਾਕੇ ਨੂੰ ਆਪਣੇ ਭਗਵੇਂ ਸੰਕਲਪ ਵਿਚ ਫਿਟ ਕਰ ਦਿੱਤਾ ਹੈ ਕਿ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੇ ਲਈ ਨਹੀਂ, ਜਨੇਊ ਦੀ ਰੱਖਿਆ ਲਈ ਦਿੱਤੀ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਤੇ ਹਿੰਦੂ ਧਰਮ ਦੀ ਲਈ ਸਿਰਜਿਆ ਸੀ। ਇਸ ਤਰ੍ਹਾਂ ਇਹ ਸਿੱਖ ਇਤਿਹਾਸ ਨੂੰ ਮਨਮਰਜ਼ੀ ਨਾਲ ਤਰੋੜ-ਮਰੋੜ ਕੇ ਪੇਸ਼ ਕਰ ਰਹੇ ਹਨ। ਰਾਸ਼ਟਰੀ ਸਿੱਖ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੇਦਾਂ-ਉਪਨਿਸ਼ਦਾਂ ਵਿਚੋਂ ਨਿਕਲਿਆ ਦਸ ਕੇ ਸਿੱਖ ਵਿਚਾਰਧਾਰਾ ਤੇ ਗੁਰੂਆਂ ਦੇ ਫਲਸਫੇ ਨੂੰ ਚੈਲਿੰਜ ਕਰ ਰਹੀ ਹੈ। ਇਸ ਪਿੱਛੇ ਭਗਵੇਂਵਾਦੀਆਂ ਦੀ ਸਾਜ਼ਿਸ਼ ਇਹ ਹੈ ਕਿ ਸਿੱਖ ਮਨਾਂ ਵਿਚ ਵੇਦਾਂ ਦੀ ਮਹੱਤਤਾ ਉਜਾਗਰ ਹੋਵੇ ਤੇ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਅੰਗ ਵਜੋਂ ਪੇਸ਼ ਕੀਤਾ ਜਾਵੇ।

# ਹਿੰਦੂ ਰਾਸ਼ਟਰਵਾਦ ਬਨਾਮ ਬ੍ਰਾਹਮਣਵਾਦ



***ਹਿੰਦੂ ਰਾਸ਼ਟਰਵਾਦ ਦਾ ਸਿਧਾਂਤ ਘੜਨ ਵਾਲੀ ਕੰਪਨੀ ਆਰ. ਐੱਸ. ਐੱਸ. 1925 ਵਿਚ ਆਪਣੀ ਸਥਾਪਨਾ ਦੇ ਬਾਅਦ ਹੀ ਇਸ ਕਾਰਜ ਵਿਚ ਸਰਗਰਮ ਹੋ ਗਈ ਸੀ। ਉਸ ਨੇ ਦੱਬਿਆ ਕੁਚਲੇ ਭਾਈਚਾਰੇ, ਆਦਿਵਾਸੀ, ਪੱਛੜਿਆਂ ਤੇ ਘੱਟ ਗਿਣਤੀ ਕੌਮਾਂ ਨੂੰ ਹਦਾਇਤ ਦਿੱਤੀ ਕਿ ਉਹ ਆਪਣੀ-ਆਪਣੀ ਪਛਾਣ ਖ਼ਤਮ ਕਰਕੇ ਹਿੰਦੂ ਰਾਸ਼ਟਰ ਦੇ ਝੰਡੇ ਹੇਠ ਇਕੱਠੇ ਹੋਣ ਤਾਂ ਜੋ ਵਿਸ਼ਾਲ ਹਿੰਦੂ ਰਾਸ਼ਟਰ ਸਿਰਜਿਆ ਜਾ ਸਕੇ। ਇਹ ਫਾਸ਼ੀਵਾਦੀ ਵਿਚਾਰਧਾਰਾ-ਜਿਸ ਨੂੰ ਹਿੰਦੂਤਵ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਜੋ ਮੁਸੋਲਿਨੀ ਤੇ ਐਡੋਲਫ ਹਿਟਲਰ ਵਰਗਿਆਂ ਤੋਂ ਪ੍ਰੇਰਿਤ ਹੈ-ਖੁੱਲ੍ਹੇਆਮ ਨਾਜ਼ੀ ਸ਼ੈਲੀ ਵਿਚ ਭਾਰਤੀ ਮੁਸਲਮਾਨਾਂ ਦੇ ਸਫਾਏ ਦੀ ਗੱਲ ਕਹਿੰਦੀ ਹੈ।***

**ਅਰੁੰਧਤੀ ਰਾਏ**

ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਹਿੰਦੂ ਰਾਸ਼ਟਰਵਾਦ ਦੇ ਨਾਂ 'ਤੇ ਭਗਵੀਂ ਹਿੰਸਾ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਕਾਰਨ ਘੱਟ ਗਿਣਤੀਆਂ ਡਰ ਤੇ ਦਹਿਸ਼ਤ ਦੇ ਪਰਛਾਵੇਂ ਹੇਠ ਜੀਅ ਰਹੀਆਂ ਹਨ। ਮੈਂ ਜਾਣਦੀ ਹਾਂ ਕਿ ਹੁਣ ਮੇਰਾ ਨਾਂ ਰਾਸ਼ਟਰ ਵਿਰੋਧੀਆਂ ਦੀ ਪਹਿਲੀ ਲਿਸਟ ਵਿਚ ਹੈ, ਕਿਉਂਕਿ ਮੈਂ ਲਗਾਤਾਰ ਫ਼ਿਰਕਾਪ੍ਰਸਤੀ ਵਿਰੁੱਧ ਬੋਲ ਰਹੀ ਹਾਂ, ਬ੍ਰਾਹਮਣਵਾਦ ਨੂੰ ਲਲਕਾਰ ਰਹੀ ਹਾਂ। ਮੇਰਾ ਅਪਰਾਧ ਇਹ ਹੈ ਕਿ ਮੈਂ ਕਸ਼ਮੀਰ ਦੀ ਅਜ਼ਾਦੀ ਦੇ ਸੰਘਰਸ਼ ਬਾਰੇ ਲਿਖਿਆ ਹੈ। ਮੁਹੰਮਦ ਅਫਜ਼ਲ ਦੀ ਫਾਂਸੀ ਬਾਰੇ ਸਵਾਲ ਉਠਾਇਆ ਹੈ। ਮੈਂ ਮਾਓਵਾਦੀਆਂ ਦੇ ਨਾਲ ਬਸਤਰ ਦੇ ਜੰਗਲਾਂ ਵਿਚ ਗਈ ਹਾਂ। ਮੈਂ ਇਹ ਵੀ ਜਾਣਦੀ ਹਾਂ ਕਿ ਕਬੀਲਿਆਂ ਦੀ ਜ਼ਮੀਨ ਲੁੱਟੀ ਜਾ ਰਹੀ ਹੈ, ਉਹ ਸਿਰਫ਼ ਇਸ ਕਰਕੇ ਤਾਂ ਜੋ ਕਾਰਪੋਰੇਟ ਜਗਤ ਨੂੰ ਮਾਲੋ ਮਾਲ ਕੀਤਾ ਜਾ ਸਕੇ। ਸੱਚ ਇਹ ਵੀ ਗੱਲ ਹੈ ਕਿ ਇਨ੍ਹਾਂ ਮੁੱਦਿਆਂ 'ਤੇ ਮੇਰਾ ਨਜ਼ਰੀਆ ਅਖੌਤੀ ਰਾਸ਼ਟਰਵਾਦੀ ਸੱਤਾਧਾਰੀਆਂ ਨਾਲ ਮੇਲ ਨਹੀਂ ਖਾਂਦਾ। ਇਹੀ ਕਾਰਨ ਹੈ ਕਿ ਅਜਿਹੇ ਬੋਲਣ ਵਾਲਿਆਂ ਨੂੰ ਦੇਸ-ਧ੍ਰੋਹੀ ਸ਼ਬਦ ਦੇ ਨਾਲ ਸੰਬੋਧਨ ਕੀਤਾ ਜਾਵੇਗਾ।

**ਹਿੰਦੂ ਰਾਸ਼ਟਰਵਾਦ ਦਾ ਖਾਸਾ**

ਆਖਿਰ ਭਾਰਤ ਵਿਚ ਗ਼ੈਰ ਹਿੰਦੂ ਭਾਈਚਾਰਿਆਂ ਦਾ ਕਤਲੇਆਮ ਕਿਉਂ ਹੋ ਰਿਹਾ ਹੈ? ਮੂਲ ਨਿਵਾਸੀਆਂ ਉੱਪਰ ਹੋ ਰਹੇ ਜ਼ੁਲਮਾਂ ਨੂੰ ਅੱਖੋਂ ਪਰੋਖੇ ਕਿਉਂ ਕੀਤਾ ਜਾ ਰਿਹਾ ਹੈ? ਅਜਿਹਾ ਇਸ ਲਈ ਤਾਂ ਜੋ ਨਵ-ਉਦਾਰਵਾਦੀ ਆਰਥਿਕ ਸੁਧਾਰਾਂ ਨੂੰ ਚੁੱਪ-ਚੁਪੀਤੇ ਲਾਗੂ ਕੀਤਾ ਜਾਵੇ, ਗਰੀਬਾਂ ਤੇ ਕਿਰਤੀਆਂ ਦੀ ਲੁੱਟ ਕੀਤੀ ਜਾਵੇ। ਕਾਂਗਰਸ ਤੇ ਭਾਜਪਾ ਦੇ ਵਿਚਾਲੇ ਕੋਈ ਬਹੁਤਾ ਫ਼ਰਕ ਨਹੀਂ ਹੈ। ਜਦ ਕਸ਼ਮੀਰ, ਨਾਗਾਲੈਂਡ ਤੇ ਮਣੀਪੁਰ ਵਰਗੀਆਂ ਥਾਵਾਂ 'ਤੇ ਹੋਣ ਵਾਲੀ ਹਿੰਸਾ ਦੀ ਗੱਲ ਹੋਵੇ, ਤਾਂ ਦੋਵੇਂ ਵੱਡੀਆਂ ਵਾਮਪੰਥੀ ਪਾਰਟੀਆਂ ਸਮੇਤ ਸਾਰੀਆਂ ਰਾਜਨੀਤਕ ਪਾਰਟੀਆਂ ਰਾਸ਼ਟਰਵਾਦ ਦੇ ਨਾਮ 'ਤੇ ਇਕਜੁਟ ਹੋ ਕੇ ਇੱਕੋ ਹੀ ਬੋਲੀ ਬੋਲਦੀਆਂ ਹਨ। ਕਾਂਗਰਸ ਕਹਿੰਦੀ ਹੈ ਕਿ ਉਹ ਇਕ ਧਰਮ ਨਿਰਪੱਖ ਉਦਾਰ ਲੋਕਤੰਤਰ ਵਿਚ ਭਰੋਸਾ ਰੱਖਦੀ ਹੈ ਜਦ ਕਿ ਭਾਜਪਾ ਧਰਮ ਨਿਰਪੱਖਤਾ ਦਾ ਮਖੌਲ ਉਡਾਉਂਦੀ ਤੇ ਉਹ ਮੰਨਦੀ ਹੈ ਕਿ ਭਾਰਤ ਬੁਨਿਆਦੀ ਤੌਰ 'ਤੇ ਹਿੰਦੂ ਰਾਸ਼ਟਰ ਹੈ। ਕਾਂਗਰਸੀ ਸਿਆਸਤ ਵਿਚ ਦੋਗਲਾ ਕਿਰਦਾਰ ਨਿਭਾਅ ਰਹੀ ਹੈ ਤੇ ਉਹ ਭਾਜਪਾ ਦੀਆਂ ਫਾਸ਼ੀਵਾਦੀ ਨੀਤੀਆਂ ਵਿਰੁੱਧ ਡੱਟ ਕੇ ਸਟੈਂਡ ਨਹੀਂ ਲੈ ਰਹੀ। ਅਸਲ ਵਿਚ ਭਾਜਪਾ ਤੇ ਕਾਂਗਰਸ ਰਾਜਨੀਤਕ ਪਾਰਟੀਆਂ ਦੇ ਵਿਚਾਲੇ ਹੀ ਇੱਕ ਮਾਮੂਲੀ ਅੰਤਰ ਹੈ। ਦੋਵੇਂ ਇੱਕੋ ਸਿੱਕੇ ਦੇ ਦੋ ਪਾਸੇ ਹਨ। ਦੋਵੇਂ ਹੀ ਮਜ਼ਬੂਤ ਕੇਂਦਰ ਤੇ ਕਾਰਪੋਰੇਟ ਦੇ ਵਿਕਾਸ ਦੇ ਹੱਕ ਵਿਚ ਹਨ, ਜਿਨ੍ਹਾਂ ਸਦਕਾ ਕਿਰਤ ਦੀ ਲੁੱਟ ਹੁੰਦੀ ਹੈ ਤੇ ਕਾਨੂੰਨ ਦੇ ਡੰਡੇ ਨਾਲ ਲੋਕ ਰੋਸ ਤੇ ਅੰਦੋਲਨ ਨੂੰ ਦਬਾਇਆ ਜਾਂਦਾ ਹੈ।

ਹਾਲਾਂ ਕਿ ਭਾਰਤ ਦੇ ਇੱਕ ਹਿੰਦੂ ਰਾਸ਼ਟਰ ਹੋਣ ਦੇ ਵਿਚਾਰ ਨੂੰ ਲਗਾਤਾਰ ਸਨਾਤਨਵਾਦ ਦਾ ਰੰਗ ਰੋਗਨ ਕੀਤਾ ਜਾ ਰਿਹਾ ਹੈ, ਪਰ ਇਸ ਦਾ ਸੰਬੰਧ ਧਰਮ ਨਾਲ ਉਨਾ ਨਹੀਂ ਜਿੰਨਾ ਇਸ ਦੀ ਸਿਆਸਤ ਕਰਨ ਵਾਲੇ ਲੋਕਾਂ ਨਾਲ ਹੈ। ਇਤਿਹਾਸਕ ਤੌਰ 'ਤੇ ਜੋ ਲੋਕ ਖ਼ੁਦ ਨੂੰ ਹੁਣ ਹਿੰਦੂ ਕਹਿੰਦੇ ਹਨ, ਉਹ ਆਪਣੀ ਪਛਾਣ ਸਿਰਫ਼ ਆਪਣੀ ਜਾਤ ਨਾਲ ਹੀ ਕਰਦੇ ਹਨ। ਜਾਤੀਵਾਦ ਇਸ ਸਭ ਦਾ ਖਾਸਾ ਹੈ। ਇਹ ਇੱਕ ਦੂਸਰੇ ਦੀਆਂ ਜਾਤਾਂ ਵਿਚ ਵਿਆਹ ਨਹੀਂ ਕਰਦੇ। ਪਰ ਅੱਜ ਵੀ ਏਕਤਾ ਤੇ ਰਾਸ਼ਟਰਵਾਦ ਦੀਆਂ ਗੱਲਾਂ ਹੋ ਰਹੀਆਂ ਹਨ। ਭਾਰਤ ਵਿਚ ਸਿਰਫ਼ ਪੰਜ ਫ਼ੀਸਦੀ ਵਿਆਹ ਜਾਤੀਵਾਦੀ ਹੱਦਾਂ ਨੂੰ ਤੋੜ ਕੇ ਹੁੰਦੇ ਹਨ। ਜਾਤੀਵਾਦ ਉਭਾਰਨ ਵਾਲੇ ਠੇਕੇਦਾਰਾਂ ਵੱਲੋਂ ਏਨਾ ਹੱਦਾਂ ਨੂੰ ਤੋੜਨ ਵਾਲੇ ਨੌਜਵਾਨ ਵਰਗ ਦੇ ਸਿਰ ਕੱਟ ਦਿੱਤੇ ਜਾਂਦੇ ਹਨ ਤੇ ਜਿਉਂਦੇ ਸਾੜ ਦਿੱਤੇ ਜਾਂਦੇ ਹਨ।

ਹਰੇਕ ਜਾਤੀ ਆਪਣੀ ਹੇਠਲੀ ਜਾਤੀ 'ਤੇ ਆਪਣਾ ਬੋਲਬਾਲਾ ਰੱਖਦੀ ਹੈ। ਇਸ ਲਈ ਸਭ ਤੋਂ ਹੇਠਲੀਆਂ ਜਾਤੀਆਂ ਨੂੰ ਛੱਡ ਕੇ ਸਾਰੀਆਂ ਜਾਤੀਆਂ ਨੂੰ ਲਾਲਚ ਦੇ ਕੇ ਇਸ ਬ੍ਰਾਹਮਣਵਾਦੀ ਪ੍ਰਬੰਧ ਦਾ ਹਿੱਸਾ ਬਣਾ ਲਿਆ ਗਿਆ ਹੈ। ਇਸੇ ਧਾਰਨਾ ਲਈ ਹਿੰਦੂਤਵ ਸ਼ਬਦ ਵਰਤਣਾ ਯੋਗ ਹੋਵੇਗਾ, ਕਿਉਂਕਿ ਇਹ ਜ਼ਿਆਦਾ ਸਟੀਕ ਸ਼ਬਦ ਹੈ ਤੇ ਇਹ ਖ਼ੁਦ ਜਾਤੀ ਜਿੰਨਾ ਹੀ ਪੁਰਾਣਾ ਹੈ ਤੇ ਹਿੰਦੂ ਧਰਮ ਦੇ ਵਿਚਾਰ ਕਈ ਸਦੀਆਂ ਪਹਿਲਾਂ ਦੇ ਹਨ। ਡਾਕਟਰ ਭੀਮ ਰਾਓ ਅੰਬੇਡਕਰ ਨੇ 1936 ਵਿਚ ਐਨਾਈਹਿਲੇਸ਼ਨ ਆਫ ਕਾਸਟ ਵਿਚ ਲਿਖਿਆ ਸੀ, "ਜਿਸ ਸਭ ਤੋਂ ਪਹਿਲਾਂ ਤੇ ਸਭ ਤੋਂ ਵੱਡੀ ਗੱਲ ਦੀ ਪਛਾਣ ਕਰਨਾ ਜ਼ਰੂਰੀ ਹੈ। ਉਹ ਇਹ ਹੈ ਕਿ ਹਿੰਦੂ ਸਮਾਜ ਇੱਕ ਮਿੱਥ ਹੈ। ਖ਼ੁਦ ਹਿੰਦੂ ਨਾਮ ਹੀ ਇੱਕ ਵਿਦੇਸ਼ੀ ਨਾਮ ਹੈ। ਮੁਸਲਮਾਨਾਂ ਨੇ ਖ਼ੁਦ ਨੂੰ ਅਲੱਗ ਦਿੱਖਣ ਦੇ ਮਕਸਦ ਨਾਲ ਸਥਾਨਕ ਨਿਵਾਸੀਆਂ (ਜੋ ਸਿੰਧੂ ਨਦੀ ਦੇ ਪੂਰਬ ਵਿਚ ਰਹਿੰਦੇ ਸਨ ਨੂੰ ਇਹ ਨਾਮ ਦਿੱਤਾ ਸੀ।"

ਸੋ ਹਿੰਦੂ ਇੱਕ ਧਰਮ ਤੋਂ ਜ਼ਿਆਦਾ ਰਾਜਨੀਤਕ ਜਨਆਧਾਰ ਦਾ ਨਾਂ ਹੈ। ਹਿੰਦੂ ਰਾਸ਼ਟਰਵਾਦੀਆਂ ਉੱਪਰ ਅਧਿਕਾਰਕ ਤੌਰ 'ਤੇ ਧਰਮ ਨਿਰਪੱਖ ਕਾਂਗਰਸ ਪਾਰਟੀ ਨੇ ਆਪਣੀ ਦਾਅਵੇਦਾਰੀ ਜਤਾਈ। ਇਹ ਉਹ ਵਕਤ ਸੀ, ਜਦ ਰਾਸ਼ਟਰਵਾਦੀਆਂ ਤੇ ਹਿੰਦੂਤਵੀ ਸਿਆਸਤ ਬਾਰੇ ਵਿਚ ਇੱਕ ਗੰਭੀਰ ਤੇ ਵਿਸ਼ਾਲ ਸੰਘਰਸ਼ ਮੂਲ ਨਿਵਾਸੀਆਂ ਅਰਥਾਤ ਦੱਬੇ ਕੁਚਲੇ ਲੋਕਾਂ ਵੱਲੋਂ ਸ਼ੁਰੂ ਹੋਇਆ। ਇਸ ਸੰਘਰਸ਼ ਦੇ ਜਨਮਦਾਤੇ ਬਾਬਾ ਸਾਹਿਬ ਅੰਬੇਡਕਰ ਸਨ, ਜਿਨ੍ਹਾਂ ਸੰਵਿਧਾਨ ਦੀ ਰਚਨਾ ਕੀਤੀ। ਤੁਹਾਨੂੰ ਯਾਦ ਕਰਾ ਦੇਈਏ ਕਿ ਉਸ ਸਮੇਂ ਦੌਰਾਨ ਦੱਬੇ ਕੁਚਲੇ ਲੋਕਾਂ ਨੇ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਮੁਕਤ ਹੋਣ ਲਈ ਧਰਮ ਤਬਦੀਲੀ ਕੀਤੀ ਸੀ। ਇਹ ਦੌਰ ਹੁਣ ਵੀ ਜਾਰੀ ਹੈ ਅਤੇ ਦੂਸਰੇ ਪਾਸੇ ਹਿੰਦੂ ਵੋਟਰਾਂ ਦੀ ਗਿਣਤੀ ਵਧਾਉਣ ਲਈ ਹਿੰਦੂਤਵੀ ਇਨ੍ਹਾਂ ਦੱਬੇ-ਕੁਚਲੇ ਸਮਾਜ ਨੂੰ ਲਾਲਚ ਦੇ ਕੇ ਗੁਮਰਾਹ ਕਰਕੇ ਹਿੰਦੂ ਘੇਰੇ ਵਿਚ ਲਿਆ ਰਹੇ ਹਨ। ਇਸ ਨੂੰ ਹਿੰਦੂ ਰਾਸ਼ਟਰਵਾਦੀਆਂ ਨੇ 'ਸ਼ੁੱਧੀਕਰਨ' ਲਹਿਰ ਦਾ ਨਾਮ ਦਿੱਤਾ ਹੈ। ਇਸ ਦਾ ਮਨੋਰਥ ਇਹ ਹੈ ਕਿ ਇਨ੍ਹਾਂ ਪ੍ਰਾਚੀਨ ਤੇ ਸਥਾਨਕ ਲੋਕਾਂ ਨੂੰ ਲਾਲਚ ਦੇ ਕੇ ਭਰੋਸਾ ਦਿਵਾਇਆ ਜਾਵੇ ਕਿ ਉਹ ਮੂਲ ਤੌਰ 'ਤੇ ਹਿੰਦੂ ਹਨ ਤੇ ਹਿੰਦੂ ਧਰਮ ਇਸ ਦੇਸ ਦਾ ਮੁੱਖ ਧਰਮ ਹੈ। ਪਰ ਹਿੰਦੂ ਰਾਸ਼ਟਰਵਾਦੀਆਂ ਨੇ ਆਪਣਾ ਜਾਤੀਵਾਦੀ ਏਜੰਡਾ ਨਹੀਂ ਛੱਡਿਆ ਤੇ ਉਹ ਛੂਤਛਾਤ ਅਧੀਨ ਦੱਬੇ ਕੁਚਲੇ ਸਮਾਜ ਨੂੰ ਜ਼ਲੀਲ ਕਰਦੇ ਰਹੇ। ਕਾਂਗਰਸ ਵਿਚ ਵੀ ਅਜਿਹੀ ਰੀਤ ਪ੍ਰਚੱਲਿਤ ਰਹੀ। ਅੱਜ ਵੀ ਹਿੰਦੂ ਰਾਸ਼ਟਰ ਸੰਬੰਧੀ ਆਪਣੇ ਵਿਚਾਰ ਨੂੰ ਬਕਾਇਦਾ ਮਜ਼ਬੂਤ ਬਣਾਉਣ ਲਈ ਭਾਜਪਾ ਨੂੰ ਦਲਿਤਾਂ, ਪੱਛੜਿਆਂ, ਆਦਿਵਾਸੀਆਂ ਦੀ ਅਬਾਦੀ ਦੀ ਇੱਕ ਬਹੁਗਿਣਤੀ ਨੂੰ ਵਰਗਲਾਉਣਾ ਪੈ ਰਿਹਾ ਹੈ, ਤਾਂ ਕਿ ਉਹ ਅਜਿਹੀ ਅਵਸਥਾ ਨੂੰ ਅਪਨਾ ਲੈਣ ਜੋ ਉਨ੍ਹਾਂ ਨੂੰ ਕਲੰਕਿਤ ਤੇ ਅਪਮਾਨਿਤ ਕਰਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਰਹੇ ਹਨ। ਸ਼ਾਇਦ ਇਹ ਦੱਬੇ ਕੁਚਲੇ ਲੋਕਾਂ ਦੀ ਅਨਪੜ੍ਹਤਾ ਅਤੇ ਗਿਆਨਹੀਣਤਾ ਕਾਰਨ ਵਾਪਰ ਰਿਹਾ ਹੈ। ਇਸੇ ਕਾਰਨ ਇਨ੍ਹਾਂ ਹਿੰਦੂਤਵੀਆਂ ਦਾ ਬੋਲਬਾਲਾ ਹੈ ਤੇ ਉਹ ਰਾਜ ਕਰ ਰਹੇ ਹਨ ਅਤੇ 2019 ਲਈ ਹਿੰਦੂ ਰਾਸ਼ਟਰਵਾਦ ਦੇ ਸੁਪਨੇ ਦੇਖ ਰਹੇ ਹਨ।

**ਆਰ ਐਸ ਐਸ ਦਾ ਅਸਲੀ ਚਿਹਰਾ**

ਹਿੰਦੂ ਰਾਸ਼ਟਰਵਾਦ ਦਾ ਸਿਧਾਂਤ ਘੜਨ ਵਾਲੀ ਕੰਪਨੀ ਆਰ. ਐੱਸ. ਐੱਸ. 1925 ਵਿਚ ਆਪਣੀ ਸਥਾਪਨਾ ਦੇ ਬਾਅਦ ਹੀ ਇਸ ਕਾਰਜ ਵਿਚ ਸਰਗਰਮ ਹੋ ਗਈ ਸੀ। ਉਸ ਨੇ ਦੱਬਿਆ ਕੁਚਲੇ ਭਾਈਚਾਰੇ, ਆਦਿਵਾਸੀ, ਪੱਛੜਿਆਂ ਤੇ ਘੱਟ ਗਿਣਤੀ ਕੌਮਾਂ ਨੂੰ ਹਦਾਇਤ ਦਿੱਤੀ ਕਿ ਉਹ ਆਪਣੀ-ਆਪਣੀ ਪਛਾਣ ਖ਼ਤਮ ਕਰਕੇ ਹਿੰਦੂ ਰਾਸ਼ਟਰ ਦੇ ਝੰਡੇ ਹੇਠ ਇਕੱਠੇ ਹੋਣ ਤਾਂ ਜੋ ਵਿਸ਼ਾਲ ਹਿੰਦੂ ਰਾਸ਼ਟਰ ਸਿਰਜਿਆ ਜਾ ਸਕੇ। ਇਹ ਫਾਸ਼ੀਵਾਦੀ ਵਿਚਾਰਧਾਰਾ-ਜਿਸ ਨੂੰ ਹਿੰਦੂਤਵ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਜੋ ਮੁਸੋਲਿਨੀ ਤੇ ਐਡੋਲਫ ਹਿਟਲਰ ਵਰਗਿਆਂ ਤੋਂ ਪ੍ਰੇਰਿਤ ਹੈ-ਖੁੱਲ੍ਹੇਆਮ ਨਾਜ਼ੀ ਸ਼ੈਲੀ ਵਿਚ ਭਾਰਤੀ ਮੁਸਲਮਾਨਾਂ ਦੇ ਸਫਾਏ ਦੀ ਗੱਲ ਕਹਿੰਦੀ ਹੈ। ਆਰ. ਐੱਸ. ਐੱਸ. ਦੇ ਸਿਧਾਂਤ ਵਿਚ (ਜਿਸ ਨੂੰ ਇਸ ਸੰਗਠਨ ਦੇ ਦੂਜੇ ਸਰਸੰਘਚਾਲਕ ਐੱਮ. ਐੱਸ. ਗੋਲਵਲਕਰ ਨੇ ਲਿਖਿਆ ਹੈ) ਹਿੰਦੂ ਰਾਸ਼ਟਰ ਦਾ ਰਸਤਾ ਰੋਕਣ ਵਾਲੇ ਤਿੰਨ ਮੁੱਖ ਦੁਸ਼ਮਣ ਦੱਸੇ ਗਏ ਹਨ। ਮੁਸਲਮਾਨ, ਇਸਾਈ ਤੇ ਕਮਿਊਨਿਸਟ ਤੇ ਹੁਣ ਜਦਕਿ ਆਰ. ਐੱਸ. ਐੱਸ. ਉਸ ਨਿਸ਼ਾਨੇ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਹਰ ਚੀਜ਼ ਅਸਲ ਵਿਚ ਠੀਕ-ਠਾਕ ਉਸ ਦੇ ਮਨ ਅਨੁਸਾਰ ਹੀ ਹੋ ਰਹੀ ਹੈ। ਹਾਲਾਂ ਕਿ ਸਾਡੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਸਾਨੂੰ ਖ਼ਤਰਨਾਕ ਜਿਹੀਆਂ ਦਿਖਾਈ ਦੇ ਰਹੀਆਂ ਹਨ।

ਇਧਰ ਆਰ. ਐੱਸ. ਐੱਸ. ਨੇ ਜਾਣ ਬੁਝ ਕੇ ਰਾਸ਼ਟਰਵਾਦ ਤੇ ਹਿੰਦੂ ਰਾਸ਼ਟਰਵਾਦ ਦਾ ਆਪਸ ਵਿਚ ਘਾਲਾ-ਮਾਲਾ ਕਰ ਦਿੱਤਾ ਹੈ। ਇਹ ਇਨ੍ਹਾਂ ਦੋਵਾਂ ਸ਼ਬਦਾਂ ਦਾ ਆਪਸ ਵਿਚ ਅਦਲ-ਬਦਲ ਕਰਕੇ ਇਸਤੇਮਾਲ ਕਰਦਾ ਹੈ, ਮੰਨੋ ਉਨ੍ਹਾਂ ਦਾ ਸੁਭਾਵਿਕ ਤੌਰ 'ਤੇ ਇੱਕ ਹੀ ਮਤਲਬ ਹੋਵੇ।

1980 ਵਿਚ ਭਾਜਪਾ ਦੀ ਸਥਾਪਨਾ ਤੋਂ ਪਹਿਲਾਂ ਆਰ. ਐੱਸ. ਐੱਸ. ਦਾ ਰਾਜਨੀਤਕ ਸੰਗਠਨ ਭਾਰਤੀ ਜਨਸੰਘ ਸੀ, ਪਰ ਆਰ. ਐੱਸ. ਐੱਸ. ਦਾ ਅਸਰ ਪਾਰਟੀਆਂ ਦੀਆਂ ਸੀਮਾਵਾਂ ਤੋਂ ਪਾਰ ਹੈ। ਹੁਣ ਸੰਗਠਨ ਦੇ ਕੋਲ ਹਜ਼ਾਰਾਂ ਸ਼ਾਖਾਵਾਂ ਤੇ ਲੱਖਾਂ ਕਾਰਕੁੰਨਾਂ ਦੀ ਫ਼ੌਜ ਹੈ। ਇਸ ਦਾ ਆਪਣਾ ਮਜ਼ਦੂਰ ਸੰਘ ਹੈ, ਇਸ ਦੀਆਂ ਆਪਣੀਆਂ ਸਿੱਖਿਅਕ ਸੰਸਥਾਵਾਂ ਹਨ, ਜਿੱਥੇ ਦਸ ਲੱਖ ਵਿਦਿਆਰਥੀਆਂ ਦੇ ਅੰਦਰ ਆਰ. ਐੱਸ. ਐੱਸ. ਦੇ ਵਿਚਾਰ ਭਰੇ ਜਾਂਦੇ ਹਨ, ਇਸ ਦਾ ਆਪਣਾ ਅਧਿਆਪਕਾਂ ਦਾ ਸੰਗਠਨ ਹੈ, ਔਰਤਾਂ ਦਾ ਸੰਗਠਨ ਹੈ, ਇਕ ਮੀਡੀਆ ਤੇ ਪ੍ਰਕਾਸ਼ਨ ਵਿਭਾਗ ਹੈ, ਆਦੀਵਾਸੀ ਕਲਿਆਣ ਲਈ ਇਸ ਦੇ ਆਪਣੇ ਸੰਗਠਨ ਹਨ, ਇਸ ਦਾ ਆਪਣਾ ਮੈਡੀਕਲ ਮਿਸ਼ਨ ਹੈ, ਗੱਪਬਾਜ਼ ਇਤਿਹਾਸਕਾਰਾਂ ਦਾ ਇਸ ਦਾ ਆਪਣਾ ਗਿਰੋਹ ਹੈ (ਜੋ ਇਤਿਹਾਸ ਨੂੰ ਤੱਥਾਂ ਦੇ ਉਲਟ ਬਦਲਦੇ ਰਹਿੰਦੇ ਹਨ)। ਇਥੋਂ ਤੱਕ ਸੋਸ਼ਲ ਮੀਡੀਆ 'ਤੇ ਟਰੋਲ (ਪਿੱਛਾ) ਕਰਨ ਵਾਲੀ ਇਸ ਦੀ ਆਪਣੀ ਫੌਜ ਹੈ, ਜੋ ਇਸ ਦੇ ਵਿਰੁੱਧ ਬੋਲਦਾ ਹੈ, ਇਹ ਫ਼ੌਜ ਉਸ ਨੂੰ ਬੁਰੀ ਤਰ੍ਹਾਂ ਜ਼ਲੀਲ ਕਰਦੀ ਹੈ, ਮਾਰਨ ਦੀਆਂ ਧਮਕੀਆਂ ਦਿੰਦੀ ਹੈ। ਇਸ ਦੇ ਸਹਿਯੋਗੀ ਹਿੰਸਕ ਸੰਗਠਨ ਬਜਰੰਗ ਦਲ ਤੇ ਵਿਸ਼ਵ ਹਿੰਦੂ ਪਰੀਸ਼ਦ ਉਨ੍ਹਾਂ ਲੋਕਾਂ 'ਤੇ ਸੰਗਠਿਤ ਹਮਲਾ ਕਰਨ ਲਈ, ਨਾਜ਼ੀ ਫ਼ੌਜੀਆਂ ਵਾਲਾ ਹਿੰਸਕ ਢੰਗ ਅਪਣਾਉਂਦੇ ਨ, ਜਿਨ੍ਹਾਂ ਦੇ ਵਿਚਾਰਾਂ ਨੂੰ ਉਹ ਇਕ ਖ਼ਤਰੇ ਦੇ ਰੂਪ ਵਿਚ ਦੇਖਦੇ ਹਨ। ਆਪਣੇ ਖ਼ੁਦ ਦੇ ਸੰਗਠਨ ਬਣਾਉਣ ਦੇ ਨਾਲ-ਨਾਲ ਆਰ. ਐੱਸ. ਐੱਸ. ਨੇ ਸਰਕਾਰੀ ਸੰਸਥਾਵਾਂ ਵਿਚ ਆਪਣੇ ਪਿਆਦੇ ਬਿਠਾਉਣ ਲਈ ਸਫਲਤਾ ਪ੍ਰਾਪਤ ਕੀਤੀ ਹੈ। ਸਰਕਾਰੀ ਕਮੇਟੀਆਂ, ਯੂਨੀਵਰਸਿਟੀਆਂ, ਨਿਆਂ ਪਾਲਿਕਾ, ਅਫ਼ਸਰਸ਼ਾਹੀ ਤੇ ਸਭ ਤੋਂ ਅਹਿਮ ਰੂਪ ਵਿਚ ਖੁਫ਼ੀਆ ਸੇਵਾਵਾਂ ਵਿਚ ਇਨ੍ਹਾਂ ਦਾ ਬੋਲਬਾਲਾ ਹੈ।

ਭਗਵੇਂਵਾਦ ਦੇ ਸੱਤਾ ਦੀ ਯਾਤਰਾ ਰਾਮ ਜਨਮਭੂਮੀ ਅੰਦੋਲਨ ਤੋਂ ਸ਼ੁਰੂ ਹੋਈ। 1990 ਵਿਚ ਇਕ ਭਾਜਪਾ ਨੇਤਾ ਤੇ ਆਰ. ਐੱਸ. ਐੱਸ. ਦੇ ਮੈਂਬਰ ਐੱਲ. ਕੇ. ਅਡਵਾਨੀ ਨੇ ਆਪਣੇ ਏਅਰਕੰਡੀਸ਼ਨਡ ਰੱਥ ਵਿਚ ਦੇਸ ਭਰ ਵਿਚ ਇਕ ਯਾਤਰਾ ਕੱਢੀ ਤੇ 'ਹਿੰਦੂ ਭਾਈਚਾਰੇ' ਨੂੰ ਭੜਕਾਉਣ ਤੇ ਭਗਵਾਨ ਰਾਮ ਦੇ ਜਨਮ ਸਥਾਨ 'ਤੇ ਮੰਦਰ ਬਣਾਉਣ ਲਈ ਉਤਸ਼ਾਹਿਤ ਕੀਤਾ। ਲੋਕਾਂ ਨੂੰ ਕਿਹਾ ਗਿਆ ਕਿ ਇਹ ਜਨਮਸਥਾਨ ਅਯੁੱਧਿਆ ਸ਼ਹਿਰ ਵਿਚ ਠੀਕ ਉਹੀ ਥਾਂ ਸੀ, ਜਿੱਥੇ ਸੋਲ੍ਹਵੀਂ ਸਦੀ ਦੀ ਇੱਕ ਬਾਬਰੀ ਮਸਜਿਦ ਖੜ੍ਹੀ ਸੀ, ਆਪਣੀ ਰੱਥ ਯਾਤਰਾ ਦੇ ਠੀਕ ਦੋ ਸਾਲ ਬਾਅਦ 1992 ਵਿਚ ਅਡਵਾਨੀ ਨੇ ਆਪਣੀਆਂ ਨਜ਼ਰਾਂ ਦੇ ਸਾਹਮਣੇ ਇਕ ਸੰਗਠਿਤ ਭੀੜ ਦੁਆਰਾ ਬਾਬਰੀ ਮਸਜਿਦ ਨੂੰ ਮਲਬੇ ਵਿਚ ਬਦਲਦੇ ਦੇਖਿਆ। ਇਸ ਤੋਂ ਬਾਅਦ ਕਤਲੇਆਮ ਤੇ ਸਿਲਸਿਲੇਵਾਰ ਧਮਾਕੇ ਹੋਏ। ਮੁਲਕ ਇਸ ਤਰ੍ਹਾਂ ਦੋ ਧਰੁੱਵਾਂ ਵਿਚ ਵੰਡ ਗਿਆ। 1998 ਆਉਂਦੇ-ਆਉਂਦੇ, ਜਪਾ ਨੇ (ਜਿਸ ਕੋਲ 1984 ਵਿਚ ਸੰਸਦ ਵਿਚ ਸਿਰਫ਼ ਦੋ ਸੀਟਾਂ ਸਨ), ਕੇਂਦਰ ਵਿਚ ਇਕ ਗੱਠਜੋੜ ਸਰਕਾਰ ਬਣਾ ਲਈ।

**ਹਿੰਦੂਤਵ ਤੇ ਫਾਸ਼ੀਵਾਦ**

ਭਾਜਪਾ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਉਸ ਨੇ ਪਰਮਾਣੂ ਪ੍ਰਯੋਗਾਂ ਦੇ ਰਾਹੀਂ ਆਰ. ਐੱਸ. ਐੱਸ. ਦੀ ਪੁਰਾਣੀ ਇੱਛਾ ਨੂੰ ਸਾਕਾਰ ਕੀਤਾ। ਅਜਿਹਾ ਨਹੀਂ ਸੀ ਕਿ ਭਾਰਤ ਨੇ ਪਹਿਲੀ ਵਾਰ ਪਰਮਾਣੂ ਤਜਰਬੇ ਕੀਤੇ ਹੋਣ, ਪਰ 1998 ਦੀ ਤੜਕ-ਭੜਕ ਭਰੀ ਨੁਮਾਇਸ਼ ਕੁਝ ਵੱਖਰੀ ਹੀ ਸੀ। ਇਹ ਹੈਸੀਅਤ ਬਦਲ ਦੇਣ ਵਾਲੇ ਭਾਵ ਦੀ ਤਰ੍ਹਾਂ ਸੀ। 'ਹਿੰਦੂ ਬੰਬ' ਇਸ ਗੱਲ ਦਾ ਐਲਾਨ ਸੀ ਕਿ ਹਿੰਦੂ ਰਾਸ਼ਟਰ ਬਸ ਆਉਣ ਹੀ ਵਾਲਾ ਹੈ।

ਕੁਝ ਹੀ ਦਿਨਾਂ ਦੇ ਅੰਦਰ ਪਾਕਿਸਤਾਨ ਨੇ (ਜੋ 1956 ਵਿਚ ਹੀ ਖ਼ੁਦ ਨੂੰ ਇਸਲਾਮੀ ਗਣਤੰਤਰ ਐਲਾਨ ਕੇ ਪਹਿਲਾਂ ਹੀ ਹੋੜ ਵਿਚ ਅੱਗੇ ਚੱਲ ਰਿਹਾ ਸੀ) 'ਮੁਸਲਿਮ ਬੰਬ' ਦੀ ਨੁਮਾਇਸ਼ ਕੀਤੀ ਤੇ ਹੁਣ ਅਸੀਂ ਇਨ੍ਹਾਂ ਦੋਵਾਂ ਪਰਮਾਣੂ ਹਥਿਆਰਾਂ ਨਾਲ ਲੈਸ ਸ਼ੈਤਾਨੀ ਤਾਕਤਾਂ ਵਿਚਾਲੇ ਫਸ ਗਏ ਸਾਂ, ਜਿਨ੍ਹਾਂ ਨੇ ਇਕ ਦੂਜੇ ਨਾਲ ਨਫ਼ਰਤ ਕਰਨੀ ਸਿਖਾਈ ਸੀ, ਜਿਨ੍ਹਾਂ ਨੇ ਧਾਰਮਿਕ ਅੰਧ-ਰਾਸ਼ਟਰਵਾਦ ਦੇ ਹਾਰਰ ਸ਼ੋਅ ਵਿਚ ਇੱਕ ਦੂਜੇ ਤੋਂ ਮੁਕਾਬਲੇ ਦੌਰਾਨ ਆਪਣੀ ਘੱਟਗਿਣਤੀ ਅਬਾਦੀ ਨੂੰ ਗੁਲਾਮ ਬਣਾ ਰੱਖਿਆ ਸੀ ਤੇ ਉਨ੍ਹਾਂ ਦੇ ਕੋਲ ਕਸ਼ਮੀਰ ਸੀ, ਜਿਸ 'ਤੇ ਉਹ ਲੜ ਸਕਦੇ ਸਨ। ਪਰਮਾਣੂ ਤਜਰਬਿਆਂ ਨੇ ਭਾਰਤ ਵਿਚ ਜਨਤਕ ਬਹਿਸ ਦੇ ਲਹਿਜ਼ੇ ਨੂੰ ਬਦਲ ਦਿੱਤਾ ਸੀ। ਉਨ੍ਹਾਂ ਨੇ ਇਸ ਨੂੰ ਭਿਅੰਕਰ ਹਥਿਆਰਾਂ ਨਾਲ ਲੈਸ ਕਰ ਦਿੱਤਾ। ਹੁਣ ਦੀ ਤਰ੍ਹਾਂ ਉਦੋਂ ਵੀ ਅਜਿਹਾ ਸਾਹਿਤ ਲੋਕਾਂ ਵਿਚ ਵੰਡਿਆ ਗਿਆ ਕਿ ਹਿੰਦੂ ਰਾਸ਼ਟਰ ਬਸ ਆਉਣ ਵਾਲਾ ਹੈ ਕਿ ਫਿਰ ਤੋਂ ਉੱਠ ਖੜ੍ਹਾ ਹੋਣ ਵਾਲਾ ਭਾਰਤ "ਪੁਰਾਣੀ ਪੀੜਾ ਜਾਂ ਦਰਦ ਦੇਣ ਵਾਲਿਆਂ 'ਤੇ ਟੁੱਟ ਪਵੇਗਾ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗਾ।" ਇਸ ਤਰ੍ਹਾਂ ਭਾਜਪਾ ਦੇ ਰਾਜ ਦੌਰਾਨ ਫਿਰਕੂ ਜਨੂੰਨ

ਭਰਿਆ ਗਿਆ। ਹਿੰਦੂਤਵੀ ਰਾਜਨੀਤੀ ਦੀ ਪ੍ਰਗਤੀ ਦਾ ਉਹ ਸਾਲ, 1998, ਇਸਾਈਆਂ ’ਤੇ ਘਿਨੌਣੇ ਹਮਲਿਆਂ ਦਾ ਗਵਾਹ ਬਣਿਆ। ਆਰ. ਐੱਸ. ਐੱਸ. ਨਾਲ ਜੁੜੇ ਬਨਵਾਸੀ ਕਲਿਆਣ ਆਸ਼ਰਮ ਦੀ ਧਾਰਮਿਕ ਜੱਥੇਬੰਦੀ ਦੇ ਮੁਖੀ ਸਵਾਮੀ ਅਸੀਮਾਨੰਦ (ਜੋ ਸਮਝੌਤਾ ਐਕਸਪ੍ਰੈੱਸ ਰੇਲਗੱਡੀ ਵਿਚ ਬੰਬ ਧਮਾਕਿਆਂ ਦੇ ਮੁੱਖ ਦੋਸ਼ੀ ਦੇ ਰੂਪ ਵਿਚ ਕੌਮੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਿਆ ਰਿਹਾ) ਨੂੰ ਪੱਛਮੀ ਗੁਜਰਾਤ ਦੇ ਜੰਗਲ ਵਾਲੇ ਜ਼ਿਲ੍ਹੇ ਡਾਂਗ ਵਿਚ ਇੱਕ ਮੁੱਖ ਦਫ਼ਤਰ ਸਥਾਪਿਤ ਕਰਨ ਲਈ ਭੇਜਿਆ ਗਿਆ। ਹਿੰਸਾ ਦੀ ਸ਼ੁਰੂਆਤ ਕ੍ਰਿਸਮਸ ਤੋਂ ਪਹਿਲੀ ਸ਼ਾਮ ਤੋਂ ਹੋਈ। ਹਫ਼ਤੇ ਭਰ ਦੇ ਅੰਦਰ ਹਿੰਦੂ ਧਰਮ ਜਾਗਰਣ ਮੰਚ ਦੀ ਅਗਵਾਈ ਵਿਚ ਹਜ਼ਾਰਾਂ ਦੀ ਭੀੜ ਵੱਲੋਂ ਇਲਾਕੇ ਵਿਚ 20 ਗਿਰਜਾਘਰਾਂ ਨੂੰ ਫੂਕ ਦਿੱਤਾ ਗਿਆ। ਇਹ ਮੰਚ ਵਿਸ਼ਵ ਹਿੰਦੂ ਪਰੀਸ਼ਦ ਤੇ ਬਜਰੰਗ ਦਲ ਨਾਲ ਜੁੜਿਆ ਹੋਇਆ ਹੈ। ਜਲਦੀ ਹੀ, ਡਾਂਗ ਜ਼ਿਲ੍ਹਾ ਘਰ ਵਾਪਸੀ ਦਾ ਇੱਕ ਵੱਡਾ ਕੇਂਦਰ ਬਣ ਗਿਆ। ਹਜ਼ਾਰਾਂ ਆਦੀਵਾਸੀ ਜੋ ਇਸਾਈ ਬਣ ਗਏ ਸਨ, ਉਹ ਭਗਵੇਂਵਾਦੀਆਂ ਵੱਲੋਂ ਹਿੰਦੂ ਧਰਮ ਵਿਚ ‘ਵਾਪਸ’ ਲਿਆਂਦੇ ਗਏ। ਦੂਜੇ ਸੂਬਿਆਂ ਵਿਚ ਭਗਵੇਂਵਾਦੀਆਂ ਵੱਲੋਂ ਹਿੰਸਾ ਫੈਲਾਈ ਗਈ। ਉੜੀਸਾ ਦੇ ਕਿਓਂਝਰ ਜ਼ਿਲ੍ਹੇ ਵਿਚ ਇੱਕ ਆਸਟਰੇਲੀਆਈ ਇਸਾਈ ਮਿਸ਼ਨਰੀ ਗਰਾਹਮ ਸਟੇਨਸ ਨੂੰ, ਜੋ ਭਾਰਤ ਵਿਚ 35 ਵਰ੍ਹਿਆਂ ਤੋਂ ਕੰਮ ਕਰ ਰਿਹਾ ਸੀ, 6 ਤੇ 10 ਸਾਲ ਦੇ ਉਸ ਦੇ ਦੋ ਪੁੱਤਰਾਂ ਦੇ ਨਾਲ ਜਿੰਦਾ ਸਾੜ ਦਿੱਤਾ ਗਿਆ। ਜਿਸ ਆਦਮੀ ਨੇ ਇਹ ਹਮਲਾ ਕੀਤਾ ਸੀ, ਉਸ ਦਾ ਨਾਂ ਦਾਰਾ ਸਿੰਘ ਸੀ ਤੇ ਉਹ ਬਜਰੰਗ ਦਲ ਦਾ ਇਕ ਕਾਰਕੁੰਨ ਸੀ।

**ਕਸ਼ਮੀਰ ’ਚ ਸਿੱਖ ਕਤਲੇਆਮ**

ਅਪਰੈਲ 2000 ਵਿਚ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਪਾਕਿਸਤਾਨ ਦੇ ਇੱਕ ਅਧਿਕਾਰਕ ਦੌਰੇ ’ਤੇ ਸਨ, ਜਿਸ ਤੋਂ ਬਾਅਦ ਉਨ੍ਹਾਂ ਨੇ ਦਿੱਲੀ ਆਉਣਾ ਸੀ, ਲੱਦਾਖ ਦੇ ਕਾਰਗਿਲ ਜ਼ਿਲ੍ਹੇ ਵਿਚ ਜੰਗ ਨੂੰ ਹਾਲੇ ਤੱਕ ਇੱਕ ਸਾਲ ਤੋਂ ਵੀ ਘੱਟ ਸਮਾਂ ਬੀਤਿਆ ਸੀ, ਜਿਸ ਵਿਚ ਭਾਰਤ ਨੇ ਪਾਕਿਸਤਾਨੀ ਫ਼ੌਜ ਨੂੰ ਪਿੱਛੇ ਧੱਕ ਦਿੱਤਾ ਸੀ। ਭਾਰਤ ਸਰਕਾਰ ਇਸ ਲਈ ਇੱਛੁਕ ਸੀ ਕਿ ਅੰਤਰਰਾਸ਼ਟਰੀ ਭਾਈਚਾਰਾ ਪਾਕਿਸਤਾਨ ਨੂੰ ਇੱਕ ‘ਅੱਤਵਾਦੀ ਸੂਬੇ’ ਦੇ ਰੂਪ ਵਿਚ ਮਾਨਤਾ ਦੇਵੇ। 20 ਅਪ੍ਰੈਲ ਨੂੰ, ਜਿਸ ਰਾਤ ਕਲਿੰਟਨ ਨੂੰ ਪਹੁੰਚਣਾ ਸੀ, ਦੱਖਣੀ ਕਸ਼ਮੀਰ ਵਿਚ ਇੱਕ ਪਿੰਡ ਛੱਤੀਸਿੰਘਪੁਰਾ ਵਿਚ 35 ਸਿੱਖਾਂ ਦਾ ਜ਼ਾਲਮਾਨਾ ਢੰਗ ਨਾਲ ਕਤਲੇਆਮ ਕਰ ਦਿੱਤਾ ਗਿਆ। ਹੱਤਿਆਰਿਆਂ ਬਾਰੇ ਦੱਸਿਆ ਗਿਆ ਕਿ ਉਹ ਪਾਕਿਸਤਾਨ-ਸਥਿਤ ਅੱਤਵਾਦੀ ਸਨ। ਪਹਿਲੀ ਵਾਰ ਕਸ਼ਮੀਰ ਵਿਚ ਅੱਤਵਾਦੀਆਂ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਪੰਜ ਦਿਨ ਬਾਅਦ, ਸਪੈਸ਼ਲ ਅਪਰੇਸ਼ਨ ਗਰੁੱਪ ਤੇ ਰਾਸ਼ਟਰੀ ਰਾਈਫਲਜ਼ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਅੱਤਵਾਦੀਆਂ ਵਿਚੋਂ ਪੰਜ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਮਾਰ ਦਿੱਤਾ ਹੈ। ਮਾਰੇ ਗਏ ਲੋਕਾਂ ਦੀ ਸੜੀਆਂ ਹੋਈਆਂ, ਕਟੀਆਂ-ਫਟੀਆਂ ਲਾਸ਼ਾਂ, ਸਾਫ਼-ਸੁਥਰੀ ਬਿਨਾਂ ਸੜੀਆਂ ਹੋਈਆਂ ਫ਼ੌਜੀ ਵਰਦੀਆਂ ਵਿਚ ਸਨ। ਅਸਲੀਅਤ ਖੁੱਲ੍ਹੀ ਕਿ ਉਹ ਸਾਰੇ ਸਥਾਨਕ ਭਾਰਤ ਦੇ ਕਸ਼ਮੀਰੀ ਪਿੰਡ ਵਾਲੇ ਸਨ, ਜਿਨ੍ਹਾਂ ਨੂੰ ਫ਼ੌਜ ਨੇ ਅਗਵਾ ਕਰਕੇ ਇੱਕ ਫਰਜ਼ੀ ਐਨਕਾਊਂਟਰ ਵਿਚ ਮਾਰ ਦਿੱਤਾ ਸੀ। ਅਜੇ ਤੱਕ ਇਹ ਭੇਦ ਨਹੀਂ ਖੁੱਲ੍ਹਣ ਦਿੱਤਾ ਕਿ ਇਹ ਕਤਲੇਆਮ ਕਿਉਂ ਹੋਇਆ?

**ਮੋਦੀ ਦੀ ਆਮਦ**

ਅਕਤੂਬਰ 2001 ਵਿਚ, ਸੰਯੁਕਤ ਰਾਜ ਅਮਰੀਕਾ ’ਤੇ 9/11 ਹਮਲਿਆਂ ਦੇ ਬਸ ਕੁਝ ਹਫ਼ਤੇ ਬਾਅਦ ਭਾਜਪਾ ਨੇ ਨਰਿੰਦਰ ਮੋਦੀ ਨੂੰ ਗੁਜਰਾਤ ਦਾ ਮੁੱਖ ਮੰਤਰੀ ਬਣਾਇਆ, ਉਦੋਂ ਮੋਦੀ ਅਣਜਾਣ ਜਿਹੇ ਸ਼ਖ਼ਸ ਸਨ। ਉਨ੍ਹਾਂ ਦੀ ਮੁੱਖ ਰਾਜਨੀਤਕ ਖ਼ਾਸੀਅਤ ਆਰ. ਐੱਸ. ਐੱਸ. ਦਾ ਵਫ਼ਾਦਾਰ ਮੈਂਬਰ ਹੋਣਾ ਸੀ। ਦਿੱਲੀ ਵਿਚ 13 ਦਸੰਬਰ 2011 ਦੀ ਸਵੇਰੇ, ਜਦੋਂ ਭਾਰਤੀ ਸੰਸਦ ਦਾ ਸਰਦ ਰੁੱਤ ਸੈਸ਼ਨ ਚੱਲ ਰਿਹਾ ਸੀ, ਪੰਜ ਹਥਿਆਰਬੰਦ ਆਦਮੀ ਇੱਕ



**ਸੱਤਾ ਤੋਂ ਦਸ ਸਾਲ ਤੱਕ ਬਾਹਰ ਰਹਿਣ ਤੋਂ ਬਾਅਦ ਭਾਜਪਾ ਨੇ ਇਕੱਲਿਆਂ ਬਹੁਮੱਤ ਹਾਸਲ ਕੀਤਾ। ਮੋਦੀ ਦੁਨੀਆਂ ਦਾ ਸਭ ਤੋਂ ਵੱਡੇ ਲੋਕਤੰਤਰ ਦਾ ਪ੍ਰਧਾਨ ਮੰਤਰੀ ਬਣਿਆ। ਜਿੱਤ ਏਨੀ ਫ਼ੈਸਲਾਕੁੰਨ ਸੀ, ਜਿੱਤ ਦੇ ਜਸ਼ਨ ਦੇਖ ਕੇ ਇੰਝ ਲਗ ਰਿਹਾ ਸੀ, ਮੰਨੋ ਹਿੰਦੂ ਰਾਸ਼ਟਰ ਦੀ ਸਥਾਪਨਾ ਵਿਚ ਬਸ ਕੁਝ ਹੀ ਹਫ਼ਤਿਆਂ ਦੀ ਦੇਰ ਹੈ। ਸਹੁੰ ਚੁੱਕਣ ਤੋਂ ਬਾਅਦ ਮੋਦੀ ਨੇ ਇਕ ਪਾਸੇ ਆਪਣੇ ਸਿਆਸੀ ਦੁਸ਼ਮਣ ਅਡਵਾਨੀ ਦਾ ਰਾਜਨੀਤਕ ਤੌਰ ’ਤੇ ਘੋਗਾ ਚਿੱਤ ਕਰ ਦਿੱਤਾ, ਉੱਥੇ ਦੂਜੇ ਪਾਸੇ ਸਰਕਾਰ ਵਿਚ ਫ਼ੈਸਲੇ ਲੈਣ ਦੀ ਕਾਫ਼ੀ ਤਾਕਤ ਆਪਣੇ ਹੱਥ ਵਿਚ ਰੱਖੀ ਤੇ ਫਿਰ ਇੱਕ ਸਫ਼ਰ ’ਤੇ ਨਿਕਲ ਪਏ (ਜੋ ਹਾਲੇ ਤੱਕ ਖ਼ਤਮ ਨਹੀਂ ਹੋਇਆ ਹੈ), ਜਿਸ ਦੌਰਾਨ ਉਹ ਕਦੇ-ਕਦੇ ਭਾਰਤ ਵਿਚ ਵੀ ਥੋੜ੍ਹੇ ਵਕਤ ਲਈ ਠਹਿਰ ਜਾਂਦਾ ਹੈ। ਇੱਕ ਵਿਸ਼ਵ ਪੱਧਰ ਦੇ ਨੇਤਾ ਦੇ ਰੂਪ ਵਿਚ ਦੇਖੇ ਜਾਣ ਦੀ ਮੋਦੀ ਦੀ ਨਿੱਜੀ ਮਹੱਤਵਪੂਰਨ ਇੱਛਾ, ਜਲਦੀ ਹੀ ਉਸ ਜੱਥੇਬੰਦੀ ਦੀਆਂ ਹੱਦਾਂ ਨੂੰ ਪਾਰ ਕਰਨ ਲੱਗੀ।**

ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ ਲੱਗੀ ਇਕ ਸਫ਼ੈਦ ਅੰਬੈਸਡਰ ਕਾਰ ਵਿਚ ਆਏ ਤੇ ਇਸ ਦੇ ਦਰਵਾਜ਼ਿਆਂ ਤੋਂ ਦਾਖ਼ਲ ਹੋਏ। ਜ਼ਾਹਿਰ ਤੌਰ ’ਤੇ, ਉਹ ਸਕਿਓਰਿਟੀ ਨੂੰ ਪਾਰ ਕਰ ਗਏ, ਕਿਉਂਕਿ ਵਿੰਡਸਕਰੀਨ ’ਤੇ ਗ੍ਰਹਿ ਮੰਤਰਾਲੇ ਦਾ ਇੱਕ ਫਰਜ਼ੀ ਸਟਿੱਕਰ ਲੱਗਿਆ ਸੀ, ਜਿਸ ਦੇ ਦੂਜੇ ਪਾਸੇ ਲਿਖਿਆ ਸੀ, “ਭਾਰਤ ਇੱਕ ਬੇਹੱਦ ਬੁਰਾ ਦੇਸ ਹੈ ਤੇ ਅਸੀਂ ਭਾਰਤ ਨਾਲ ਨਫ਼ਰਤ ਕਰਦੇ ਹਾਂ। ਅਸੀਂ ਇਸ ਨੂੰ ਤਬਾਹ ਕਰਨਾ ਚਾਹੁੰਦੇ ਹਾਂ ਤੇ ਅੱਲ੍ਹਾ ਨੇ ਚਾਹਿਆ ਤਾਂ ਅਸੀਂ ਅਜਿਹਾ ਕਰ ਦਿਆਂਗੇ। ਇਹ ਮੂਰਖ ਵਾਜਪਾਈ ਤੇ ਅਡਵਾਨੀ ਨੂੰ ਅਸੀਂ ਮਾਰ ਸੁੱਟਾਂਗੇ, ਕਿਉਂਕਿ ਇਨ੍ਹਾਂ ਨੇ ਕਈ ਬੇਗੁਨਾਹ ਮੁਸਲਮਾਨਾਂ ਨੂੰ ਮਾਰਿਆ ਹੈ।’

ਜਦੋਂ ਇਨ੍ਹਾਂ ਸ਼ੱਕੀ ਲੋਕਾਂ ਨੂੰ ਚੁਣੌਤੀ ਦਿੱਤੀ ਗਈ, ਉਨ੍ਹਾਂ ਕਾਰ ਤੋਂ ਛਾਲ ਮਾਰ ਦਿੱਤੀ ਤੇ ਗੋਲੀਆਂ ਚਲਾਉਣ ਲੱਗੇ। ਇਸ ਤੋਂ ਬਾਅਦ ਹੋਈ ਗੋਲੀਬਾਰੀ ਵਿਚ ਸਾਰੇ ਹਮਲਾਵਰ, ਅੱਠ ਸਕਿਓਰਿਟੀ ਗਾਰਡ ਤੇ ਇੱਕ ਮਾਲੀ ਮਾਰਿਆ ਗਿਆ। ਉਦੋਂ ਦੇ ਪ੍ਰਧਾਨ ਮੰਤਰੀ ਵਾਜਪਾਈ ਨੇ, ਸਿਰਫ਼ ਇੱਕ ਹੀ ਦਿਨ ਪਹਿਲਾਂ, ਚਿੰਤਾ ਜਤਾਈ ਸੀ ਕਿ ਸੰਸਦ ’ਤੇ ਹਮਲਾ ਹੋ ਸਕਦਾ ਹੈ। ਅਡਵਾਨੀ ਨੇ, ਜੋ ਉਸ ਸਮੇਂ ਗ੍ਰਹਿ ਮੰਤਰੀ ਸਨ, ਹਮਲੇ ਦੀ ਤੁਲਨਾ 9/11 ਦੇ ਹਮਲਿਆਂ ਨਾਲ ਕੀਤੀ। ਕੁਝ ਹੀ ਦਿਨਾਂ ਦੇ ਅੰਦਰ 16 ਦਸੰਬਰ ਨੂੰ ਦਿੱਲੀ ਪੁਲੀਸ ਦੀ ਸਪੈਸ਼ਲ ਸੈੱਲ ਨੇ ਐਲਾਨ ਕੀਤਾ ਕਿ ਇਸ ਮਾਮਲੇ ਨੂੰ ਹੱਲ ਕਰ ਲਿਆ ਹੈ। ਇਸ ਨੇ ਕਿਹਾ ਕਿ ਇਹ ਹਮਲਾ ਪਾਕਿਸਤਾਨ ਸਥਿਤ ਦੋ ਅੱਤਵਾਦੀ ਜੱਥੇਬੰਦੀਆਂ ਲਸ਼ਕਰ-ਏ-ਤੈਇਬਾ ਤੇ ਜੈਸ਼-ਏ-ਮੁਹੰਮਦ ਦੀ ਸਾਂਝੀ ਕਾਰਵਾਈ ਸੀ। ਤਿੰਨ ਕਸ਼ਮੀਰੀ ਲੋਕਾਂ ਐੱਸ. ਆਰ. ਗਿਲਾਨੀ, ਸ਼ੌਕਤ ਹੁਸੈਨ ਗੁਰੂ ਤੇ ਮੁਹੰਮਦ ਅਫਜ਼ਲ ਗੁਰੂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।

ਸਪੈਸ਼ਲ ਸੈੱਲ ਅਨੁਸਾਰ ਭਾਰਤ ਵਿਚ ਇਸ ਦਾ ਮਾਸਟਰ ਮਾਈਂਡ ਗਿਲਾਨੀ ਸੀ, ਜੋ ਦਿੱਲੀ ਵਿਸ਼ਵਵਿਦਿਆਲੇ ਵਿਚ ਅਰਬੀ ਦਾ ਇੱਕ ਨੌਜਵਾਨ ਪ੍ਰੋਫੈਸਰ ਸੀ।(ਅੱਗੇ ਚੱਲ ਕੇ ਅਦਾਲਤਾਂ ਨੇ ਉਸ ਨੂੰ ਬਰੀ ਕਰ ਦਿੱਤਾ।) 21 ਦਸੰਬਰ ਨੂੰ ਖੁਫੀਆ ਸੂਚਨਾਵਾਂ ਦੇ ਆਧਾਰ ’ਤੇ ਭਾਰਤੀ ਸਰਕਾਰ ਨੇ ਪਾਕਿਸਤਾਨ ਦੇ ਨਾਲ ਹਵਾਈ ਜਹਾਜ਼, ਰੇਲ ਤੇ ਬੱਸ ਦੀ ਆਵਾਜਾਈ ’ਤੇ ਰੋਕ ਲਗਾ ਦਿੱਤੀ ਤੇ ਆਪਣਾ ਰਾਜਦੂਤ ਵਾਪਸ ਬੁਲਾ ਲਿਆ। ਪੰਜ ਲੱਖ ਤੋਂ ਵੱਧ ਫ਼ੌਜੀਆਂ ਨੂੰ ਸਰਹੱਦ ’ਤੇ ਭੇਜ ਦਿੱਤਾ ਗਿਆ ਤੇ ਉਹ ਕਈ ਮਹੀਨਿਆਂ ਤੱਕ ਹਾਈ ਅਲਰਟ ’ਤੇ ਰਹੇ।

**ਦੰਗਿਆਂ ਦੀ ਰਾਜਨੀਤੀ**

27 ਫਰਵਰੀ 2002 ਨੂੰ, ਜਦ ਕਿ ਭਾਰਤੀ ਤੇ ਪਾਕਿ ਫ਼ੌਜੀ ਇੱਕ-ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸਰਹੱਦ ’ਤੇ ਖੜ੍ਹੇ ਸਨ ਤੇ ਫਿਰਕੂਵਾਦ ਧਰੁਵੀਕਰਨ ਸਿਖਰ ’ਤੇ ਸੀ, ਅਯੁੱਧਿਆ ਤੋਂ ਪਰਤਦੇ 58 ਕਾਰ ਸੇਵਕ ਗੁਜਰਾਤ ਦੇ ਗੋਧਰਾ ਸ਼ਹਿਰ ਦੇ ਸਟੇਸ਼ਨ ਦੇ ਠੀਕ ਬਾਹਰ ਆਪਣੀਆਂ ਬੋਗੀਆਂ ਵਿਚ ਜਿੰਦਾ ਸਾੜ ਦਿੱਤੇ ਗਏ। ਗੁਜਰਾਤ ਪੁਲੀਸ ਨੇ ਕਿਹਾ ਕਿ ਬੋਗੀਆਂ ਵਿਚ ਅੱਗ ਬਾਹਰ ਤੋਂ ਭੜਕੇ ਹੋਏ ਸਥਾਨਕ ਮੁਸਲਮਾਨਾਂ ਦੀ ਇੱਕ ਭੀੜ ਵੱਲੋਂ ਲਗਾਈ ਗਈ ਸੀ, (ਬਾਅਦ ਵਿਚ ਸਟੇਟ ਫਾਰੈਂਸਿਕ ਲੈਬ ਨੇ ਦਿਖਾਇਆ ਕਿ ਅਜਿਹੀ ਘਟਨਾ ਨਹੀਂ ਵਾਪਰੀ। ਇਹ ਇੱਕ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀ ਹੈ।) ਅਡਵਾਨੀ ਨੇ ਕਿਹਾ ਕਿ “ਬਾਹਰੀ ਅਨਸਰ” ਵੀ ਇਸ ਵਿਚ ਸ਼ਾਮਲ ਹੋ ਸਕਦੇ ਹਨ। ਕਾਰ ਸੇਵਕਾਂ ਦੀਆਂ ਲਾਸ਼ਾਂ, ਜੋ ਪਛਾਣ ਤੋਂ ਪਰ੍ਹੇ ਸੜ ਚੁੱਕੀਆਂ ਸਨ, ਜਨਤਾ ਵੱਲੋਂ ਸ਼ਰਧਾਂਜਲੀ ਦੇਣ ਲਈ ਅਹਿਮਦਾਬਾਦ ਲਿਆਂਦੀਆਂ ਗਈਆਂ। ਇਸ ਤੋਂ ਬਾਅਦ ਜੋ ਹੋਇਆ, ਉਹ ਬਾਖ਼ੂਬੀ ਜਾਣਿਆ ਹੋਇਆ ਹੈ। (ਤੇ ਬਾਖ਼ੂਬੀ ਭੁਲਾ ਵੀ ਦਿੱਤਾ ਗਿਆ, ਕਿਉਂਕਿ ਕੱਲ੍ਹ ਦੇ ਧਰਮ ਦੇ ਅੰਨ੍ਹਿਆਂ ਨੂੰ ਸਾਨੂੰ ਅੱਜ ਦਾ ਉਦਾਰਵਾਦੀ ਕਹਿ ਕੇ ਵੇਚਿਆ ਜਾ ਰਿਹਾ ਹੈ।) ਇਸ ਲਈ ਥੋੜ੍ਹੇ ਵਿਚ ਕਹਿੰਦੇ ਹਾਂ : ਫਰਵਰੀ ਤੇ ਮਾਰਚ 2002 ਵਿਚ ਗੁਜਰਾਤ ਸੜਦਾ ਰਿਹਾ ਤੇ ਪੁਲੀਸ ਹੱਥ ’ਤੇ ਹੱਥ ਧਰ ਕੇ ਬੈਠੀ ਰਹੀ। ਸ਼ਹਿਰਾਂ ਤੇ ਪਿੰਡਾਂ ਵਿਚ ਸੰਗਠਿਤ ਹਿੰਦੂਆਂ ਦੀ ਭੀੜ ਨੇ ਮੁਸਲਮਾਨਾਂ ਦੀਆਂ ਦਿਨ-ਦਿਹਾੜੇ ਹੱਤਿਆਵਾਂ ਕੀਤੀਆਂ। ਔਰਤਾਂ ਦੇ ਨਾਲ ਬਲਾਤਕਾਰ ਹੋਏ ਤੇ ਉਨ੍ਹਾਂ ਨੂੰ ਜ਼ਿੰਦਾ ਸਾੜਿਆ ਗਿਆ। ਹਜ਼ਾਰਾਂ ਮੁਸਲਮਾਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਸ਼ਰਨਾਰਥੀ ਕੈਂਪਾਂ ਵਿਚ ਭੇਜਿਆ ਗਿਆ।

ਭਾਰਤ ਵਿਚ ਇਸ ਦੇ ਪਹਿਲਾਂ ਵੀ ਕਤਲੇਆਮ ਹੋਏ ਹਨ, ਜੋ ਓਨੇ ਹੀ ਘਿਨੌਣੇ ਹਨ, ਜਿਨ੍ਹਾਂ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਰਹੀ ਹੈ : ਨੱਲੀ, ਅਸਾਮ ਵਿਚ 1983 ਦੌਰਾਨ ਕਾਂਗਰਸ ਸਰਕਾਰ ਦੇ ਤਹਿਤ ਹੋਇਆ ਮੁਸਲਮਾਨਾਂ ਦਾ ਕਤਲੇਆਮ (ਮਾਰੇ ਗਏ ਲੋਕਾਂ ਦੀ ਗਿਣਤੀ ਦਾ ਅੰਦਾਜ਼ਾ ਅਧਿਕਾਰਿਕ 2000 ਤੋਂ ਲੈ ਕੇ ਅਣਅਧਿਕਾਰਕ ਤੌਰ ’ਤੇ ਇਸ ਤੋਂ ਦੁੱਗਣੀ ਹੈ); ਇੰਦਰਾ ਗਾਂਧੀ ਦੀ 1984 ਵਿਚ ਹੋਏ ਕਤਲ ਤੋਂ ਬਾਅਦ ਕਾਂਗਰਸ ਦੀ ਅਗਵਾਈ ਵਾਲੀ ਭੀੜ ਵੱਲੋਂ ਤਕਰੀਬਨ 3000 ਸਿੱਖਾਂ ਦਾ ਕਤਲੇਆਮ (ਜਿਸ ਨੂੰ ਜਾਇਜ਼ ਠਹਿਰਾਉਂਦੇ ਏ ਰਾਜੀਵ ਗਾਂਧੀ ਨੇ, ਜੋ ਅੱਗੇ ਚੱਲ ਕੇ ਪ੍ਰਧਾਨ ਮੰਤਰੀ ਬਣੇ, ਕਿਹਾ ਸੀ, “ਜਦੋਂ ਇੱਕ ਵੱਡਾ ਰੁੱਖ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੈ”), ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ 1993 ਵਿਚ ਮੁੰਬਈ ਵਿਚ ਸ਼ਿਵ ਸੈਨਾ ਵੱਲੋਂ ਸੈਂਕੜੇ ਮੁਸਲਮਾਨਾਂ ਦਾ ਕਤਲੇਆਮ। ਇਨ੍ਹਾਂ ਸਾਰੇ ਕਤਲੇਆਮਾਂ ਵਿਚ ਵੀ ਹੱਤਿਆਰਿਆਂ ਨੂੰ ਬਚਾਇਆ ਗਿਆ।

ਪਰ ਗੁਜਰਾਤ 2002 ਦਾ ਕਤਲੇਆਮ ਮਾਸ ਮੀਡੀਆ ਦੇ ਦੌਰ ਦਾ ਕਤਲੇਆਮ ਸੀ। ਇਸ ਦੇ ਪਿੱਛੇ ਦੇ ਵਿਚਾਰਧਾਰਾਤਮਕ ਆਧਾਰ ਨੂੰ ਯੁੱਧ ਦੀ ਤੜਕ-ਭੜਕ ਦੇ ਨਾਲ ਦਿਖਾਇਆ ਗਿਆ। ਆਉਣ ਵਾਲੇ ਦਿਨਾਂ ਦੌਰਾਨ ਕਤਲੇਆਮ ਅਤੀਤ ਦੇ ਕਤਲੇਆਮਾਂ ਤੋਂ ਕਿਸ ਤਰ੍ਹਾਂ ਵੱਖ ਹੋਣਗੇ, ਇਸ ਦੀ ਨਿਸ਼ਾਨੀ ਇਸ ਕਤਲੇਆਮ ਨੂੰ ਜਾਇਜ਼ ਠਹਿਰਾਉਣ ਦੇ ਤਰੀਕਿਆਂ ਵਿਚ ਸੀ। ਇਹ ਪੁਰਾਣੇ ਕਤਲੇਆਮਾਂ ਦੀ ਨਿਰੰਤਰਤਾ ਤਾਂ ਸੀ ਹੀ, ਇੱਕ ਨਵੇਂ ਦੌਰ ਦੀ ਸ਼ੁਰੂਆਤ ਵੀ ਸੀ। ਇਸ ਕਤਲੇਆਮ ਤੋਂ ਬਾਅਦ ਗੁਜਰਾਤ ਵਿਚ ਤਾਜ਼ਾ ਚੋਣਾਂ ਦਾ ਐਲਾਨ ਹੋਇਆ। ਮੋਦੀ ਨੇ ਇਸ ਨੂੰ ਅਸਾਨੀ ਨਾਲ ਜਿੱਤ ਲਿਆ। ਮੋਦੀ ਦੇ ਪਹਿਲੇ ਕਾਰਜਕਾਲ ਦੇ ਕੁਝ ਹੀ ਵਰ੍ਹਿਆਂ ਦੇ ਅੰਦਰ 2002 ਕਤਲੇਆਮ ਵਿਚ ਸ਼ਾਮਲ ਕੁਝ ਲੋਕ ਕੈਮਰੇ ਦੇ ਸਾਹਮਣੇ ਖ਼ੁਸ਼ੀ-ਖ਼ੁਸ਼ੀ ਇਸ ਦੇ ਬਾਰੇ ਦੱਸਦੇ ਹੋਏ ਦੇਖੇ ਗਏ ਕਿ ਕਿਵੇਂ ਉਨ੍ਹਾਂ ਨੇ ਮੁਸਲਮਾਨਾਂ ਨੂੰ ਕੱਟਿਆ, ਸਾੜਿਆ ਤੇ ਤੜਫਾ-ਤੜਫਾ ਕੇ ਮਾਰਿਆ।

ਇਸ ਨਾਲ ਸੂਬੇ ਵਿਚ ਮੋਦੀ ਦੀ ਸ਼ੋਹਰਤ ਵਿਚ ਇਜ਼ਾਫਾ ਹੀ ਹੋਇਆ, ਜਿੱਥੇ ਉਸ ਨੇ ਅਗਲੀਆਂ ਦੋ ਚੋਣਾਂ ਵੀ ਜਿੱਤ ਲਈਆਂ, ਇਸੇ ਦੌਰਾਨ ਉਨ੍ਹਾਂ ਨੇ ਵੱਡੀਆਂ ਕਾਰਪੋਰੇਸ਼ਨਾਂ ਦਾ ਸਮੱਰਥਨ ਵੀ ਪੁਖ਼ਤਾ ਕਰ ਲਿਆ ਤੇ 12 ਵਰ੍ਹਿਆਂ ਤੱਕ ਮੁੱਖ ਮੰਤਰੀ ਰਿਹਾ ਹੈ।

ਇੱਕ ਪਾਸੇ ਮੋਦੀ ਇੱਕ ਤਾਕਤ ਤੋਂ ਦੂਜੀ ਤਾਕਤ ਦਾ ਸਫ਼ਰ ਤੈਅ ਕਰ ਰਿਹਾ ਸੀ, ਉੱਥੇ ਉਨ੍ਹਾਂ ਦੀ ਪਾਰਟੀ ਕੇਂਦਰ ਵਿਚ ਲੜਖੜਾ ਗਈ। 2004 ਦੀਆਂ ਆਮ ਚੋਣਾਂ ਵਿਚ ਇਸ ਦੇ ‘ਭਾਰਤ ਉਦੈ’ ਦੀ ਮੁਹਿੰਮ ਨੂੰ ਲੋਕਾਂ ਨੇ ਇੱਕ ਕੋਝੇ ਮਜ਼ਾਕ ਦੇ ਰੂਪ ਵਿਚ ਲਿਆ ਤੇ ਕਾਂਗਰਸ ਚਮਤਕਾਰੀ ਢੰਗ ਨਾਲ ਵਾਪਸ ਪਰਤੀ। ਭਾਜਪਾ ਕੇਂਦਰ ਵਿਚ 10 ਵਰ੍ਹਿਆਂ ਲਈ ਸੱਤਾ ਤੋਂ ਬਾਹਰ ਰਹੀ।

**ਮੋਦੀ ਤੇ ਹਿੰਦੂ ਰਾਸ਼ਟਰਵਾਦ**

ਸੱਤਾ ਤੋਂ ਦਸ ਸਾਲ ਤੱਕ ਬਾਹਰ ਰਹਿਣ ਤੋਂ ਬਾਅਦ ਭਾਜਪਾ ਨੇ ਇਕੱਲਿਆਂ ਬਹੁਮੱਤ ਹਾਸਲ ਕੀਤਾ। ਮੋਦੀ ਦੁਨੀਆਂ ਦਾ ਸਭ ਤੋਂ ਵੱਡੇ ਲੋਕਤੰਤਰ ਦਾ ਪ੍ਰਧਾਨ ਮੰਤਰੀ ਬਣਿਆ। ਜਿੱਤ ਏਨੀ ਫ਼ੈਸਲਾਕੁੰਨ ਸੀ, ਜਿੱਤ ਦੇ ਜਸ਼ਨ ਦੇਖ ਕੇ ਇੰਝ ਲਗ ਰਿਹਾ ਸੀ, ਮੰਨੋ ਹਿੰਦੂ ਰਾਸ਼ਟਰ ਦੀ ਸਥਾਪਨਾ ਵਿਚ ਬਸ ਕੁਝ ਹੀ ਹਫ਼ਤਿਆਂ ਦੀ ਦੇਰ ਹੈ। ਸਹੁੰ ਚੁੱਕਣ ਤੋਂ ਬਾਅਦ ਮੋਦੀ ਨੇ ਇਕ ਪਾਸੇ ਆਪਣੇ ਸਿਆਸੀ ਦੁਸ਼ਮਣ ਅਡਵਾਨੀ ਦਾ ਰਾਜਨੀਤਕ ਤੌਰ ’ਤੇ ਘੋਗਾ ਚਿੱਤ ਕਰ ਦਿੱਤਾ, ਉੱਥੇ ਦੂਜੇ ਪਾਸੇ ਸਰਕਾਰ ਵਿਚ ਫ਼ੈਸਲੇ ਲੈਣ ਦੀ ਕਾਫ਼ੀ ਤਾਕਤ ਆਪਣੇ ਹੱਥ ਵਿਚ ਰੱਖੀ ਤੇ ਫਿਰ ਇੱਕ ਸਫ਼ਰ ’ਤੇ ਨਿਕਲ ਪਏ (ਜੋ ਹਾਲੇ ਤੱਕ ਖ਼ਤਮ ਨਹੀਂ ਹੋਇਆ ਹੈ), ਜਿਸ ਦੌਰਾਨ ਉਹ ਕਦੇ-ਕਦੇ ਭਾਰਤ ਵਿਚ ਵੀ ਥੋੜ੍ਹੇ ਵਕਤ ਲਈ ਠਹਿਰ ਜਾਂਦਾ ਹੈ। ਇੱਕ ਵਿਸ਼ਵ ਪੱਧਰ ਦੇ ਨੇਤਾ ਦੇ ਰੂਪ ਵਿਚ ਦੇਖੇ ਜਾਣ ਦੀ ਮੋਦੀ ਦੀ ਨਿੱਜੀ ਮਹੱਤਵਪੂਰਨ ਇੱਛਾ, ਜਲਦੀ ਹੀ ਉਸ ਜੱਥੇਬੰਦੀ ਦੀਆਂ ਹੱਦਾਂ ਨੂੰ ਪਾਰ ਕਰਨ ਲੱਗੀ।

ਮੋਦੀ ਰਾਜ ਦੌਰਾਨ ਭਾਰਤ ’ਚ ਹਿੰਸਾ ਦਾ ਦੌਰ ਚਲ ਪਿਆ। ਫਰਵਰੀ 2015 ਵਿਚ ਇੱਕ ਲੇਖਕ ਕੇ ਭਾਰਤ ਦੀ ਕਮਿਊਨਿਸਟ ਪਾਰਟੀ ਦੇ ਇੱਕ ਅਹਿਮ ਮੈਂਬਰ ਗੋਵਿੰਦ ਪਾਨਸਰੇ ਦੀ ਮਹਾਰਾਸ਼ਟਰ ਦੇ ਕੋਲਹਾਪੁਰ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ। 30 ਅਗਸਤ 20 15 ਨੂੰ ਜਾਣੇ-ਪਛਾਣੇ ਕੰਨੜ ਤਰਕਵਾਦੀ ਤੇ ਵਿਦਵਾਨ ਐੱਮਐੱਮ ਕਲਬੁਰਗੀ ਨੂੰ ਕਰਨਾਟਕ ਵਿਚ ਧਾਰਵਾੜ ਦੇ ਉਨ੍ਹਾਂ ਦੇ ਘਰ ਦੇ ਬਾਹਰ ਕਤਲ ਕਰ ਦਿੱਤਾ ਗਿਆ। ਦੋਵੇਂ ਆਦਮੀਆਂ ਨੂੰ ਅੱਤਵਾਦੀ ਦੱਖਣਪੰਥੀ ਹਿੰਦੂ ਜੱਥੇਬੰਦੀਆਂ ਤੋਂ ਕਈ ਵਾਰ ਧਮਕੀਆਂ ਮਿਲ ਚੁੱਕੀਆਂ ਸਨ ਤੇ ਉਨ੍ਹਾਂ ਨੂੰ ਲਿਖਣਾ ਬੰਦ ਕਰਨ ਲਈ ਕਿਹਾ ਗਿਆ ਸੀ।

ਹੁਣ ਗਊ ਹੱਤਿਆ ਤੇ ਰੱਖਿਆ ਦੇ ਨਾਮ ’ਤੇ ਮੁਸਲਮਾਨਾਂ ਤੇ ਦਲਿਤਾਂ ਉੱਪਰ ਹਮਲੇ ਜਾਰੀ ਹਨ। ਕਈ ਥਾਂਵਾਂ ’ਤੇ ਮੁਸਲਮਾਨਾਂ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਹੈ। ਇਨ੍ਹਾਂ ਘਟਨਾਵਾਂ ਦੇ ਵਾਪਰਨ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਮੋਦੀ ਨੇ ਕੁਝ ਵੀ ਨਹੀਂ ਕਿਹਾ, ਦਬਾਅ ਵਿਚ ਉਸ ਨੇ ਇੱਕ ਕਮਜ਼ੋਰ ਜਿਹੀ ਫਟਕਾਰ ਪਾਈ। ਇਸ ਦੇ ਬਾਵਜੂਦ ਇਹ ਘਟਨਾਵਾਂ ਨਹੀਂ ਰੁਕ ਰਹੀਆਂ। ਮੁਸਲਮਾਨ ਜਾਣਦੇ ਹਨ ਕਿ ਉਨ੍ਹਾਂ ’ਤੇ ਜ਼ੁਲਮ ਕਰਨ ਵਾਲਿਆਂ ਨੂੰ ਪੂਰੀ ਛੋਟ ਮਿਲੀ ਹੋਈ ਹੈ ਤੇ ਇੱਕ ਛੋਟੀ ਜਿਹੀ ਝੜਪ ਵੀ ਇੱਕ ਪੂਰੇ ਕਤਲੇਆਮ ਨੂੰ ਭੜਕਾ ਸਕਦੀ ਹੈ। ਇਸ ਕਾਰਨ ਮੁਸਲਮਾਨ ਦਹਿਸ਼ਤ ਵਿਚ ਜੀਅ ਰਹੇ ਹਨ। ਕਦੋਂ ਅਤੇ ਕਿੱਥੋਂ ਹਮਲਾ ਹੋ ਜਾਵੇ, ਕੋਈ ਪਤਾ ਨਹੀਂ। ਅਜਿਹੇ ਹਾਲਾਤ ਵਿਚ ਅਜਿਹਾ ਕਿਹੜਾ ਲੇਖਕ ਤੇ ਰਹਿਬਰ ਜੋ ਮੌਤ ਦੇ ਡਰ ਤੋਂ ਮੁਕਤ ਹੋ ਕੇ ਬਾਬਾ ਸਾਹਿਬ ਅੰਬੇਡਕਰ ਵਾਂਗ ਖੁੱਲ੍ਹ ਕੇ ਕਹਿ ਸਕੇ, ‘ਅਛੂਤਾਂ ਲਈ ਹਿੰਦੂਤਵ, ਸੰਤਾਪ ਦਾ ਘਰ ਹੈ?’ ਜੇਕਰ ਸਾਨੂੰ ਖੁੱਲ੍ਹ ਕੇ ਬੋਲਣ ਦੀ ਹੀ ਆਜ਼ਾਦੀ ਨਹੀਂ ਹੈ ਤਾਂ ਅਸੀਂ ਉਸ ਸਮਾਜ ਵੱਲ ਪਰਤ ਜਾਵਾਂਗੇ, ਜਿਹੜਾ ਬੌਧਿਕ ਕੁਪੋਸ਼ਣ ਨਾਲ ਗ੍ਰਸਿਤ, ਮੂਰਖਾਂ ਦਾ ਦੇਸ਼ ਹੁੰਦਾ ਹੈ। ਜੇਕਰ ਅਸੀਂ ਇਸ ਦੇ ਵਿਰੁੱਧ ਹੁਣ ਖੜ੍ਹੇ ਨਾ ਹੋਏ ਤਾਂ ਇਹ ਸਾਨੂੰ ਅਲੱਗ-ਥਲੱਗ ਕਰ ਦੇਵੇਗਾ ਅਤੇ ਪਾਤਾਲ ਵਰਗੀ ਡੂੰਘਾਈ ਵਿਚ ਸੁੱਟ ਦੇਵੇਗਾ। ਇਹ ਵਰਤਾਰਾ ਮਨੁੱਖਾਂ ਦੀ ਆਜ਼ਾਦੀ ਲਈ ਖਤਰਾ ਹੈ, ਜੋ ਤੁਹਾਡੇ ਗਲ ਵਿਚ ਗੁਲਾਮੀ ਦਾ ਫੰਦਾ ਪਾ ਦੇਵੇਗਾ।



## ਦਲਿਤ ਸੰਗਠਨਾਂ ਦੇ ਭਾਰਤ ਬੰਦ ਦੌਰਾਨ 9 ਮੌਤਾਂ

ਸੂਬਿਆਂ ਵਿਚ ਜਨ-ਜੀਵਨ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ। ਪੰਜਾਬ ਦਾ ਦਲਿਤ ਅੰਦੋਲਨ ਖਾਲਸਾ ਪੰਥ ਦੇ ਸਹਿਯੋਗ ਨਾਲ ਸਭ ਤੋਂ ਵਧ ਜ਼ਬਰਦਸਤ ਤੇ ਲੋਕ ਹੁੰਗਾਰੇ ਵਾਲਾ ਸੀ। ਪੰਜਾਬ ਵਿਚ ਕਈ ਥਾਂਵਾਂ 'ਤੇ ਪੰਥਕ ਜਥੇਬੰਦੀਆਂ ਨੇ ਸੜਕਾਂ 'ਤੇ ਆ ਕੇ ਦਲਿਤ ਭਾਈਚਾਰੇ ਦਾ ਸਾਥ ਦਿੱਤਾ।

### ਵੱਖ ਵੱਖ ਥਾਈਂ 9 ਵਿਅਕਤੀ ਮਾਰੇ ਗਏ

ਇਨ੍ਹਾਂ ਮੁਜ਼ਾਹਰਿਆਂ ਦੌਰਾਨ ਘੱਟੋ-ਘੱਟ 9 ਵਿਅਕਤੀਆਂ ਨੂੰ ਜਾਨ ਤੋਂ ਹੱਥ ਧੋਣੇ ਪਏ। ਮੱਧ ਪ੍ਰਦੇਸ਼ ਵਿਚ 6, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਇਕ-ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਸੈਂਕੜੇ ਹੋਰ ਜ਼ਖ਼ਮੀ ਹੋ ਗਏ।

ਮੁਜ਼ਾਹਰਾਕਾਰੀਆਂ ਵਲੋਂ ਰੇਲ ਪਟੜੀਆਂ 'ਤੇ ਧਰਨੇ ਦੇਣ ਕਾਰਨ 100 ਤੋਂ ਵੀ ਵੱਧ ਯਾਤਰੀ ਅਤੇ ਮੇਲ ਗੱਡੀਆਂ ਪ੍ਰਭਾਵਤ ਹੋਈਆਂ। ਕਈ ਜਗ੍ਹਾ ਸਥਿਤੀ 'ਤੇ ਕਾਬੂ ਪਾਉਣ ਲਈ ਪ੍ਰਸ਼ਾਸਨ ਨੂੰ ਕਰਫਿਊ, ਹਵਾਈ ਫਾਇਰਿੰਗ, ਹੰਝੂ ਗੈਸ ਤੇ ਲਾਠੀਚਾਰਜ ਦਾ ਸਹਾਰਾ ਲੈਣਾ ਪਿਆ। ਇੰਨਾ ਹੀ ਨਹੀਂ, 1 ਅਪ੍ਰੈਲ ਨੂੰ ਲਖਨਊ ਵਿਚ 'ਭਾਰਤੀ ਸੰਵਿਧਾਨ ਅਤੇ ਰਾਖਵਾਂਕਰਨ ਬਚਾਓ ਮਹਾਰੈਲੀ' ਦਾ ਆਯੋਜਨ ਕਰ ਕੇ ਭਾਜਪਾ ਸੰਸਦ ਮੈਂਬਰ ਸਵਿੱਤਰੀ ਬਾਈ ਫੂਲੇ ਨੇ ਆਪਣੀ ਹੀ ਸਰਕਾਰ ਦੇ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ ਤੇ ਕਿਹਾ, "ਰਾਖਵਾਂਕਰਨ ਕੋਈ ਭੀਖ ਨਹੀਂ ਸਗੋਂ ਨੁਮਾਇੰਦਗੀ ਦਾ ਮਾਮਲਾ ਹੈ।"

ਇਸ ਮਾਹੌਲ ਦਰਮਿਆਨ ਐੱਸ. ਸੀ./ਐੱਸ. ਟੀ. ਐਕਟ 'ਤੇ ਸੁਪਰੀਮ ਕੋਰਟ ਦੇ ਹੁਣੇ-ਹੁਣੇ ਆਏ ਫੈਸਲੇ ਤੋਂ ਬਾਅਦ ਵਿਰੋਧੀ ਧਿਰ ਦੀ ਆਲੋਚਨਾ ਦਾ ਸ਼ਿਕਾਰ ਹੋ ਰਹੀ ਮੋਦੀ ਸਰਕਾਰ ਨੇ 2 ਅਪ੍ਰੈਲ ਨੂੰ ਹੀ ਸੁਪਰੀਮ ਕੋਰਟ ਵਿਚ ਰੀਵਿਊ ਪਟੀਸ਼ਨ ਦਾਇਰ ਕਰ ਕੇ ਪਹਿਲਾਂ ਵਾਲੇ ਸਟੇਟਸ ਨੂੰ ਬਹਾਲ ਕਰਨ ਦੀ ਮੰਗ ਕੀਤੀ ਪਰ ਇਸ ਨੇ ਅਰਜੈਂਟ ਸੁਣਵਾਈ ਤੋਂ ਇਨਕਾਰ ਕਰ ਦਿੱਤਾ।

ਕੇਂਦਰੀ ਮੰਤਰੀ ਰਾਮਵਿਲਾਸ ਪਾਸਵਾਨ ਨੇ ਸਰਕਾਰ ਵਲੋਂ ਪਟੀਸ਼ਨ ਦਾਇਰ ਕਰਨ ਦੇ ਤੁਰੰਤ ਲਏ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ ਅਤੇ ਕਾਂਗਰਸ 'ਤੇ ਦੋਸ਼ ਲਾਇਆ ਕਿ ਉਸ ਨੇ ਡਾ. ਭੀਮ ਰਾਓ ਅੰਬਦੇਕਰ ਲਈ ਕੁਝ ਨਹੀਂ ਕੀਤਾ।

### ਮਮਤਾ ਨੇ ਦਲਿਤਾਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦਲਿਤਾਂ ਨੂੰ ਸਮਰਥਨ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਮੱਧ ਪ੍ਰਦੇਸ਼ ਵਿਚ ਪੰਜ ਵਿਅਕਤੀਆਂ ਦੀ ਮੌਤ 'ਤੇ ਸਦਮਾ ਲੱਗਾ ਹੈ। ਉਨ੍ਹਾਂ ਟਵੀਟ ਕਰਦਿਆਂ ਕਿਹਾ ਕਿ ਕੁਝ ਦਲਿਤ ਭਰਾਵਾਂ ਤੇ ਭੈਣਾਂ ਦੇ ਮਾਰੇ ਜਾਣ ਤੇ ਜ਼ਖ਼ਮੀ ਹੋਣ ਦਾ ਸਦਮਾ ਤੇ ਦੁੱਖ ਲੱਗਾ ਹੈ। ਅਸੀਂ ਉਨ੍ਹਾਂ ਦੀ ਮੰਗ ਦਾ ਸਮਰਥਨ ਕਰਦੇ ਹਾਂ।

### ਬਾਦਲ ਦਲ ਨਾਲ ਝੜਪਾਂ

ਸੁਪਰੀਮ ਕੋਰਟ ਵੱਲੋਂ ਐੱਸਸੀ ਤੇ ਐੱਸਟੀ ਐਕਟ ਸਬੰਧੀ ਸੁਣਾਏ ਫ਼ੈਸਲੇ ਖ਼ਿਲਾਫ਼ ਦੇਸ਼ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਦਿੱਤੇ ਬੰਦ ਦੇ ਸੱਦੇ ਨੂੰ ਇਲਾਕੇ ਵਿੱਚ ਭਰਵਾਂ ਹੁੰਗਾਰਾ ਮਿਲਿਆ। ਬੰਦ ਦੇ ਸੱਦੇ ਨੂੰ ਸਫ਼ਲ ਬਣਾਉਣ ਲਈ ਬਸਪਾ ਚਮਕੌਰ ਸਾਹਿਬ ਵੱਲੋਂ ਸਫ਼ਾਈ ਕਰਮਚਾਰੀ ਯੂਨੀਅਨ ਅਤੇ ਅਕਾਲੀ ਦਲ (ਅ) ਸਰਕਲ ਚਮਕੌਰ ਸਾਹਿਬ ਦੇ ਆਗੂਆਂ ਤੇ ਵਰਕਰਾਂ ਨੂੰ ਨਾਲ ਲੈ ਕੇ ਇੱਥੋਂ ਦੇ ਬਾਜ਼ਾਰਾਂ ਵਿੱਚ ਪ੍ਰਦਰਸ਼ਨ ਕੀਤਾ ਗਿਆ ਤੇ ਭੂਰੜੇ ਚੌਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਰਥੀ ਫੂਕੀ ਗਈ। ਬਸਪਾ ਵਰਕਰਾਂ ਤੇ ਆਗੂਆਂ ਕੋਲ ਜਿੱਥੇ ਬਸਪਾ ਦੇ ਝੰਡੇ ਚੁੱਕੇ ਹੋਏ ਸਨ, ਉੱਥੇ ਹੀ ਅਕਾਲੀ ਦਲ ਮਾਨ ਦੇ ਸਰਕਲ ਪ੍ਰਧਾਨ ਬਲਵਿੰਦਰ ਸਿੰਘ ਨੇ ਖਾਲਿਸਤਾਨ ਜਿੰਦਾਬਾਦ ਦਾ ਕੇਸਰੀ ਝੰਡਾ ਫੜਿਆ ਹੋਇਆ ਸੀ। ਰੋਸ ਮਾਰਚ ਦੌਰਾਨ ਕੁਝ ਥਾਵਾਂ 'ਤੇ ਬਸਪਾ ਵਰਕਰਾਂ ਦੀ ਦੁਕਾਨਦਾਰਾਂ ਨਾਲ ਝੜਪ ਵੀ ਹੋਈ। ਸ਼੍ਰੋਮਣੀ ਯੂਥ ਅਕਾਲੀ ਦਲ (ਬ) ਦੇ ਸਰਕਲ ਪ੍ਰਧਾਨ ਲਖਵੀਰ ਸਿੰਘ, ਟਰਾਂਸਪੋਰਟਰ ਬਲਦੇਵ ਸਿੰਘ ਅਤੇ ਰਾਣਾ ਕੰਧੋਲਾ ਨੇ ਜਦੋਂ ਦੁਕਾਨ ਬੰਦ ਕਰਨ ਤੋਂ ਇਨਕਾਰ ਕੀਤਾ ਤਾਂ ਪ੍ਰਦਰਸ਼ਨ ਕਰ ਰਹੇ ਬਸਪਾ ਵਰਕਰਾਂ ਦੀ ਇਨ੍ਹਾਂ ਨਾਲ ਤਿੱਖੀ ਝੜਪ ਹੋ ਗਈ, ਜਿਸ ਕਾਰਨ ਪ੍ਰਦਰਸ਼ਨਕਾਰੀ ਉੱਥੇ ਹੀ ਧਰਨਾ ਮਾਰ ਕੇ ਬੈਠ ਗਏ। ਡੀਐੱਸਪੀ ਰੂਪਨਗਰ ਮਨਵੀਰ ਸਿੰਘ ਬਾਜਵਾ ਨੇ ਸਥਿਤੀ ਸੰਭਾਲਦਿਆਂ ਉਕਤ ਦੁਕਾਨ ਬੰਦ ਕਰਵਾਈ।

### ਫ਼ਿਰੋਜ਼ਪੁਰ ਵਿੱਚ ਭੰਨ-ਤੋੜ

'ਭਾਰਤ ਬੰਦ' ਦੇ ਸੱਦੇ ਤਹਿਤ ਅੱਜ ਫ਼ਿਰੋਜ਼ਪੁਰ ਮੁਕੰਮਲ ਤੌਰ 'ਤੇ ਬੰਦ ਰਿਹਾ। ਇਸ ਮੌਕੇ ਦਲਿਤ ਜਥੇਬੰਦੀਆਂ ਨੇ ਕਈ ਥਾਈਂ ਮੁਜ਼ਾਹਰੇ ਕੀਤੇ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਕੁਝ ਸ਼ਰਾਰਤੀ ਅਨਸਰਾਂ ਨੇ ਛਾਉਣੀ ਦੇ ਰੇਲਵੇ ਸਟੇਸ਼ਨ 'ਤੇ ਖੜ੍ਹੀ ਜੰਮੂ-ਤਵੀ ਐਕਸਪ੍ਰੈੱਸ ਦੇ ਸ਼ੀਸ਼ੇ ਭੰਨ ਦਿੱਤੇ ਅਤੇ ਸਥਾਨਕ ਕਰ ਤੇ ਆਬਕਾਰੀ ਵਿਭਾਗ ਦੇ ਦਫ਼ਤਰ ਤੋਂ ਇਲਾਵਾ ਇੱਥੇ ਰੇਲਵੇ ਦੇ ਡਿਵੀਜ਼ਨਲ ਦਫ਼ਤਰ ਵਿੱਚ ਵੀ ਭੰਨਤੋੜ ਕੀਤੀ।

### ਬਠਿੰਡਾ ਵਿੱਚ ਹਿੰਸਕ ਘਟਨਾਵਾਂ

ਭਾਰਤ ਬੰਦ' ਦੇ ਸੱਦੇ ਤਹਿਤ ਅੱਜ ਸ਼ਹਿਰ ਵਿੱਚ ਦੋ ਥਾਵਾਂ 'ਤੇ ਹਿੰਸਕ ਘਟਨਾਵਾਂ ਵਾਪਰੀਆਂ। ਇਸ ਮੌਕੇ ਪ੍ਰਦਰਸ਼ਨ ਦੌਰਾਨ ਜੀਟੀ ਰੋਡ 'ਤੇ ਬੱਸ ਸਟੈਂਡ ਨੇੜੇ ਇੱਕ ਛੋਟੇ ਹਾਥੀ ਦੇ ਸ਼ੀਸ਼ੇ ਭੰਨ ਦਿੱਤੇ ਗਏ ਜਦਕਿ ਮਾਲ ਰੋਡ 'ਤੇ ਸਥਿਤ ਏਸੀ ਮਾਰਕੀਟ ਦੇ ਸ਼ੀਸ਼ੇ ਵੀ ਭੰਨ ਦਿੱਤੇ ਗਏ। ਜਾਣਕਾਰੀ ਮੁਤਾਬਕ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਮੈਹਣਾ ਚੌਕ ਵਿੱਚ ਬੰਦ ਦੁਕਾਨਾਂ 'ਤੇ ਡਲੇ ਮਾਰੇ ਗਏ। ਦੁਕਾਨਦਾਰਾਂ ਵੱਲੋਂ ਇਸ ਮੌਕੇ ਦੋ ਕੁ ਜਣਿਆਂ ਨੂੰ ਕਾਬੂ ਕਰ ਕੇ ਪੁਲੀਸ ਹਵਾਲੇ ਕਰ ਦਿੱਤਾ ਗਿਆ।

### ਲੋਕਾਂ ਦੀ ਮਦਦ ਲਈ ਗੁਰੂ ਘਰ ਅੱਗੇ ਆਏ

ਸੁਪਰੀਮ ਕੋਰਟ ਦੇ ਫੈਸਲੇ ਖਿਲਾਫ ਦਲਿਤ ਭਾਈਚਾਰੇ ਵਲੋਂ ਕੀਤੇ ਜਾ ਰਹੇ ਪ੍ਰਦਰਸ਼ਨ ਦੌਰਾਨ ਰਸਤੇ ਵਿਚ ਫਸੇ ਰਾਹਗੀਰਾਂ ਦੀ ਮਦਦ ਲਈ ਗੁਰਦੁਆਰਾ ਸਾਹਿਬਾਨਾਂ ਨੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਜਲੰਧਰ-ਕਪੂਰਥਲਾ ਰੋਡ 'ਤੇ ਪਿੰਡ ਖੋਜੇਵਾਲ ਹਾਈਵੇ 'ਤੇ ਭਾਰੀ ਜਾਮ ਲੱਗਾ ਹੋਣ ਕਾਰਨ ਵੱਡੀ ਗਿਣਤੀ ਵਿਚ ਲੋਕ ਰਸਤੇ ਵਿਚ ਹੀ ਫਸ ਗਏ। ਰਾਹਗੀਰਾਂ ਦੀ ਮਦਦ ਲਈ ਖੋਜੇਵਾਲ ਸਥਿਤ ਗੁਰਦੁਆਰਾ ਸ਼ਹੀਦਾਂ ਦੀ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ ਹਨ। ਜਿੱਥੇ ਰਾਹਗੀਰਾਂ ਨੂੰ ਨਾ ਸਿਰਫ ਆਸਰਾ ਦਿੱਤਾ ਜਾ ਰਿਹਾ ਹੈ ਸਗੋਂ ਪ੍ਰਸ਼ਾਦਾ ਛਕਾਇਆ ਜਾ ਰਿਹਾ ਹੈ। ਇਸੇ ਸੂਬੇ ਭਰ ਵਿਚ ਜਾਮ ਵਿਚ ਫਸੇ ਲੋਕਾਂ ਵਲੋਂ ਗੁਰਦੁਆਰਾ ਸਾਹਿਬਾਨਾਂ ਵਿਚ ਸ਼ਰਨ ਲਈ ਜਾ ਰਹੀ ਹੈ।

## ਰਾਜਸਥਾਨ ਵਿਚ ਭੀੜ ਨੇ ਦਲਿਤ ਵਿਧਾਇਕਾਂ ਦੇ ਘਰਾਂ ਨੂੰ ਅੱਗ ਲਾਈ

ਪੀਟੀਆਈ ਨਾਲ ਗੱਲ ਕਰਦਿਆਂ ਕਰੌਲੀ ਜ਼ਿਲ੍ਹੇ ਦੇ ਕਲੈਕਟਰ ਅਭਿਮਨਿਊ ਕੁਮਾਰ ਨੇ ਕਿਹਾ ਕਿ ਮੌਜੂਦਾ ਵਿਧਾਇਕ ਰਾਜਕੁਮਾਰੀ ਜਾਤਵ (ਭਾਜਪਾ) ਅਤੇ ਸਾਬਕਾ ਵਿਧਾਇਕ ਭਰੋਸੀਲਾਲ ਜਾਤਵ (ਕਾਂਗਰਸ) ਦੇ ਘਰਾਂ ਨੂੰ 5000 ਦੇ ਕਰੀਬ ਲੋਕਾਂ ਦੀ ਭੀੜ ਨੇ ਅੱਗ ਲਾ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਵਿਧਾਇਕਾਂ ਦੇ ਘਰਾਂ ਨੂੰ ਅੱਗ ਲਾਉਣ ਤੋਂ ਪਹਿਲਾਂ ਭੀੜ ਵਲੋਂ ਪੱਥਰਬਾਜ਼ੀ ਕੀਤੀ ਗਈ ਅਤੇ ਕਈ ਥਾਵਾਂ 'ਤੇ ਅੱਗ ਵੀ ਲਾਈ ਗਈ। ਭੀੜ ਨੇ ਦਲਿਤ ਭਾਈਚਾਰੇ ਨਾਲ ਸਬੰਧਿਤ ਲੋਕਾਂ ਦੇ ਰਿਹਾਇਸ਼ੀ ਖੇਤਰ ਵਿਚ ਵੜ੍ਹਨ ਦੀ ਵੀ ਕੋਸ਼ਿਸ਼ ਕੀਤੀ। ਇਸ ਦੌਰਾਨ ਮੀਡੀਆ ਰਿਪੋਰਟਾਂ ਅਨੁਸਾਰ ਪੁਲਿਸ ਨੇ 40 ਦੇ ਕਰੀਬ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ।

## 'ਦਿ ਬਲੈਕ ਪ੍ਰਿੰਸ' ਫ਼ਿਲਮ ਸਾਰੇ ਡਿਜਿਟਲ ਪਲੇਟਫਾਰਮਾਂ ਉਤੇ 10 ਅਪ੍ਰੈਲ ਮੰਗਲਵਾਰ ਨੂੰ ਰੀਲਿਜ ਹੋਵੇਗੀ

ਕੁਰਬਾਨੀਆਂ ਅਤੇ ਮਾਨ ਬਾਰੇ ਜਾਣ ਸਕਣਗੇ। ਇਸੇ ਵਿਚਾਰ ਨਾਲ ਫਿਲਮ ਦੇ ਐਗਜੀਕਿਓਟਿਵ ਪ੍ਰੋਡੂਸਰ ਜਸਜੀਤ ਸਿੰਘ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇਹ ਕਹਾਣੀ ਦੱਸੀ ਜਾਣੀ ਚਾਹੀਦੀ ਹੈ ਕਿਉਂਕਿ ਸਾਡੇ ਬੱਚੇ ਸਿਖਾਂ ਦੇ ਆਖ਼ਰੀ ਰਾਜਾ ਮਹਾਰਾਜਾ ਦਲੀਪ ਸਿੰਘ ਬਾਰੇ ਜ਼ਿਆਦਾ ਨਹੀਂ ਜਾਣਦੇ। ਸਾਨੂੰ ਉਹਨਾਂ ਦੀਆਂ ਕੋਸ਼ਿਸ਼ਾਂ ਨੂੰ ਸਮਝਣਾ ਚਾਹੀਦਾ ਹੈ ਜੋ ਉਨ੍ਹਾਂ ਨੇ ਆਪਣੇ ਸਾਮਰਾਜ ਨੂੰ ਵਾਪਿਸ ਹਾਸਿਲ ਕਰਨ ਲਈ ਕੀਤੀਆਂ ਗਈਆਂ ਜਿਸ ਨਾਲ ਇੱਕ ਗ਼ਦਰ ਲਹਿਰ ਸ਼ੁਰੂ ਹੋਈ ਅਤੇ ਉਨ੍ਹਾਂ ਦਾ ਭਾਰਤ ਦੀ ਆਜ਼ਾਦੀ ਵਿੱਚ ਯੋਗਦਾਨ। ਇਹ ਪੰਨਾ ਭਾਰਤ ਇਤਿਹਾਸ ਵਿੱਚ ਵੀ ਲਾਪਤਾ ਹੈ।"

ਪ੍ਰੋਮੋਸ਼ਨ ਨੂੰ ਵੱਡੇ ਪੱਧਰ ਤੇ ਸ਼ੁਰੂ ਕਰਨ ਲਈ ਮੂਵੀ ਇੰਗਲਿਸ਼, ਹਿੰਦੀ, ਪੰਜਾਬੀ ਵਿੱਚ ਮੌਜੂਦ ਹੋਵੇਗੀ। ਫਿਲਮ ਦੇ ਡਾਇਰੈਕਟਰ ਕਵੀ ਰਾਜ ਨੇ ਯੂਨੀ ਗਲੋਬ ਦੇ ਫੈਸਲੇ ਨਾਲ ਬਹੁਤ ਹੀ ਖੁਸ਼ ਹੋਏ ਕਿਹਾ, "ਵਿਸਾਖੀ ਇੱਕ ਬਹੁਤ ਹੀ ਵਧੀਆ ਮੌਕਾ ਹੈ ਇਸ ਫਿਲਮ ਨੂੰ ਸਾਰੀ ਦੁਨੀਆਂ ਵਿੱਚ ਸਿਖਾਂ ਦੇ ਸਾਹਮਣੇ ਪੇਸ਼ ਕਰਨ ਲਈ ਕਿਉਂਕਿ ਵਿਸਾਖੀ ਸਿਖਾਂ ਦੀ ਮਹਾਨਤਾ ਨੂੰ ਦਰਸ਼ਾਉਂਦੀ ਹੈ ਜੋ 'ਦਿ ਬਲੈਕ ਪ੍ਰਿੰਸ' ਵੀ ਕਰਦੀ ਹੈ।"

'ਦਿ ਬਲੈਕ ਪ੍ਰਿੰਸ' ਨੂੰ ਪ੍ਰੋਡਿਊਸ ਕੀਤਾ ਗਿਆ ਹੈ ਹਾਲੀਵੁਡ ਵਿੱਚ ਫਿਰਦੌਸ ਪ੍ਰੋਡਕਸ਼ਨਸ ਅਤੇ ਬਰਿੱਲਸਟੈਨ ਐਂਟਰਨੇਟਮੈਂਟ ਪਾਰਟਨਰਸ ਵਲੋਂ ਜੋ ਭਾਰਤ ਵਿੱਚ ਸਾਗਾ ਦੇ ਨਾਲ ਪਾਰਟਨਰਸ਼ਿਪ ਵਿੱਚ ਆਏਗੀ ਜੋ ਪੰਜਾਬੀ ਅਤੇ ਹਿੰਦੀ ਨੂੰ ਸੰਭਾਲੇਗੀ। ਇਸ ਪਾਰਟਨਰਸ਼ਿਪ ਤੇ ਗੱਲ ਕਰਦੇ ਹੋਏ ਯੂਨੀ ਗਲੋਬ ਦੇ ਪ੍ਰੈਜੀਡੈਂਟ ਨਮਰਤਾ ਸਿੰਘ ਗੁਜਰਾਲ ਨੇ ਕਿਹਾ, "ਵਿਸਾਖੀ ਇਸਲਾਮ ਧਰਮ ਪਰਿਵਰਤਨ ਨਾ ਕਰਨ ਕਰਕੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸ਼ੁਰੂਆਤ ਨੂੰ ਦਰਸ਼ਾਉਂਦੀ ਹੈ। ਜਦੋਂ ਮੈਂ ਇਹ ਫਿਲਮ ਦੇਖੀ ਮੇਰੀਆਂ ਅੱਖਾਂ ਵਿੱਚ ਹੰਝੂ ਸਨ। ਇੱਕ ਸਿੱਖ ਹੋਣ ਦੇ ਨਾਤੇ ਮੈਂ ਮਹਾਰਾਜਾ ਦਲੀਪ ਸਿੰਘ ਦੀ ਕਹਾਣੀ ਪੂਰੀ ਦੁਨੀਆਂ ਵਿੱਚ ਪੇਸ਼ ਕਰਨ ਵਿੱਚ ਮਾਨ ਮਹਿਸੂਸ ਕਰਦੀ ਹਾਂ ਤਾਂ ਕਿ ਸਾਡੇ ਬੱਚੇ ਸਿੱਖ ਜਗਤ ਦੇ ਸੂਰਮਿਆਂ ਵਾਰੇ ਜਾਣ ਸਕਣ ਜਿਹਨਾਂ ਨੇ ਹਮੇਸ਼ਾ ਧਾਰਮਿਕ ਅਸਹਿਣਸ਼ੀਲਤਾ ਅਤੇ ਸਿਖਾਂ ਤੇ ਅਤਿਆਚਾਰਾਂ ਦੇ ਖਿਲਾਫ ਖੜੇ ਹੋਏ।"

ਇਹ ਫਿਲਮ ਐਮਜ਼ੋਨ, ਆਈ ਟਿਊਂਸ, ਗੂਗਲ ਪਲੇ, ਫੈਨਡਐਨ ਨਾਓ, ਸੋਨੀ ਪਲੇਸਟੇਸ਼ਨ ਅਤੇ ਮਾਈਕਰੋਸੋਫਟ ਏਕਸਬਾਕਸ ਤੇ ਰੀਲਿਜ ਤੋਂ ਬਾਅਦ ਆਸਾਨੀ ਨਾਲ ਦੇਖੀ ਜਾ ਸਕਦੀ ਹੈ। ਪ੍ਰਜਸੀਡੈਂਟ ਨਮਰਤਾ ਸਿੰਘ ਨੇ ਅਗਲੇ ਪ੍ਰੋਜੈਕਟ ਵਾਰੇ ਦਸਿਆ ਜੋ ਕਿ 1920 ਦੇ ਸਿੱਖ ਪ੍ਰਵਾਸੀਆਂ ਦੀ ਕਹਾਣੀ ਹੈ ਜਿਸ ਵਿੱਚ ਨਰਗਿਸ ਫਾਖਰੀ ਅਤੇ ਸਤਿੰਦਰ ਸਰਤਾਜ ਮੁੱਖ ਭੂਮਿਕਾ ਨਿਭਾਉਣਗੇ। ਇਹ ਪ੍ਰੋਜੈਕਟ ਜਸਜੀਤ ਸਿੰਘ ਦੇ ਨਾਲ ਮਿਲ ਕੇ ਹੈ। ਸਤਿੰਦਰ ਸਰਤਾਜ ਅਤੇ ਨਰਗਿਸ ਫਾਖਰੀ ਹਾਲ ਹੀ ਵਿੱਚ ਇੱਕ ਗੀਤ 'ਤੇਰੇ ਵਾਸਤੇ' ਵਿੱਚ ਇਕੱਠੇ ਕੰਮ ਕਰ ਚੁੱਕੇ ਹਨ।

## ਪੰਜਾਬ ਅਤੇ ਭਾਰਤ ਸਰਕਾਰ ਖਿਲਾਫ ਚੰਡੀਗੜ੍ਹ ਵਿਚ ਕਿਸਾਨਾਂ ਦਾ ਵੱਡਾ ਇਕੱਠ

ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਪੰਜਾਬ 'ਚ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ ਕਿਉਂਕਿ ਉਹ ਆਪਣਾ ਕਰਜ਼ਾ ਨਹੀਂ ਭਰ ਪਾ ਰਹੇ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ਼ ਕੀਤਾ ਜਾਵੇ ਜੋ ਬੈਂਕਾਂ ਤੇ ਆੜ੍ਹਤੀਆਂ ਤੋਂ ਲਿਆ ਗਿਆ ਕਰਜ਼ਾ ਨਹੀਂ ਭਰ ਸਕਦੇ। ਉਨ੍ਹਾਂ ਕਿਹਾ, 'ਇਹ ਰੈਲੀ ਪੰਜਾਬ ਤੇ ਕੇਂਦਰ ਸਰਕਾਰਾਂ ਲਈ ਕਿਸਾਨਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਾ ਕਰਨ ਲਈ ਚਿਤਾਵਨੀ ਹੈ।' ਕੋਕਰੀ ਕਲਾਂ ਨੇ ਸਾਰੀਆਂ ਫਸਲਾਂ ਲਈ ਲਾਭਕਾਰੀ ਮੁੱਲ ਦੀ ਮੰਗ ਕੀਤੀ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦਾ ਸਹੀ ਮੁੱਲ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਨੂੰ ਸਬਜ਼ੀ, ਮੱਕੀ, ਬਾਸਮਤੀ ਆਦਿ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਅਨੁਸਾਰ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਕਿਸਾਨਾਂ ਨੇ ਇਹ ਵੀ ਮੰਗ ਕੀਤੀ ਕਿ ਉਨ੍ਹਾਂ ਨੂੰ ਪਰਾਲੀ ਦਾ ਨਿਬੇੜਾ ਕਰਨ ਲਈ 200 ਰੁਪਏ ਪ੍ਰਤੀ ਏਕੜ ਦਿੱਤਾ ਜਾਣਾ ਚਾਹੀਦਾ ਹੈ। ਕਿਸਾਨਾਂ ਨੇ ਕਰਜ਼ੇ ਭਰਨ 'ਚ ਨਾਕਾਮ ਰਹਿਣ 'ਤੇ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਲਈ 10 ਰੁਪਏ ਮੁਆਵਜ਼ਾ ਤੇ ਉਨ੍ਹਾਂ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਵੀ ਮੰਗ ਕੀਤੀ।

### ਕਿਸਾਨਾਂ ਅੱਗੇ ਝੁਕੀ ਚੰਡੀਗੜ੍ਹ ਪੁਲੀਸ

ਪੰਜਾਬ ਦੀਆਂ ਸੱਤ ਕਿਸਾਨ ਜਥੇਬੰਦੀਆਂ ਦੇ ਮੈਂਬਰ ਚੰਡੀਗੜ੍ਹ ਸਥਿਤ ਸੈਕਟਰ-25 ਦੇ ਰੈਲੀ ਗਰਾਊਂਡ ਵਿੱਚ ਰੋਸ ਮੁਜ਼ਾਹਰੇ ਤੋਂ ਪਹਿਲਾਂ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਵਿੱਚ ਇਕੱਠੇ ਹੋਏ ਅਤੇ ਬਾਅਦ ਵਿੱਚ ਕਿਸਾਨਾਂ ਨੇ ਚੰਡੀਗੜ੍ਹ ਵੱਲ ਚਾਲੇ ਪਾ ਦਿੱਤੇ, ਪਰ ਚੰਡੀਗੜ੍ਹ ਪੁਲੀਸ ਨੇ ਕਿਸਾਨਾਂ ਨੂੰ ਯੂਟੀ ਦੀ ਹੱਦ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ। ਯੂਟੀ ਪੁਲੀਸ ਦਾ ਕਹਿਣਾ ਸੀ ਪੰਜਾਬ ਦੇ ਕਿਸਾਨਾਂ ਕੋਲ ਚੰਡੀਗੜ੍ਹ ਵਿੱਚ ਰੋਸ ਮੁਜ਼ਾਹਰੇ ਲਈ ਲਾਊਡ ਸਪੀਕਰ ਦੀ ਮਨਜ਼ੂਰੀ ਨਹੀਂ ਹੈ। ਕਿਸਾਨ ਜਥੇਬੰਦੀਆਂ ਨੇ ਧਮਕੀ ਦਿੱਤੀ ਜੇਕਰ ਚੰਡੀਗੜ੍ਹ ਪੁਲੀਸ ਨੇ ਰੈਲੀ ਦੀ ਇਜਾਜ਼ਤ ਨਾ ਦਿੱਤੀ ਤਾਂ ਉਹ ਇਨਸਾਫ਼ ਪ੍ਰਾਪਤੀ ਲਈ ਆਰ-ਪਾਰ ਕਰਨ ਦੀ ਲੜਾਈ ਤੋਂ ਪਿੱਛੇ ਨਹੀਂ ਹਟਣਗੇ। ਇਸ ਮਗਰੋਂ ਚੰਡੀਗੜ੍ਹ ਦੇ ਐੱਸਐੱਸਪੀ ਨੇ ਕਿਸਾਨਾਂ ਨੂੰ ਸੈਕਟਰ-25 ਦੇ ਰੈਲੀ ਗਰਾਊਂਡ ਵਿੱਚ ਰੋਸ ਰੈਲੀ ਕਰਨ ਦੀ ਮਨਜ਼ੂਰੀ ਦੇ ਦਿੱਤੀ, ਜਿੱਥੇ ਕਿਸਾਨਾਂ ਨੇ ਹੁਕਮਰਾਨਾਂ ਸਮੇਤ ਯੂਟੀ ਪੁਲੀਸ ਵਿਰੁੱਧ ਨਾਅਰੇਬਾਜ਼ੀ ਕੀਤੀ।

## ਬੇਨਿਯਮੀ ਭਰਤੀਆਂ 'ਤੇ ਬਡੂੰਗਰ ਦਾ ਲੌਂਗੋਵਾਲ 'ਤੇ ਪਲਟ ਵਾਰ

ਇਹ ਯਕੀਨੀ ਬਣਾਏ ਜਾਣ ਦੀ ਲੋੜ ਸੀ ਕਿ ਮੁਲਾਜ਼ਮਾਂ ਨੂੰ ਨੌਕਰੀਓਂ ਫਾਰਗ ਕਿਉਂ ਕੀਤਾ ਜਾ ਰਿਹਾ ਹੈ? ਜਾਂਚ ਕਮੇਟੀ ਵੱਲੋਂ ਰਿਪੋਰਟ ਦਿੱਤੇ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਅਮਲਾ ਅਧਿਕਾਰੀਆਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਮੈਨੇਜਰਾਂ ਨੂੰ ਮੂੰਹ ਜ਼ੁਬਾਨੀ ਕਲਾਮੀ ਹੀ ਮੁਲਾਜ਼ਮ ਫਾਰਗ ਕੀਤੇ ਜਾਣ ਦੇ ਸੁਨੇਹੇ ਦਿੱਤੇ ਗਏ ਹਨ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਜਾਂਚ ਕਮੇਟੀ ਨੇ ਜੇ ਪਾਰਦਰਸ਼ਤਾ ਨਾਲ ਰਿਪੋਰਟ ਦਿੱਤੀ ਹੈ ਤਾਂ ਉਹ ਜਨਤਕ ਹੋਣੀ ਚਾਹੀਦੀ ਹੈ ਅਤੇ ਫਾਰਗ ਕੀਤੇ ਮੁਲਾਜ਼ਮਾਂ ਨੂੰ ਪੱਤ੍ਰਿਕਾ ਦੇ ਕੇ ਇਹ ਯਕੀਨੀ ਬਣਾਏ ਜਾਣ ਦੀ ਲੋੜ ਸੀ ਕਿ ਉਨ੍ਹਾਂ ਦੀਆਂ ਸੇਵਾਵਾਂ ਕਿਹੜੇ ਕਾਰਨਾਂ ਕਰਕੇ ਸਮਾਪਤ ਕੀਤੀਆਂ ਗਈਆਂ ਹਨ।

ਮੁਲਾਜ਼ਮਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ 'ਚ ਉਨਾਂ ਦੀਆਂ ਸੇਵਾਵਾਂ ਲੈਣ ਤੋਂ ਪਹਿਲਾਂ ਉਨ੍ਹਾਂ ਦੇ ਕਾਗਜ਼ੀ ਪੱਤਰ ਲਏ ਗਏ ਅਤੇ ਹਰ ਪ੍ਰਕਿਰਿਆ ਨੂੰ ਪੂਰਾ ਕੀਤੇ ਜਾਣ ਮਗਰੋਂ ਹੀ ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਸਨ ਅਤੇ ਹੁਣ ਜਾਣ ਬੁੱਝਕੇ ਸਾਡੀ ਨੌਕਰੀ ਨੂੰ ਬੇਨਿਯਮੀਆਂ ਦਾ ਨਾਂ ਦੇ ਕੇ ਸਾਰੇ ਮੁਲਾਜ਼ਮਾਂ ਨੂੰ ਫਰਾਗ ਕਰ ਦਿੱਤਾ ਗਿਆ ਹੈ। ਮੁਲਾਜ਼ਮਾਂ ਨੇ ਮੰਗ ਉਠਾਈ ਹੈ ਕਿ ਸ਼੍ਰੋਮਣੀ ਕਮੇਟੀ ਜਾਂਚ ਕਮੇਟੀ ਦੀ ਰਿਪੋਰਟ ਨੂੰ ਜਨਤਕ ਕਰੇ ਅਤੇ ਪੱਤ੍ਰਿਕਾ ਜਾਰੀ ਕਰਕੇ ਫਾਰਗ ਕੀਤੇ ਜਾਣ ਸਬੰਧੀ ਮੁਲਾਜ਼ਮਾਂ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ।

## ਗੁਰੂ ਨਾਨਕ ਸਾਹਿਬ ਅਤੇ ਨਵ-ਸਨਾਤਨੀ ਮਨੋਵਿਗਆਨਕ ਹਮਲੇ

ਬੌਧਿਕ ਹਮਲੇ ਦਾ ਰੂਪ ਬਦਲ ਗਿਆ ਅਤੇ ਇਸ ਦੇ ਨਿਸ਼ਾਨਿਆਂ ਵਿਚ ਸਿੱਖਾਂ ਨੂੰ ਹਿੰਦੂ ਧਰਮ ਵਿਚ ਰਲਾਉਣ, ਸਿੱਖ ਗਿਆਨ-ਪ੍ਰਬੰਧ ਦੇ ਖਾਤਮੇ ਦੇ ਨਾਲ-ਨਾਲ ਭਾਰਤੀ ਰਾਜ ਸਿਰਜਣ ਅਤੇ ਇਸ ਰਾਜ ਨੂੰ ਇਕਾਤਮਕ ਹਿੰਦੂ ਰਾਜ ਦਾ ਰੂਪ ਦੇਣ ਦੀਆਂ ਨੀਤੀਆਂ ਸ਼ਾਮਲ ਹੋ ਗਈਆਂ। ਇਸੇ ਨੀਤੀ ਵਿਚੋਂ ਸੰਨ 1984 ਦਾ ਸਿੱਖ ਵਿਰੋਧੀ ਵਰਤਾਰਾ ਅਤੇ ਦਰਬਾਰ ਸਾਹਿਬ ਅਕਾਲ ਤਖ਼ਤ ਉੱਪਰ ਹਮਲਾ ਸਾਹਮਣੇ ਆਇਆ। ਇਹ ਫ਼ੌਜੀ ਤਾਕਤ ਵਰਤ ਕੇ ਰਾਜਨੀਤਕ ਦਾਬਾ ਪਾਉਣ ਦੀ ਤਕਨੀਕ ਦੀ ਵਰਤੋਂ ਕਰਨ ਦੀ ਬਾਖ਼ੂਬ ਉਦਾਹਰਨ ਹੈ। ਇਸ ਤੋਂ ਬਾਅਦ ਚੱਲੀ ਸਿੱਖ ਅਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ ਭਾਰਤੀ ਫ਼ੌਜੀ ਤਾਕਤ ਦੀ ਵਰਤੋਂ ਕਰਨ ਦੀ ਮਿਸਾਲ ਵੀ ਸਾਡੇ ਸਾਹਮਣੇ ਹੈ। ਸਿੱਖਾਂ ਦੇ ਰਾਜਨੀਤਕ, ਧਾਰਮਿਕ ਅਤੇ ਆਰਥਿਕ ਢਾਂਚਿਆਂ ਉੱਤੇ ਕਬਜਾ ਤਾਂ 1947 ਵੇਲੇ ਹੀ ਕਰ ਲਿਆ ਗਿਆ ਸੀ। 1984 ਦੇ 'ਘੱਲੂਘਾਰੇ' ਤੋਂ ਬਾਅਦ ਫ਼ੌਜੀ ਤਾਕਤ, ਇਨਾਮ ਦੇਣ ਦੀ ਤਕਨੀਕ ਦੇ ਨਾਲ ਹੀ ਪਹਿਲਾਂ ਤੋਂ ਜਾਰੀ 'ਮਨੋ-ਸਮਾਜਕ' ਦਾਬੇ ਦੇ ਰਾਜਨੀਤਕ ਸਿਧਾਂਤ ਅਨੁਸਾਰ 'ਕਿਸੇ ਕੌਮੀ ਸਮੂਹ ਦੀ ਤਾਕਤ ਉਸ ਦੀਆਂ ਨੈਤਿਕ ਕਦਰਾਂ-ਕੀਮਤਾਂ, ਆਗੂਆਂ ਦੀ ਕਿਸਮ, ਇਸ ਦੀ ਪਛਾਣ ਅਤੇ ਏਕਾ, ਕਿਸੇ ਵੀ ਤਰ੍ਹਾਂ ਦੇ ਦਾਬੇ ਨੂੰ ਨਾ ਮੰਨਣ ਲਈ ਪ੍ਰੇਰਣਾ ਦੇਣ ਵਾਲੇ ਮਨੋਵਿਗਆਨਕ ਸੋਮੇ ਅਤੇ ਤਾਕਤਵਰ ਮਨੋਦਿਸ਼ਾ ਆਦਿ ਉੱਤੇ ਅਧਾਰਤ ਹੁੰਦੀ ਹੈ।' ਇਸੇ ਲਈ ਰਾਜਨੀਤਕ, ਧਾਰਮਿਕ ਅਤੇ ਆਰਥਿਕ ਢਾਂਚਿਆਂ ਉੱਤੇ ਕਬਜਾ ਕਰਕੇ ਲੰਬੇ ਸਮੇਂ ਤੱਕ ਕਾਇਮ ਨਹੀਂ ਰੱਖਿਆ ਜਾ ਸਕਦਾ। ਜਦੋਂ ਕੋਈ ਤਾਕਤਵਰ ਰਾਜਾ ਜਾਂ ਸਮੂਹ ਆਪਣੇ ਰਾਜਨੀਤਕ ਦਾਬੇ ਨੂੰ ਚਿਰ-ਸਦੀਵੀ ਰੱਖਣਾ ਚਾਹੁੰਦਾ ਹੈ ਤਾਂ ਉਹ ਆਪਣੇ ਦਾਬੇ ਹੇਠਲੇ ਕੌਮੀ ਸਮੂਹਾਂ ਅਤੇ ਲੋਕਾਂ ਦੀ 'ਸੋਚ' ਅਤੇ 'ਵਿਹਾਰ' ਵਿਚ ਆਪਣੇ ਦਾਬੇ ਦੀ ਆਪਮੁਹਾਰੇ ਅਤੇ ਅਚੇਤਨ ਮਾਨਤਾ ਕਰਵਾਉਣ ਲਈ ਮਨੋ-ਸਮਾਜਕ ਦਾਬਾ ਪਾਉਣ ਦੀ ਤਕਨੀਕ ਦੀ ਵਰਤੋਂ ਲਗਾਤਾਰ ਕਰਦਾ ਹੈ।

ਸਿੱਖਾਂ ਖਿਲਾਫ਼ ਇਸੇ ਮਨੋ-ਸਿਮਾਜਕ ਵਿਧੀ ਦੀ ਵਰਤੋਂ 1984 ਦੇ ਘੱਲੂਘਾਰੇ ਅਤੇ ਸਿੱਖ ਲਹਿਰ ਦੇ ਡਿੱਗਣ ਤੋਂ ਬਾਅਦ ਧੜੱਲੇ ਨਾਲ ਕੀਤੀ ਗਈ। ਇਸ ਨੂੰ ਨਵ-ਸਨਾਤਨ ਹਮਲਾ' ਕਹਿਣਾ ਇਸ ਲਈ ਜਰੂਰੀ ਹੈ ਕਿਉਂਕਿ ਇਸ ਵਿੱਚ ਬ੍ਰਾਹਮਣੀ ਤਾਕਤਾਂ ਵੱਲੋਂ ਆਪਣੇ ਰਾਜਨੀਤਕ ਦਾਬੇ ਨੂੰ ਸਦੀਵੀ ਰੱਖਣ ਲਈ ਸਿੱਖਾਂ

ਖਿਲਾਫ਼ ਸਿੱਖ ਦਿੱਖ ਵਾਲੇ ਅਤੇ ਸਿੱਖਾਂ ਦੇ ਅੰਦਰਲੇ ਹਿੱਸਿਆਂ ਦੀ ਬਾਖ਼ੂਬ ਵਰਤੋਂ ਕੀਤੀ ਜਾ ਰਹੀ ਹੈ। ਸਿੱਖ ਗਿਆਨ-ਪ੍ਰਬੰਧ ਨੂੰ ਖਤਮ ਕਰਨ ਲਈ ਸਿੱਖ ਸਕਾਲਰਾਂ ਅਤੇ ਸਿੱਖ ਬੁਧੀਜੀਵੀਆਂ ਨੂੰ ਹੀ ਵਰਤਿਆ ਜਾ ਰਿਹਾ ਹੈ। ਇਹ ਨਵ-ਸਨਾਤਨ' ਬੌਧਿਕ ਹਮਲਾ ਸਿੱਖਾਂ ਨੂੰ ਬੌਧਿਕ ਤਾਕਤ ਦੇਣ ਵਾਲੇ ਹਰੇਕ ਸੋਮੇ, ਚਿੰਨ੍ਹ,

ਥਾਂ, ਹਸਤੀ, ਆਗੂ, ਧਾਰਮਿਕ ਗ੍ਰੰਥ ਆਦਿ ਨੂੰ ਨੇਸਤੋ-ਨਾਬੂਦ ਕਰਨ ਲਈ ਪੱਬਾਂ-ਭਾਰ ਹੈ। ਇਸੇ ਨੀਤੀ ਵਿਚੋਂ ਗੁਰੂ ਨਾਨਕ ਸਾਹਿਬ ਦੀ ਹਸਤੀ ਅਤੇ ਇਸ ਹਸਤੀ ਦੇ ਸਿੱਖ ਧਰਮ ਅਤੇ ਕੌਮੀ ਸਮੂਹ ਨਾਲ ਰਿਸ਼ਤੇ ਉੱਤੇ ਗੁੱਝੇ ਵਾਰ ਕਰਨ ਦੀ ਨੀਤੀ ਹੋਂਦ ਵਿਚ ਆਈ ਹੈ। ਮੈਕਲਿਓਡ ਤੋਂ ਲੈ ਕੇ ਹਰਜੋਤ ਉਬਰਾਏ ਤੱਕ ਅਤੇ ਇਸ ਤੋਂ ਵੀ ਅੱਗੇ ਮੌਜੂਦਾ ਮੀਡੀਆ ਅਤੇ ਫਿਲਮਾਂ ਰਾਹੀਂ ਗੁਰੂ ਨਾਨਕ ਸਾਹਿਬ ਦੇ ਸਿੱਖ ਕੌਮ ਨਾਲ ਰਿਸ਼ਤੇ ਨੂੰ ਤੋੜ-ਭੰਨ ਦੇਣ ਦੇ ਯਤਨ ਜਾਰੀ ਹਨ। ਪ੍ਰਸਿੱਧ ਰਾਜਨੀਤਕ ਵਿਗਆਨੀ ਵਾਕਰ ਕੌਨਰ ਦਾ ਹੇਠਲਾ ਵਿਚਾਰ ਇਸ ਸੰਦਰਭ ਵਿਚ ਮਹੱਤਵਪੂਰਨ ਹੈ:

"ਸਮਾਜਕ ਅਤੇ ਰਾਜਨੀਤਕ ਹਾਲਤਾਂ ਦੇ ਵਿਸ਼ਲੇਸ਼ਣ ਦੌਰਾਨ ਸਭ ਤੋਂ ਮਹੱਤਵਪੂਰਨ ਵਿਚਾਰ 'ਲੋਕ ਕੌਣ ਹਨ ਜਾਂ ਕੀ ਹਨ' ਨਹੀਂ ਹੁੰਦਾ ਬਲਕਿ 'ਲੋਕਾਂ ਦਾ ਵਿਸ਼ਵਾਸ਼ ਕੀ ਹੈ' ਬਾਰੇ ਜਾਣਨਾ ਜਰੂਰੀ ਹੁੰਦਾ ਹੈ। ਨਾਲ ਹੀ ਲੋਕਾਂ ਦਾ ਆਪਣੇ ਪੈਦਾ ਹੋਣ ਦੇ ਵੱਖਰੇ ਸੋਮੇਂ ਅਤੇ ਵੱਖਰੀ ਵਿਗਾਸ-ਕਿਰਆ ਵਿੱਚ ਅਚੇਤਨ ਵਿਸ਼ਵਾਸ਼ ਕਿਸੇ ਕੌਮ ਦੇ 'ਕੌਮੀ ਮਨੋਵਿਗਆਨ' ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ। ਜਦੋਂ ਕੋਈ ਆਪਣੇ ਆਪ ਨੂੰ 'ਚੀਨੀ' ਆਖਦਾ ਹੈ ਤਾਂ ਉਹ ਸਿਰਫ਼ ਅੱਜ ਦੇ ਚੀਨੀ ਸੱਭਿਆਚਾਰ ਅਤੇ ਚੀਨੀ-ਲੋਕਾਂ ਨਾਲ ਆਪਣੇ ਆਪ ਨੂੰ ਸੰਬੰਧਿਤ ਨਹੀਂ ਕਰ ਰਿਹਾ ਹੁੰਦਾ ਬਲਕਿ ਉਹ ਆਪਣੇ ਆਪ ਨੂੰ ਚੀਨੀ ਲੋਕਾਂ ਅਤੇ ਇਨ੍ਹਾਂ ਦੇ ਇਤਿਹਾਸਕ ਸਮੇਂ ਦੌਰਾਨ ਕੀਤੇ ਗਏ ਅਲੌਕਿਕ ਕੰਮਾਂ ਨਾਲ ਵੀ ਜੋੜ ਰਿਹਾ ਹੁੰਦਾ ਹੈ।"

ਇਸੇ ਤਰ੍ਹਾਂ ਕੋਈ ਸਿੱਖ ਜਦੋਂ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਨਾਲ ਜੋੜਦਾ ਹੈ ਤਾਂ ਉਹ ਗੁਰੂ ਨਾਨਕ ਸਾਹਿਬ ਵੱਲੋਂ ਸਿਰਜੇ ਗਏ 'ਗਿਆਨ-ਪ੍ਰਬੰਧ' ਅਤੇ ਸਮਾਜਕ-ਰਾਜਨੀਤਕ ਢਾਂਚਿਆਂ ਵਿਚ ਆਪਣੇ ਵਿਸ਼ਵਾਸ਼ ਦਾ ਅਚੇਤ ਪ੍ਰਗਟਾਵਾ ਕਰਦਾ ਹੈ। ਯਾਦ ਰਹੇ ਗੁਰੂ ਨਾਨਕ ਸਾਹਿਬ ਅਤੇ ਬਾਕੀ ਦਸ ਗੁਰੂ ਸਾਹਿਬਾਨਾਂ ਵੱਲੋਂ ਸਿਰਜਿਆ ਗਿਆਨ-ਪ੍ਰਬੰਧ ਅੱਜ ਦੇ ਅਤੇ ਉਸ ਸਮੇਂ ਦੇ ਦਾਬੇ ਵਾਲੇ ਬ੍ਰਾਹਮਣੀ ਗਿਆਨ- ਪ੍ਰਬੰਧ, ਇਸ ਨਾਲ ਸੰਬੰਧਿਤ ਚਿੰਨ੍ਹਾਂ, ਢਾਂਚਿਆਂ, ਆਗੂਆਂ, ਅਤੇ ਵਿਸ਼ਵਾਸ਼ਾਂ, ਰੀਤੀ ਰਿਵਾਜਾਂ ਤੋਂ ਸਿਰਫ਼ ਨਿਖੇੜਾ ਹੀ ਨਹੀਂ ਕਰਦਾ ਬਲਕਿ ਇਸ ਬ੍ਰਹਾਮਣੀ ਦਾਬੇ ਨੂੰ ਤੋੜਨ ਵੱਲ ਸੇਧਿਤ ਹੈ। ਗੁਰੂ ਨਾਨਕ ਸਾਹਿਬ ਦਾ ਬਿੰਬ ਅਤੇ ਉਨ੍ਹਾਂ ਵੱਲੋਂ ਵਰੋਸਾਇਆ ਪੰਥ ਅਤੇ ਪੰਥਕ ਰੀਤਾਂ ਸਿੱਖਾਂ ਅੰਦਰ ਮਾਨਸਿਕ ਏਕੇ ਅਤੇ ਬੌਧਿਕ ਚੇਤਨਤਾ ਹੀ ਪੈਦਾ ਨਹੀਂ ਕਰਦੀਆਂ ਬਲਕਿ ਮੌਜੂਦਾ ਰਾਜਨੀਤਕ ਹਾਲਤਾਂ ਅੰਦਰ ਇਹ ਰੀਤਾਂ ਇੱਕ ਵੱਖਰੇ ਕੌਮੀ ਸੁਭਾਅ, ਵਿਚਾਰ ਅਤੇ ਹਿੱਤਾਂ ਨੂੰ ਬ੍ਰਾਹਮਣੀ ਰੀਤਾਂ ਤੋਂ ਵੱਖਰਾ ਰੂਪ ਦਿੰਦੀਆਂ ਹਨ। ਸਿੱਧੇ ਸ਼ਬਦਾਂ ਵਿੱਚ ਇਹ ਰੀਤਾਂ ਅਤੇ ਸਿੱਖ ਗਿਆਨ-ਪ੍ਰਬੰਧ, ਗੁਰੂ ਨਾਨਕ ਸਾਹਿਬ ਦਾ ਬਿੰਬ ਸਿੱਖ ਨੂੰ ਇਕ 'ਰਾਜਨੀਤਕ ਸਮੂਹ' ਵਜੋਂ ਦੁਨੀਆ ਵਿੱਚ ਵਿਚਰਨ ਦਾ ਅਧਾਰ ਮੁਹੱਈਆ ਕਰਵਾਉਂਦੇ ਹਨ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਬਾਕੀ ਗੁਰੂ ਸਾਹਿਬਾਨਾਂ ਅਤੇ ਸਿੱਖ ਹੋਂਦ ਅਤੇ ਸਮਾਜਕ ਹਸਤੀ ਦਾ ਕੇਂਦਰੀ ਬਿੰਬ ਵਜੋਂ ਫ਼ੈਸਲਾਕੁੰਨ ਥਾਂ ਬਣਾ ਚੁੱਕੇ ਹਨ। ਪ੍ਰਸਿੱਧ ਸਮਾਜ ਵਿਗਆਨੀ ਐਂਥਨੀ ਸਮਿੱਥ ਦਾ ਵਿਚਾਰ ਹੈ ਕਿ "ਕੌਮੀਅਤ ਦਾ ਸੰਬੰਧ ਖ਼ੂਨ ਸੰਬੰਧਾਂ ਜਾਂ ਮਨੁੱਖੀ ਜੀਨਾਂ' ਨਾਲ ਨਹੀਂ ਹੈ ਬਲਕਿ ਇਹ (ਕੌਮੀ ਸਮੂਹਾਂ) ਦੇ ਆਪਣੇ ਪੈਦਾ ਹੋਣ ਦੇ ਸੋਮਿਆਂ ਪ੍ਰਤੀ ਸਾਂਝੇ ਵਿਸ਼ਵਾਸ਼ ਅਤੇ ਮਿੱਥਾਂ ਨਾਲ ਸੰਬੰਧਿਤ ਹੈ। ਕਿਸੇ ਕੌਮ ਲਈ ਜੀਨਾਂ ਦਾ ਵਿਰਸਾ ਕੋਈ ਮਹੱਤਤਾ ਨਹੀਂ ਰੱਖਦਾ ਬਲਕਿ ਇਸ ਲਈ ਸਭ ਤੋਂ ਜਰੂਰੀ ਇਸ ਨਾਲ ਸੰਬੰਧਿਤ ਬੰਦਿਆਂ ਦਾ 'ਸਾਂਝੇ ਵੱਡੇ ਵਡੇਰਿਆਂ' ਵਿਚ ਵਿਸ਼ਵਾਸ਼ ਅਤਿ ਮਹੱਤਵਪੂਰਨ ਹੈ।... ਪੈਦਾ ਹੋਣ ਦੇ ਸਾਂਝੇ ਸੋਮੇਂ ਵਿਚ ਅਟੁੱਟ ਵਿਸ਼ਵਾਸ਼ ਕਿਸੇ ਵੀ ਕੌਮ ਦੀ ਹੋਂਦ ਲਈ ਅਤਿ ਜਰੂਰੀ ਹੈ।"

ਨਵ-ਸਨਾਤਨੀ ਹਮਲਾ ਸਿੱਖਾਂ ਦੇ ਆਪਣੇ ਪੈਦਾਵਾਰੀ ਸੋਮੇਂ ਭਾਵ ਗੁਰੂ ਨਾਨਕ ਸਾਹਿਬ ਵਿਚ ਅਟੁੱਟ ਵਿਸ਼ਵਾਸ਼ ਦੇ ਖਾਤਮੇ ਵੱਲ ਸੇਧਿਤ ਹੈ। ਇਹ ਹਮਲਾ ਗੁਰੂ ਨਾਨਕ ਸਾਹਿਬ ਨੂੰ ਹਿੰਦੂ ਸਾਬਤ ਕਰਕੇ ਅਤੇ ਗੁਰੂ ਸਾਹਿਬ ਸੰਬੰਧੀ ਸਿੱਖਾਂ ਵਿਚਲੇ ਸਾਂਝੇ ਵਿਸ਼ਵਾਸ਼ ਨੂੰ ਖਤਮ ਕਰਕੇ 'ਸਿੱਖ-ਧਾਰਮਿਕ- ਪ੍ਰਬੰਧ' ਨੂੰ ਤੋੜ ਦੇਣ ਵੱਲ ਸੇਧਿਤ ਹੈ ਜੋ ਕਿ ਸਿੱਖਾਂ ਵਿਚਕਾਰ ਕੌਮੀਅਤ ਦਾ ਜਜਬਾ ਭਰਨ ਦਾ ਮੁੱਖ ਸੋਮਾਂ ਹੈ। ਗੁਰੂ ਨਾਨਕ ਸਾਹਿਬ ਅਤੇ ਦੂਜੇ ਗੁਰੂ ਸਾਹਿਬਾਨਾਂ ਦੇ ਬਿੰਬ ਦੀ ਤੋੜ-ਭੰਨ, ਗੁਰੂ ਗ੍ਰੰਥ ਸਾਹਿਬ ਦੀ ਸਿੱਖ-ਧਾਰਮਿਕ- ਪ੍ਰਬੰਧ ਵਿਚਲੇ ਤਾਕਤਵਰ ਰੋਲ ਉੱਤੇ ਹਮਲਾ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੀ ਮਹੱਤਤਾ ਘਟਾਉਣ ਦੀਆਂ ਕੁਚਾਲਾਂ, ਸਿੱਖ ਨਾਵਾਂ ਭਾਵ 'ਸਿੰਘ' ਅਤੇ 'ਕੌਰ' ਦੀ ਵਰਤੋਂ ਕਰਨ ਉੱਤੇ ਸਿੱਖਾਂ ਵਿੱਚ ਹੀਣ-ਭਾਵਨਾ ਪੈਦਾ ਕਰਨ ਦੀਆਂ ਨੀਤੀਆਂ ਆਦਿ ਸਿੱਖਾਂ ਦੇ ਵਿਹਾਰ ਨੂੰ ਕਾਬੂ ਕਰਨ ਅਤੇ ਬ੍ਰਾਹਮਣੀ ਦਾਬੇ ਨੂੰ ਲਗਾਤਾਰਤਾ ਨਾਲ ਜਾਰੀ ਰੱਖ ਕੇ ਇਕਾਤਮਕ ਭਾਰਤੀ ਹਿੰਦੂ ਰਾਜ ਸਿਰਜਣ ਦਾ ਵਰਤਾਰਾ ਹੈ। ਸਿੱਖਾਂ ਨੂੰ ਇਸ ਨਵ-ਸਨਾਤਨ ਮਨੋ-ਸਮਾਜਕ ਹਮਲੇ ਦਾ ਮੁਕਾਬਲਾ ਕਰਨ ਅਤੇ ਆਪਣੇ ਗਿਆਨ ਪ੍ਰਬੰਧ ਅਤੇ ਆਪਣੀ ਹੋਂਦ-ਹਸਤੀ ਦੇ ਸੋਮੇ ਭਾਵ ਗੁਰੂ ਨਾਨਕ ਸਾਹਿਬ ਬਾਰੇ ਸਿੱਖ ਕੇਂਦਰਿਤ ਅਕਾਦਮਿਕ ਖੋਜਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਜੋ ਕਿ ਸਿੱਖ ਪੰਥ ਨੂੰ ਸੰਸਾਰ ਪੱਧਰ ਉੱਤੇ ਤਾਕਤਵਰ ਬਣਾਉਣ ਵੱਲ ਸੇਧਿਤ ਹੋਣ।

(ਸਿੱਖ ਸਿਆਸਤ ਬਿਊਰੋ ਤੋਂ ਧੰਨਵਾਦ ਸਹਿਤ)

# Sir Speedy Tustin
Printers to the Community




## Outdoor 3'x11' Promo Flag
**Only $29/-**
Pole & Spike $55/-




## Outdoor 3'x6' Durable Banner
All weather, durable to sunlight, rain and wear & tear. Text only.
**Only $69/-**




## Receipt Books
Customized with your information and design. 2 part carbonless with numbering and perforation.
**Call for Price**




## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**




## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**




## 11" Printed Balloons
Printed with your logo and info. One color, one location. Min. qty 1000
**19¢ each**




White T-Shirts, 1 color screen printing in 1 position. Min Qty. 100

## Your Printed T-Shirts
**Only $4.99**




1 color in 1 position. Min Qty. 100

## Your Printed Caps
**Only $4.99**




## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES



South Asian Wedding Cards


CALL NOW

## Classified

### ਕੁੱਕ ਦੀ ਲੋੜ

ਸਮਰੱਥ ਰੈਸਟੋਰੈਂਟ, ਲਾਸ ਏਂਜਲਸ, ਕੈਲੀਫੋਰਨੀਆਂ-91335 ਵਾਸਤੇ ਉੱਤਰੀ ਭਾਰਤ ਦੇ ਖਾਣੇ ਬਣਾਉਣ ਵਿੱਚ ਮਾਹਿਰ ਕੁੱਕ ਦੀ ਜਰੂਰਤ ਹੈ। ਇਸ ਤੋਂ ਇਲਾਵਾ ਚਾਈਨੀਜ਼ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ:

(747) 224-1079

ਜਾਂ ਈਮੇਲ :

samrathrestaurant@gmail.com

### ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ

**ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ**

**ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ**

**ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ**

**ਹੋਰ ਜਾਣਕਾਰੀ ਲਈ ਸੰਪਰਕ ਕਰੋ :**

**ਈਮੇਲ: successonnclex@gmail.com**

**ਜਾਂ ਕਾਲ ਕਰੋ:**

**612-849-5258**

### ATTENTION

**International Students**

**Online NCLEX Classes for International Students**

**Available in English & Punjabi**

**Flexible Days and Time**

**For more information**

**Email: successonnclex@gmail.com**

**Call: 612-849-5258**

**For Classified Contact**

**510.240.5949**

# ਐਚ-1ਬੀ ਵੀਜ਼ੇ ਦੇਣ ਦਾ ਕੰਮ ਸ਼ੁਰੂ

**ਵਾਸ਼ਿੰਗਟਨ/ਬਿਊਰੋ ਨਿਊਜ਼:** ਹੁਨਰਮੰਦ ਭਾਰਤੀ ਮਾਹਿਰਾਂ 'ਚ ਸਭ ਤੋਂ ਪਸੰਦੀਦਾ ਐਚ-1ਬੀ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਦਾ ਕੰਮ ਸੋਮਵਾਰ ਤੋਂ ਸ਼ੁਰੂ ਹੋਵੇਗਾ। ਟਰੰਪ ਪ੍ਰਸ਼ਾਸਨ ਵੱਲੋਂ ਸਖ਼ਤ ਪੜਤਾਲ ਦਰਮਿਆਨ ਵੀਜ਼ੇ ਦੇਣ ਦੀ ਸ਼ੁਰੂਆਤ ਹੋਵੇਗੀ। ਅਮਰੀਕੀ ਨਾਗਰਿਕਤਾ ਅਤੇ ਪਰਵਾਸ ਸੇਵਾਵਾਂ ਵਿਭਾਗ ਨੇ ਕਿਹਾ ਹੈ ਕਿ ਛੋਟੀ ਤੋਂ ਛੋਟੀ ਖਾਮੀ ਦੀ ਵੀ ਬਾਰੀਕੀ ਨਾਲ ਪੜਤਾਲ ਕੀਤੀ ਜਾਵੇਗੀ। ਸੋਸ਼ਲ ਮੀਡੀਆ ਦੇ ਵੱਖ ਵੱਖ ਪਲੇਟਫਾਰਮਾਂ ਅਤੇ ਗਰੁੱਪਾਂ ਤੋਂ ਸੰਕੇਤ ਮਿਲਦੇ ਹਨ ਕਿ ਇਸ ਵਾਰ ਵੀਜ਼ੇ ਰੱਦ ਹੋਣ ਦੀ ਦਰ ਪਹਿਲਾਂ ਨਾਲੋਂ ਕਿਤੇ ਵਧ ਰਹਿਣ ਦੀ ਪੂਰੀ ਸੰਭਾਵਨਾ ਹੈ। ਹਰੇਕ ਵਿੱਤੀ ਵਰ੍ਹੇ ਦੌਰਾਨ 65 ਹਜ਼ਾਰ ਐਚ1-ਬੀ ਵੀਜ਼ੇ ਦਿੱਤੇ ਜਾਂਦੇ ਹਨ। ਜਿਹੜੇ ਲਾਭਪਾਤਰੀਆਂ ਕੋਲ ਅਮਰੀਕਾ ਦੀ ਮਾਸਟਰਜ਼ ਡਿਗਰੀ ਜਾਂ ਹੋਰ ਉਚੇਰੀ ਸਿੱਖਿਆ ਦੀ ਡਿਗਰੀ ਹਾਸਲ ਹੈ, ਉਨ੍ਹਾਂ ਨੂੰ ਪਹਿਲੀਆਂ 20 ਹਜ਼ਾਰ ਅਰਜ਼ੀਆਂ ਤਹਿਤ ਛੋਟ ਮਿਲੇਗੀ। ਇਸ ਸਾਲ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਣ ਵਾਲੇ 2019 ਦੇ ਵਿੱਤੀ ਵਰ੍ਹੇ ਲਈ ਅਮਰੀਕੀ ਨਾਗਰਿਕਤਾ ਅਤੇ ਪਰਵਾਸ ਸੇਵਾਵਾਂ ਨੇ ਚਿਤਾਵਨੀ ਦਿੱਤੀ ਹੈ ਕਿ ਸਾਰੀਆਂ ਡੁਪਲੀਕੇਟ ਅਰਜ਼ੀਆਂ ਨੂੰ ਰੱਦ ਕੀਤਾ ਜਾਵੇਗਾ। ਪਿਛਲੇ ਕੁਝ ਸਾਲਾਂ ਤੋਂ ਕੰਪਨੀਆਂ ਵੱਲੋਂ ਡੁਪਲੀਕੇਟ ਅਰਜ਼ੀਆਂ ਦਾਖ਼ਲ ਕੀਤੀਆਂ ਜਾਂਦੀਆਂ ਸਨ ਜਿਸ ਨਾਲ ਲਾਟਰੀ ਪ੍ਰਣਾਲੀ ਰਾਹੀਂ ਅਰਜ਼ੀਕਾਰ ਦੇ ਮੌਕੇ ਵਧ ਜਾਂਦੇ ਸਨ।

## ਕੀ ਮੋਦੀ ਸਰਕਾਰ ਭਾਗਵਤ ਨੂੰ ਵੀ ਕਹੇਗੀ ਰਾਸ਼ਟਰ ਵਿਰੋਧੀ: ਸ਼ਿਵ ਸੈਨਾ

**ਮੁੰਬਈ/ਬਿਊਰੋ ਨਿਊਜ਼** "ਸ਼ਿਵ ਸੈਨਾ ਨੇ ਹੈਰਾਨੀ ਜ਼ਾਹਰ ਕੀਤੀ ਹੈ ਕਿ ਕੀ ਆਰਐਸਐਸ ਦੇ ਮੁਖੀ ਮੋਹਨ ਭਾਗਵਤ ਵੱਲੋਂ ਦੇਸ਼ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਅੰਦੋਲਨ ਸ਼ੁਰੂ ਕਰਨ ਦਾ ਬਿਆਨ ਦੇਣ ਬਦਲੇ ਉਨ੍ਹਾਂ ਨੂੰ ਵੀ ਰਾਸ਼ਟਰ ਵਿਰੋਧੀ' ਦਾ ਲਕਬ ਦਿੱਤਾ ਜਾਵੇਗਾ। ਸੈਨਾ ਨੇ ਆਪਣੀ ਪੱਤ੍ਰਿਕਾ 'ਸਾਮਨਾ' ਦੇ ਸੰਪਾਦਕੀ ਵਿੱਚ ਲਿਖਿਆ, "ਆਰਐਸਐਸ ਸਰਸੰਘਚਾਲਕ ਮੋਹਨ ਭਾਗਵਤ ਨੇ ਧਿਆਨ ਦਿਵਾਇਆ ਹੈ ਕਿ ਪ੍ਰਸ਼ਾਸਨ ਕਮਜ਼ੋਰ ਹੋ ਗਿਆ ਤੇ ਦੇਸ਼ ਵਿੱਚ ਚੌਤਰਫ਼ਾ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਹੁਣ ਜਦੋਂ ਉਨ੍ਹਾਂ ਭ੍ਰਿਸ਼ਟਾਚਾਰ ਦੀ ਗੱਲ ਪ੍ਰਵਾਨ ਕਰ ਲਈ ਹੈ ਤਾਂ ਕੀ ਉਨ੍ਹਾਂ ਨੂੰ ਵੀ ਰਾਸ਼ਟਰ ਵਿਰੋਧੀ ਤੇ ਹਿੰਦੂ ਵਿਰੋਧੀ ਕਰਾਰ ਦੇ ਦਿੱਤਾ ਜਾਵੇਗਾ।" ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਸ਼ਿਵ ਸੈਨਾ ਨੇ ਸਭ ਤੋਂ ਪਹਿਲਾਂ ਭ੍ਰਿਸ਼ਟਾਚਾਰ ਖ਼ਿਲਾਫ਼ ਆਵਾਜ਼ ਉਠਾਈ ਸੀ ਤੇ ਹੁਣ ਭਾਗਵਤ ਵੀ ਇਹ ਮੁੱਦੇ ਉਠਾ ਰਹੇ ਹਨ। ਸ੍ਰੀ ਭਾਗਵਤ ਨੇ ਪਿਛਲੇ ਹਫ਼ਤੇ ਰਾਇਗੜ੍ਹ ਜ਼ਿਲੇ ਵਿੱਚ ਸ਼ਿਵਾਜੀ ਦੀ ਯਾਦ ਵਿੱਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਇਹ ਟਿੱਪਣੀਆਂ ਕੀਤੀਆਂ ਸਨ।

## 'ਨਾਨਕ ਸ਼ਾਹ ਫਕੀਰ' ਫਿਲਮ ਬਰਦਾਸ਼ਤ ਨਹੀਂ ਕਰਾਂਗੇ: ਸਿੱਖ ਨੌਜਵਾਨ

***ਬਾਕੀ***

ਅਤੇ ਹੋਰ ਪਰਿਵਾਰਕ ਮੈਂਬਰਾਂ ਦਾ ਰੋਲ ਵੀ ਆਮ ਕਲਾਕਾਰਾਂ ਪਾਸੋ ਕਰਵਾਇਆ ਹੈ ਅਤੇ ਪ੍ਰਚਾਰ ਕਰ ਰਿਹਾ ਹੈ ਕਿ ਇਹ ਐਨੀਮੇਸ਼ਨ ਹਨ, ਜੋ ਕਿ ਗੁਰਮਤਿ ਅਤੇ ਸਿੱਖ ਸਿਧਾਂਤਾਂ ਦੇ ਖਿਲਾਫ਼ ਹੈ,ਕਿਉਕਿ ਸਿੱਖ ਸਿਧਾਂਤ ਅਤੇ ਰਵਾਇਤ ਮੁਤਾਬਿਕ ਕੋਈ ਵੀ ਮਨੁੱਖ ਗੁਰੂ ਸਾਹਿਬਾਂ ਦੀ ਨਕਲ ਜਾਂ ਰੋਲ ਨਹੀਂ ਕਰ ਸਕਦਾ। ਇਸ ਮੌਕੇ ਬਾਬਾ ਦੀਪ ਸਿੰਘ ਸੋਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਨੇ ਕਿਹਾ ਕਿ ਮੀਡੀਆ ਤੋਂ ਮਿਲੀ ਜਾਣਕਾਰੀ ਮੁਤਾਬਿਕ ਇਸ ਫਿਲਮ ਦਾ ਪ੍ਰੋਡਿਊਸਰ ਆਰਐਸਐਸ ਨਾਲ ਜੁੜਿਆਂ ਹੋਇਆ ਹੈ ਅਤੇ ਲੋਕਾਂ ਤੇ ਫਿਲਮ ਦੀ ਪ੍ਰਮੋਸ਼ਨ ਲਈ ਕਥਿੱਤ ਤੋਰ ਤੇ ਅਨੇਕਾਂ ਵਜੀਰਾਂ ਨਾਲ ਸਬੰਧ ਦੀ ਗੱਲ ਕਰਦਾ ਹੈ।

ਸ਼੍ਰੋਮਣੀ ਕਮੇਟੀ ਵਲੋਂ ਲਏ ਗਏ ਯੂ ਟਰਨ ਤੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਜਿਲਾ ਪ੍ਰਧਾਨ ਸੁਖਵਿੰਦਰ ਸਿੰਘ ਮੰਡੇਬਰ ਨੇ ਕਿ ਸਿਆਸੀ ਜਾਂ ਨਿੱਜੀ ਪ੍ਰਭਾਵ ਹੇਠ ਆਕੇ ਸ਼੍ਰੋਮਣੀ ਕਮੇਟੀ ਅਤੇ ਤਖ਼ਤ ਸਾਹਿਬਾਂ ਦੇ ਜੱਥੇਦਾਰਾਂ ਨੂੰ ਕੋਈ ਵੀ ਅਜਿਹਾ ਫੈਸਲਾ ਨਹੀਂ ਲੈਣਾ ਚਾਹੀਦਾ ਜਿਸ ਨਾਲ ਸਿੱਖੀ ਦਾ ਘਾਣ ਹੋਵੇ ਅਤੇ ਪੰਥਦਰਦੀ ਸੰਗਤਾਂ ਦੇ ਰੋਹ ਨੂੰ ਵੇਖਦੇ ਅਪਣੇ ਕੀਤੇ ਫੈਸਲੇ ਵਾਪਿਸ ਲੈਣੇ ਪੈਣ। ਉਹਨਾਂ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕਰਦੇ ਕਿਹਾ ਕਿ ਇਸ ਫਿਲਮ ਦੇ ਰੀਲੀਜ਼ ਤੇ ਪਾਬੰਦੀ ਲਈ ਯੋਗ ਪ੍ਰਬੰਧ ਕਰਣੇ ਚਾਹੀਦੇ ਹਨ ਅਤੇ ਕਾਨੂੰਨੀ ਨਿਯਮਾਂ ਅਨੁਸਾਰ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਤੇ ਪ੍ਰੋਡਿਉਸਰ ਹਰਿੰਦਰ ਸਿੱਕਾ ਤੇ ਕੇਸ ਦਰਜ ਹੋਣਾ ਚਾਹੀਦਾ ਹੈ।

ਇਸ ਮੌਕੇ ਮਨਿੰਦਰ ਸਿੰਘ, ਦਮਨਪ੍ਰੀਤ ਸਿੰਘ, ਸੁਖਵੰਤ ਸਿੰਘ, ਇੰਦਰ ਸਿੰਘ, ਜਸਪਾਲ ਸਿੰਘ, ਸਤਿੰਦਰ ਸਿੰਘ, ਲਖਵਿੰਦਰ ਸਿੰਘ, ਪਰਮਜੀਤ ਸਿੰਘ, ਦਲਬੀਰ ਸਿੰਘ, ਗੁਰਮੀਤ ਸਿੰਘ, ਜਤਿੰਦਰ ਸਿੰਘ, ਗੋਬਿੰਦ ਸਿੰਘ ਤੋਂ ਇਲਾਵਾ ਕਈ ਸਿੰਘ ਸਭਾਵਾਂ ਅਤੇ ਧਾਰਮਿਕ ਜੱਥਬੰਦੀਆਂ ਤੋਂ ਪਤਵੰਤੇ ਹਾਜਰ ਸਨ।

## ਸਨਾਤਨੀ ਪਰੰਪਰਾ ਕਰਕੇ ਔਰਤਾਂ ਹੰਢਾ ਰਹੀਆਂ ਨੇ ਸੰਤਾਪ

ਹਨ ਪਰ ਫਿਰ ਵੀ ਸਾਨੂੰ ਸੱਭਿਆਚਾਰ ਦੇ ਨਾਂ 'ਤੇ ਇਨ੍ਹਾਂ ਰਵਾਇਤਾਂ ਦੀ ਪਾਲਣ ਕਰਨੀ ਪੈਂਦੀ ਹੈ।"

ਪਿੰਡ ਵਿੱਚ ਰਹਿਣ ਵਾਲੇ ਸਰਕਾਰ ਤੋਂ ਅਪੀਲ ਕਰ ਰਹੇ ਹਨ ਕਿ ਉਹ ਕਮਰੇ ਦਾ ਨਿਰਮਾਣ ਕਰਨ ਜਿਸ ਵਿਚ ਇਸ ਦੌਰਾਨ ਜੀਉਂਦਾ ਰਹਿਣ ਦੇ ਲਈ ਮੁੱਢਲੀ ਸਹੂਲਤਾਂ ਜਿਵੇਂ ਪਾਣੀ ਅਤੇ ਬਿਜਲੀ ਦੀਆਂ ਸਹੂਲਤਾਂ ਹੋਣ ਕਿਉਂਕਿ ਉਹ ਪਿੰਡ ਦੇ ਬਜ਼ੁਰਗਾਂ ਵੱਲੋਂ ਤੈਅ ਕੀਤੇ ਨਿਯਮਾਂ ਦੀ ਉਲੰਘਣਾ ਨਹੀਂ ਕਰ ਸਕਦੇ।

ਅਨੰਤਪੁਰ ਜ਼ਿਲ੍ਹੇ ਦੇ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਅਨਿਲ ਕੁਮਾਰ ਨੇ ਕਿਹਾ, "ਪਿੰਡ ਵਾਸੀਆਂ ਨੂੰ ਇਸ ਤਰ੍ਹਾਂ ਦੀਆਂ ਰਵਾਇਤਾਂ ਨੂੰ ਖ਼ਤਮ ਕਰਨ ਦੇ ਲਈ ਜਾਗਰੂਕ ਕਰਵਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਸੀਂ ਇਸ ਰਵਾਇਤ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਹੋ ਸਕੇ ਹਾਂ।"

ਉਨ੍ਹਾਂ ਕਿਹਾ ਇੱਕ ਚੰਗਾ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਹਾਲ ਦੇ ਦਿਨਾਂ ਵਿੱਚ ਆਪਣੇ ਬੱਚਿਆਂ ਨੂੰ ਜਨਮ ਦੇਣ ਵੇਲੇ ਕੁਝ ਔਰਤਾਂ ਹਸਪਤਾਲ ਆਈਆਂ ਹਨ। ਕਾਦੂਗੋਲਾ ਭਾਈਚਾਰਾ ਦੇ ਮੈਂਬਰ ਹਿੰਦੂ ਧਰਮ ਦਾ ਪਾਲਣ ਕਰਦੇ ਹਨ। ਉਹ ਏਟੱਪਾ ਅਥੇ ਚਿਕੱਨਾ ਦੇਵਤਾ ਦੀ ਪੂਜਾ ਕਰਦੇ ਹਨ। ਗੁੰਡੂਮਾਲਾ ਪਿੰਡ ਦੇ ਸਰਪੰਚ ਚੰਦਰੱਪਾ ਨੇ ਦੱਸਿਆ, "ਉਹ ਇਸ ਖੇਤਰ ਦੇ ਪਿਛੜੇ ਭਾਈਚਾਰੇ ਨਾਲ ਜੁੜੇ ਹਨ ਅਤੇ ਰੱਲਾ, ਮਦਕਾਸੀਰਾ, ਗੁੜਿਬਾਂਦਾ, ਅਮਰਾਪੁਰਮ ਅਤੇ ਅਨੰਤਪੁਰ ਜ਼ਿਲ੍ਹੇ ਦੇ ਅਗਾਲੀ ਮੰਡਲਾਂ ਵਿੱਚ ਫੈਲੇ ਇਸ ਭਾਈਚਾਰੇ ਦੇ ਕੁੱਲ 40 ਹਜ਼ਾਰ ਮੈਂਬਰ ਹਨ।"

## ਅਰੁਣ ਜੇਤਲੀ ਨੇ ਵੀ ਅਰਵਿੰਦ ਕੇਜਰੀਵਾਲ ਨੂੰ ਕੀਤਾ ਮਾਫ਼

ਡਾ. ਕੁਮਾਰ ਵਿਸ਼ਵਾਸ ਨੇ ਹਾਲੇ ਸ੍ਰੀ ਜੇਤਲੀ ਤੋਂ ਮੁਆਫ਼ੀ ਨਹੀਂ ਮੰਗੀ। ਉਨ੍ਹਾਂ ਦੇ ਸਹਾਇਕ ਪ੍ਰਬੁੱਧ ਕੁਮਾਰ ਨੇ ਕਿਹਾ, "ਉਹ (ਵਿਸ਼ਵਾਸ) ਮੁਆਫ਼ੀ ਨਹੀਂ ਮੰਗਣਗੇ ਤੇ ਆਪਣੇ ਖ਼ਿਲਾਫ਼ ਦਾਇਰ ਕੇਸਾਂ ਦਾ ਸਾਹਮਣਾ ਕਰਨਗੇ।" ਸੂਤਰਾਂ ਮੁਤਾਬਕ ਉਹ ਆਪਣੇ ਨਿਜੀ ਵਕੀਲਾਂ ਰਾਹੀਂ ਇਹ ਮੁੱਕਦਮਾ ਜਾਰੀ ਰੱਖਣ ਦੇ ਰੌਂਅ ਵਿੱਚ ਹਨ। ਸ੍ਰੀ ਕੁਮਾਰ ਨੇ ਕਿਹਾ ਕਿ ਸ੍ਰੀ ਕੇਜਰੀਵਾਲ ਤੇ ਅਰੁਣ ਜੇਤਲੀ ਦੇ ਕਰੀਬੀਆਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ ਪਰ ਉਨ੍ਹਾਂ ਮੁਆਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਿਵੇਂ 'ਆਪ' ਵੱਲੋਂ ਆਪਣੇ ਕਨਵੀਨਰ ਤੇ ਹੋਰ ਸੀਨੀਅਰ ਆਗੂਆਂ ਖ਼ਿਲਾਫ਼ ਕੇਸ ਖ਼ਤਮ ਕਰਵਾਏ ਜਾ ਰਹੇ ਹਨ, ਉਵੇਂ ਹੀ ਪਾਰਟੀ ਦੇ ਦੇਸ਼ ਭਰ ਦੇ ਕਾਰਕੁਨਾਂ ਖ਼ਿਲਾਫ਼ ਚੱਲ ਰਹੇ ਕੇਸ ਵੀ ਖ਼ਤਮ ਕਰਵਾਏ ਜਾਣ।

## ਮੈਂ ਮਜੀਠੀਆ ਤੋਂ ਮਾਫ਼ੀ ਨਹੀਂ ਮੰਗਣੀ- ਸੰਜੈ ਸਿੰਘ

ਅੰਮ੍ਰਿਤਸਰ/ਬਿਊਰੋ ਨਿਊਜ਼: ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਕੀਤੇ ਗਏ ਮਾਣਹਾਨੀ ਮਾਮਲੇ ਦੀ ਸੁਣਵਾਈ ਦੌਰਾਨ ਆਮ ਆਦਮੀ ਪਾਰਟੀ ('ਆਪ') ਦੇ ਆਗੂ ਸੰਜੈ ਸਿੰਘ ਨੇ ਸੋਮਵਾਰ ਨੂੰ ਸਥਾਨਕ ਅਦਾਲਤ ਵਿੱਚ ਪੇਸ਼ੀ ਭੁਗਤੀ। ਇਸ ਮੌਕੇ ਉਨ੍ਹਾਂ ਆਖਿਆ ਕਿ ਉਹ ਹੁਣ ਵੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਬੋਲੇ ਗਏ ਸ਼ਬਦਾਂ 'ਤੇ ਦ੍ਰਿੜ੍ਹ ਹਨ। ਅਦਾਲਤ ਵਿੱਚ ਹਾਜ਼ਰ ਹੋਣ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ 'ਆਪ' ਆਗੂ ਨੇ ਆਖਿਆ ਕਿ ਉਨ੍ਹਾਂ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਜੋ ਦੋਸ਼ ਲਾਏ ਸਨ, ਉਹ ਅੱਜ ਵੀ ਉਨ੍ਹਾਂ 'ਤੇ ਕਾਇਮ ਹਨ।

## ਗਦਰੀ ਬਾਬੇ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਹੱਸ ਹੱਸ ਫਾਂਸੀਆਂ ਚੜ੍ਹੇ : ਹਰਸ਼ਿੰਦਰ ਕੌਰ

ਅਤੇ ਭਾਰਤ 'ਚੋ ਉਠੇ ਤੇ ਸ਼ਹੀਦ ਹੋਏ ਜਾਂ ਕੈਦ ਹੋਏ ਉਨ੍ਹਾਂ ਦੇ ਪਰਿਵਾਰਾਂ ਨੇ ਕੀ ਕੀ ਤਕਲੀਫਾ ਝੱਲੀਆਂ। ਉਹ ਸੰਤਾਪ ਉਨ੍ਹਾਂ ਦੀਆਂ ਮਾਵਾਂ ਬੀਵੀਆਂ ਅਤੇ ਬੱਚਿਆਂ ਨੇ ਸਾਰੀ ਉਮਰ ਝੱਲਿਆ ਜਦੋਂ ਕਿ ਉਨ੍ਹਾਂ ਦੀਆਂ ਜਾਇਦਾਦਾਂ ਅਤੇ ਘਰ-ਬਾਰ ਵੀ ਹਾਕਮ ਸਰਕਾਰਾਂ ਵਲੋਂ ਕੁਰਕ ਕਰਕੇ ਨਿਲਾਮ ਕਰ ਦਿਤੇ ਗਏ। ਉਨ੍ਹਾਂ ਪੰਜਾਬੀਆਂ ਨੂੰ ਗਦਰ ਪਾਰਟੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਪੰਜਾਬੀਓ ਤੁਸੀਂ ਸਭ ਕੁਝ ਕਰ ਸਕਦੇ ਹੋ। ਅੱਜ ਇਹ ਦਿਖਾ ਦਿਓ ਕਿ ਤੁਸੀਂ ਬਰਬਾਦ ਹੋ ਰਹੀ ਆਪਣੀ ਮਾਂ ਧਰਤੀ ਨੂੰ ਬਚਾਅ ਸਕਦੇ ਹੋ। ਅੱਜ ਫਿਰ ਇਸ ਧਰਤੀ ਤੋਂ ਉਠ ਕੇ ਆਪਣੀ ਮਾਂ ਧਰਤੀ ਨੂੰ ਬਚਾਉਣ ਲਈ ਅੱਗੇ ਆਓ। ਉਨ੍ਹਾਂ ਇਕ ਬਹੁਤ ਹੀ ਭਾਵਪੂਰਤ ਕਵਿਤਾ ਪੜ੍ਹ ਕੇ ਸਭ ਕੀਲ ਦਿਤਾ। ਉਨ੍ਹਾਂ ਪੰਜਾਬ ਵਿਚ ਯਤੀਮ ਹੋ ਚੁਕੀਆਂ 372 ਧੀਆਂ ਨੂੰ ਪੜ੍ਹਾਉਣ ਵਾਲੇ ਆਪਣੇ 'ਹਰਸ਼ ਟਰਸਟ' ਲਈ ਖੁਲ੍ਹੇ ਦਿਲ ਨਾਲ ਸੇਵਾਵਾਂ ਅਰਪਨ ਕਰਨ ਲਈ ਕਿਹਾ। ਉਨ੍ਹਾਂ ਦੀ ਇਸ ਅਪੀਲ ਦਾ ਸਮੂਹ ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਮਿਲਿਆ।

ਹੇਅਰ ਮੀਡੀਆ ਗਰੁਪ ਦੇ ਸਿਮਰਨ ਹੇਅਰ ਵਲੋਂ ਤਿਆਰ ਕਰਵਾਈ ਛੋਟੀਆਂ ਬੱਚੀਆਂ ਦੀ ਟੀਮ ਨੇ ਬਹੁਤ ਸ਼ਾਨਦਾਰ ਗਿੱਧਾ ਪੇਸ਼ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿਤਾ। ਇਨ੍ਹਾਂ ਬੱਚੀਆਂ ਤੇ ਕੋਚਾਂ ਨੂੰ ਟਰਾਫੀਆਂ ਦੇ ਕੇ ਸਨਮਾਨਿਆ ਗਿਆ। ਜੀ. ਐਚ. ਜੀ. ਸੰਗੀਤ ਅਤੇ ਡਾਂਸ ਅਕੈਡਮੀ ਦੀ ਭੰਗੜਾ ਟੀਮ ਨੇ ਆਪਣੇ ਪੇਸ਼ਕਾਰੀ ਨਾਲ ਅਸ਼ ਅਸ਼ ਕਰਵਾ ਦਿਤੀ। ਪੰਜਾਬੀ ਦੇ ਪ੍ਰਸਿਧ ਲੇਖਕ, ਖੋਜਕਾਰ ਤੇ ਸਾਇੰਸਦਾਨ ਪ੍ਰੋ. ਗੁਰਮੇਲ ਸਿੰਘ ਸਿੱਧੂ ਵਲੋਂ ਸੰਪਾਦਿਤ ਕਿਤਾਬ 'ਭਾਈ ਭਗਵਾਨ ਸਿੰਘ ਪਰੀਤਮ ਦੀ ਸਮੁੱਚੀ ਕਵਿਤਾ' ਸਟੇਜ ਤੋਂ ਬੀਬੀ ਹਰਸ਼ਿੰਦਰ ਕੌਰ ਵਲੋਂ ਰਲੀਜ ਕੀਤੀ ਗਈ। ਇਸ ਕਿਤਾਬ ਦਾ ਖਰਚਾ ਭਾਈ ਭਗਵਾਨ ਸਿੰਘ ਦੇ ਦੋਹਤਰੇ ਸੁਰਿੰਦਰਪਾਲ ਸਿੰਘ ਵਲੋਂ ਸਾਂਭਿਆ ਹੋਇਆ ਸੀ। ਇਸ ਸਮੇ ਹਰਸ਼ਿੰਦਰ ਕੌਰ ਦੀ ਇਕ ਕਿਤਾਬ 'ਸਵਾਲ ਮਾਪਿਆਂ ਦੇ ਜਵਾਬ ਡਾ ਹਰਸ਼ਿੰਦਰ ਕੌਰ ਦੇ' ਵੀ ਰਲੀਜ ਕੀਤੀ ਗਈ।

ਹਰਮਨ ਪਿਆਰੇ ਗਾਇਕ ਜੀਤਾ ਗਿੱਲ ਨੇ ਦੇਸ਼ ਭਗਤੀ ਦੇ ਤਿੰਨ ਗੀਤ ਗਾਏ ਅਤੇ ਉਨਾਂ ਦੀ ਸੁਰੀਲੀ ਬਲੰਦ ਆਵਾਜ ਨੇ ਲੋਕਾਂ ਨੂੰ ਇਕ ਵਾਰ ਫੇਰ ਸਟੇਜ ਨਾਲ ਜੋੜ ਲਿਆ। ਪੱਪੀ ਭਦੌੜ ਨੇ ਵੀ ਇਕ ਸ਼ਾਨਦਾਰ ਗੀਤ ਗਾਇਆ। ਸਕੂਲਾਂ ਕਾਲਜਾਂ ਦੇ 4.0 ਗਰੇਡ ਜਾਂ ਇਸ ਤੋਂ ਵੱਧ ਪ੍ਰਾਪਤੀ ਵਾਲੇ ਵਿਦਿਆਰਥੀਆਂ ਨੂੰ ਹਰ ਸਾਲ ਦੀ ਤਰਾਂ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਕਮਲਜੀਤ ਬੈਨੀਪਾਲ ਨੇ ਪੰਜਾਬ ਦੀ ਯਾਦ ਕਰਵਾਉਦਾ ਇਕ ਗੀਤ ਗਾਇਆ। ਅਖ਼ੀਰ ਵਿਚ ਰਾਜ ਬਰਾੜ ਨੇ ਇਕ ਹੋਰ ਗੀਤ ਗਾ ਕੇ ਪ੍ਰੋਗਰਾਮ ਦੀ ਸੁਰੀਲੀ ਸਮਾਪਤੀ ਕੀਤੀ। ਚਾਹ ਪਕੌੜਿਆਂ ਅਤੇ ਸਮੋਸਿਆਂ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ। ਗਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤਾਂ ਦੀਆਂ ਤਸਵੀਰਾਂ ਦੀ ਪਰਦਰਸ਼ਨੀ ਦੀ ਵੀ ਲੋਕਾਂ ਨੇ ਖ਼ੂਬ ਸ਼ਲਾਘਾ ਕੀਤੀ। ਅਜੀਤ ਸਿੰਘ ਗਿੱਲ ਤੇ ਮੋਗਾ ਵੀਡਿਓ ਦੀ ਸਮੁਚੀ ਟੀਮ, ਹੇਅਰ ਮੀਡੀਆ ਦੇ ਕੁਲਵੀਰ ਸਿੰਘ ਹੇਅਰ ਅਤੇ ਏ ਬੀ 24 ਟੀਵੀ ਦੇ ਸੰਜੀਵ ਭਾਰਦਵਾਜ ਨੇ ਇਸ ਪ੍ਰੋਗਰਾਮ ਨੂੰ ਕੈਮਰਾਬੰਦ ਕਰਨ ਦੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ। ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੇ ਸਮੂ ਭਾਈਚਾਰੇ ਦਾ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ।

## ਪੰਜਾਬੀਆਂ ਹਿਤੈਸ਼ੀਆਂ ਦੀ ਪੋਚਾ ਫੇਰ ਮੁਹਿੰਮ ਦਾ ਮਾਰਚ ਜਾਰੀ

ਲਖਵਿੰਦਰ ਸਿੰਘ ਉਰਫ ਲੱਖਾ ਸਧਾਣਾ ਨੇ ਦੱਸਿਆ ਕਿ ਪੰਜਾਬ ਦੇ ਬਹੁਤੇ ਹਿੱਸਿਆਂ ਵਿੱਚ ਮੁੱਖ ਮਾਰਗਾਂ, ਸਰਕਾਰੀ ਦਫ਼ਤਰਾਂ ਅਤੇ ਹਰ ਪ੍ਰਮੁੱਖ ਥਾਵਾਂ 'ਤੇ ਲੱਗੇ ਹਿੰਦੀ ਅਤੇ ਅੰਗਰੇਜ਼ੀ ਦੇ ਸਾਈਨ ਬੋਰਡਾਂ ਤੇ ਕਾਲਖ ਫ਼ੇਰ ਕੇ ਆਪਣਾ ਵਿਰੋਧ ਪ੍ਰਗਟਾਉਣ ਦੇ ਨਾਲ ਨਾਲ ਪੰਜਾਬ ਸਰਕਾਰ ਨੂੰ ਜਗਾਉਣ ਦਾ ਕੰਮ ਕੀਤਾ ਗਿਆ ਹੈ ਜੋ ਕਿ ਅਗਲੇ 15 ਦਿਨਾਂ ਤੱਕ ਜਾਰੀ ਰਹੇਗਾ।

ਭਵਾਨੀਗੜ੍ਹ/ਬਿਊਰੋ ਨਿਊਜ਼:

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਮਾਂ ਬੋਲੀ ਸਤਿਕਾਰ ਕਮੇਟੀ ਦੇ ਸੂਬਾ ਪ੍ਰਧਾਨ ਲੱਖਾ ਸਿੰਘ ਸਧਾਣਾ ਦੀ ਅਗਵਾਈ ਹੇਠ ਅੱਜ ਭਵਾਨੀਗੜ੍ਹ ਬਲਾਕ ਅੰਦਰ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇਅ ਉੱਤੇ ਲੱਗੇ ਬੋਰਡਾਂ ਤੋਂ ਅੰਗਰੇਜ਼ੀ ਦੇ ਲਿਖੇ ਨਾਵਾਂ ਉੱਤੇ ਕਾਲੇ ਰੰਗ ਨਾਲ ਪੋਚਾ ਫੇਰ ਦਿੱਤਾ ਗਿਆ। ਇਸ ਮੌਕੇ ਲੱਖਾ ਸਿੰਘ ਸਧਾਣਾ ਅਤੇ ਸ਼੍ਰੋਮਸੀ ਅਕਾਲੀ ਦਲ (ਮਾਨ) ਦੇ ਆਗੂ ਰਜਿੰਦਰ ਸਿੰਘ ਛੰਨਾ ਨੇ ਕਿਹਾ ਕਿ ਪੰਜਾਬ ਅੰਦਰ ਨੈਸ਼ਨਲ ਹਾਈਵੇਜ਼ ਉੱਤੇ ਲਗਾਏ ਸੰਕੇਤਕ ਬੋਰਡਾਂ ਉੱਤੇ ਸਭ ਤੋਂ ਉਪਰ ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਹਿੰਦੀ ਭਾਸ਼ਾ ਵਿੱਚ ਨਾਮ ਲਿਖਕੇ ਸਾਡੀ ਮਾਂ ਬੋਲੀ ਪੰਜਾਬੀ ਨਾਲ ਵਿਤਕਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬੋਰਡਾਂ ਉੱਤੇ ਸਭ ਤੋਂ ਉੱਤੇ ਪੰਜਾਬੀ ਭਾਸ਼ਾ ਵਿੱਚ ਲਿਖਿਆ ਹੋਣਾ ਚਾਹੀਦਾ ਹੈ, ਦੂਜੀਆਂ ਭਾਸ਼ਾਵਾਂ ਵਿੱਚ ਨਾਮ ਹੇਠਾਂ ਲਿਖੇ ਜਾਣ। ਉਨ੍ਹਾਂ ਕਿਹਾ ਕਿ ਅਸਲ ਵਿੱਚ ਜਿਸ ਵੀ ਸੂਬੇ ਵਿੱਚੋਂ ਦੀ ਕੋਈ ਨੈਸ਼ਨਲ ਹਾਈਵੇਅ ਲੰਘਦੀ ਹੋਵੇ ਤਾਂ ਸਭ ਤੋਂ ਉੱਤੇ ਸਬੰਧਤ ਸੂਬੇ ਦੀ ਭਾਸ਼ਾ ਵਿੱਚ ਹੀ ਨਾਮ ਲਿਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿੱਚ ਸਮੂਹ ਪੰਜਾਬੀ ਪ੍ਰੇਮੀਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।



$ 1,840,800





Situated on a cul-de-sac, in the heart of Blackhawk near the Blackhawk Country Club. This exquisite gem features 4 bedrooms plus an office, 2.5 bathrooms, and approx. 3,477 square feet on 0.39 acres. Stunning Hardwood floors on the main level, bedrooms on the upper level and all of the entertainment capabilities you'd come to expect in this refined estate.



BERKSHIRE HATHAWAY HomeServices | Drysdale Properties

**Contact Priti Singh for further details and an appointment for a private tour.**

# Priti Singh

**CA BRE Licence #02024721 (925) 999-0823**

info@pritisingh.com

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143

## ਖ਼ਾਲਸਾ ਸਾਜਨਾ ਦਿਵਸ ਸਮਾਗਮ

## 20 ਅਪ੍ਰੈਲ 2018 ਤੋਂ 22 ਅਪ੍ਰੈਲ 2018 ਤੱਕ



ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ)



ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ)



ਗਿਆਨੀ ਸ਼ੇਰ ਸਿੰਘ



ਭਾਈ ਸੁੱਖਾ ਸਿੰਘ



ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ (ਕਵੀਸ਼ਰੀ ਜਥਾ)

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ
ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਜ ਜੀ, ਇੰਡਿਆਨਾ ਵਿਖੇ ਤਿੰਨ ਰੋਜ਼ਾ 'ਖਾਲਸਾ ਸਾਜਨਾ ਦਿਵਸ' ਸਮਾਗਮ 20 ਅਪ੍ਰੈਲ ਤੋਂ 22 ਅਪ੍ਰੈਲ 2018 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗਿਆਨੀ ਭੁਪਿੰਦਰ ਸਿੰਘ ਜੀ



ਭਾਈ ਸਾਹਿਬ ਸਿੰਘ ਜੀ

### ਪ੍ਰੋਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**21 ਅਪਰੈਲ 2018, ਸ਼ਨਿੱਚਰਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**22 ਅਪਰੈਲ 2018, ਐਤਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਦੁਪਹਿਰ ਦਾ ਦੀਵਾਨ : ਸਵੇਰੇ 11:30 ਤੋਂ 3:00 ਵਜੇ ਤੱਕ



**ਅੰਮ੍ਰਿਤ ਸੰਚਾਰ**
AMRIT SANCHAR
21 ਅਪਰੈਲ 2018
ਸ਼ਨਿੱਚਰਵਾਰ
ਸਵੇਰੇ 11:00 ਵਜੇ

**ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :**

ਭਾਈ ਗੁਰਪ੍ਰੀਤ ਸਿੰਘ
317-476-4038

ਭਾਈ ਜਸਦੀਪ ਸਿੰਘ
317-560-0019

ਭਾਈ ਸਤਨਾਮ ਸਿੰਘ
317-403-8344

## GURDWARA SHRI GURU HARGOBIND SAHIB JI

**1050 S. GRAHAM RD. GREENWOOD, IN 46143**



PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDCtv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com